Punjabi Parwaz

# ਪੰਜਾਬੀ ਪਰਵਾਜ਼

ਅੰਕ 15ਵਾਂ (ਸ਼ਿਕਾਗੋ): 9 ਦਸੰਬਰ ਤੋਂ 22 ਦਸੰਬਰ 2023 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਲੋਕ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਭਾਜਪਾ ਮਜ਼ਬੂਤ ਹੋਈ

## ਛਤੀਸਗੜ੍ਹ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਭਾਜਪਾ ਅਤੇ ਤਿਲੰਗਾਨਾ ‘ਚ ਕਾਂਗਰਸ ਤੇ ਮਨੀਪੁਰ ‘ਚ ਜ਼ੈਡ.ਪੀ.ਐਮ. ਨੂੰ ਮਿਲੀ ਸਫਲਤਾ

**ਜਸਵੀਰ ਸਿੰਘ ਸ਼ੀਰੀ**



ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਵਿੱਚ ਅਸੈਂਬਲੀ ਚੋਣਾਂ ਜਿੱਤ ਕੇ ਭਾਰਤੀ ਜਨਤਾ ਪਾਰਟੀ ਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵੱਲ ਮਜ਼ਬੂਤੀ ਨਾਲ ਕਦਮ ਵਧਾ ਦਿੱਤੇ ਹਨ। ਕਾਂਗਰਸ ਪਾਰਟੀ ਦੇ ਲਈ ਇਹ ਦੂਹਰੀ ਮਾਰ ਹੈ, ਇੱਕ ਪਾਸੇ ਤਾਂ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਿੱਚ ਜਿੱਤ ਦੀ ਦਾਅਵੇਦਾਰੀ ਕਮਜ਼ੋਰ ਹੋ ਗਈ ਹੈ, ਦੂਜੇ ਪਾਸੇ ਉਸ ਦੇ ਹੱਥੋਂ ਛਤੀਸਗੜ੍ਹ ਅਤੇ ਰਾਜਸਥਾਨ ਜਿਹੇ ਦੋ ਮਜ਼ਬੂਤ ਗੜ੍ਹ ਵੀ ਨਿਕਲ ਗਏ ਹਨ। ਚਾਰ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਵੱਖ-ਵੱਖ ਚੈਨਲਾਂ ਵੱਲੋਂ ਚੋਣ ਨਤੀਜਿਆਂ ਦੇ ਸਬੰਧ ਵਿੱਚ ਲਗਾਏ ਗਏ ਅੰਦਾਜ਼ਿਆਂ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ, ਜਿਹੜੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਅਤੇ ਭਾਜਪਾ ਵਿੱਚ ਲਾਗੇ ਚਾਗੇ ਦੀ ਟੱਕਰ ਵੇਖ ਰਹੇ ਸਨ। ਜਦੋਂਕਿ ਛਤੀਸਗੜ੍ਹ ਵਿੱਚ ਕਾਂਗਰਸ ਪਾਰਟੀ ਜਿੱਤਦੀ ਵਿਖਾ ਰਹੇ ਸਨ। ਇੱਕ ਮਾਤਰ ਤਿਲੰਗਾਨਾ ਰਾਜ ਹੈ, ਜਿੱਥੇ ਕਾਂਗਰਸ ਪਾਰਟੀ ਉਥੋਂ ਦੀ ਖੇਤਰੀ ਪਾਰਟੀ ਬੀ.(ਟੀ).ਆਰ.ਐਸ. ਨੂੰ ਮਾਤ ਦੇਣ ਵਿੱਚ ਸਫਲ ਹੋਈ ਹੈ ਅਤੇ ਭਾਜਪਾ ਦੀ ਕਾਰਗੁਜ਼ਾਰੀ ਇੱਥੇ ਬਹੁਤੀ ਚੰਗੀ ਨਹੀਂ ਰਹੀ।

ਮੱਧ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਅਣਕਿਆਸੀ ਜਿੱਤ ਹਾਸਲ ਕਰਨ ਵਿੱਚ ਕਾਮਯਾਬ ਰਹੀ। ਉਸ ਨੇ 230 ਸੀਟਾਂ ਵਾਲੀ ਰਾਜ ਅਸੈਂਬਲੀ ਵਿੱਚ 163 ਸੀਟਾਂ ਹਾਸਲ ਕੀਤੀਆਂ ਹਨ, ਜਦਕਿ ਕਾਂਗਰਸ ਪਾਰਟੀ ਸਿਰਫ 66 ਸੀਟਾਂ ਹਾਸਲ ਕਰ ਸਕੀ ਹੈ। ਜਿੱਥੋਂ ਤੱਕ ਵੋਟ ਸ਼ੇਅਰ ਦਾ ਸਬੰਧ ਹੈ, ਭਾਰਤੀ ਜਨਤਾ ਪਾਰਟੀ ਲਗਪਗ 9% ਵੋਟ ਸ਼ੇਅਰ ਵਧਾਉਣ ਵਿੱਚ ਕਾਮਯਾਬ ਰਹੀ। ਭਾਰਤੀ ਜਨਤਾ ਪਾਰਟੀ ਨੂੰ ਕੁੱਲ 49 ਫੀਸਦੀ ਦੇ ਕਰੀਬ ਵੋਟ ਮਿਲੇ ਹਨ, ਜਦਕਿ ਕਾਂਗਰਸ ਨੂੰ 41 ਫੀਸਦੀ ਦੇ ਕਰੀਬ ਵੋਟ ਪ੍ਰਾਪਤ ਹੋਏ ਹਨ। ਹੋਰਨਾਂ ਪਾਰਟੀਆਂ ਨੇ 6 ਫੀਸਦੀ ਵੋਟ ਨਾਲ ਮੱਧ ਪ੍ਰਦੇਸ਼ ਵਿੱਚ ਇੱਕ ਸੀਟ ਹਾਸਲ ਕੀਤੀ ਹੈ।

ਕੁੱਲ 199 ਸੀਟਾਂ ਵਾਲੀ ਰਾਜਸਥਾਨ ਅਸੈਂਬਲੀ ਵਿੱਚ ਭਾਰਤੀ ਜਨਤਾ ਪਾਰਟੀ ਨੇ 115 ਸੀਟਾਂ ਹਾਸਲ ਕਰਕੇ ਸਪਸ਼ਟ ਬਹੁਮਤ ਹਾਸਲ ਕਰ ਲਿਆ ਹੈ। ਛੋਟੀਆਂ ਪਾਰਟੀਆਂ ਅਤੇ ਆਜ਼ਾਦ ਰਲ ਕੇ 13 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੇ ਹਨ। ਬਹੁਜਨ ਸਮਾਜ ਪਾਰਟੀ ਨੇ ਰਾਜਸਥਾਨ ਵਿੱਚ ਦੋ ਸੀਟਾਂ ਹਾਸਲ ਕੀਤੀਆਂ ਹਨ। ਛਤੀਸਗੜ੍ਹ ਵਿੱਚ ਭਾਰਤੀ ਜਨਤਾ ਪਾਰਟੀ ਨੇ 46 ਫੀਸਦੀ ਵੋਟ ਸ਼ੇਅਰ ਨਾਲ 54 ਸੀਟਾਂ ‘ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਕਾਂਗਰਸ ਨੂੰ 42 ਫੀਸਦੀ ਵੋਟ ਸ਼ੇਅਰ ਨਾਲ 35 ਸੀਟਾਂ ਮਿਲੀਆਂ ਹਨ। ਇੱਕ ਸੀਟ ਕਿਸੇ ਛੋਟੀ ਪਾਰਟੀ ਨੇ ਹਾਸਲ ਕੀਤੀ ਹੈ।

ਜਿੱਤਣ ਵਾਲੇ ਤਿੰਨਾਂ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਸਪਸ਼ਟ ਬਹੁਮਤ ਹਾਸਲ ਕੀਤਾ ਹੈ। ਮੱਧ ਪ੍ਰਦੇਸ਼ ਅਸੈਂਬਲੀ ਵਿੱਚ ਬਹੁਮਤ ਲਈ 116 ਸੀਟਾਂ ਦੀ ਲੋੜ ਸੀ। ਇਸੇ ਤਰ੍ਹਾਂ ਰਾਜਸਥਾਨ ਅਤੇ ਛਤੀਸਗੜ੍ਹ ਵਿੱਚ ਕਰਮਵਾਰ 100 ਅਤੇ 46 ਸੀਟਾਂ ਬਹੁਮਤ ਲਈ ਚਾਹੀਦੀਆਂ ਸਨ। ਤਿਲੰਗਾਨਾ ਵਿੱਚ ਕਾਂਗਰਸ ਨੂੰ ਬਹੁਮਤ ਲਈ 60 ਸੀਟਾਂ ਦੀ ਲੋੜ ਸੀ, ਜਦਕਿ ਉਸ ਨੇ 64 ਸੀਟਾਂ ਹਾਸਲ ਕਰ ਲਈਆਂ ਹਨ। ਇੰਝ ਇਨ੍ਹਾਂ ਚਾਰਾਂ ਰਾਜਾਂ ਦੇ ਲੋਕਾਂ ਨੇ ਜਿੱਤਣ ਵਾਲੀਆਂ ਪਾਰਟੀਆਂ ਦੇ ਹੱਕ ਵਿੱਚ ਸਪਸ਼ਟ ਬਹੁਮਤ ਦਿੱਤਾ ਹੈ।

ਚੋਣ ਨਤੀਜਿਆਂ ਤੋਂ ਬਾਅਦ ਗਦ-ਗਦ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਤਿੰਨ ਸੂਬਿਆਂ ਵਿੱਚ ਲਗਾਈ ਗਈ ਜਿੱਤ ਦੀ ਹੈਟ੍ਰਿਕ 2024 ਵਾਲੀ ਹੈਟ੍ਰਿਕ ਦੀ ਗਾਰੰਟੀ ਹੈ। ਨਵੀਂ ਦਿੱਲੀ ਵਿਖੇ ਭਾਜਪਾ ਹੈਡ ਕੁਆਰਟਰ ‘ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ, ‘ਅਬ ਕੀ ਬਾਰ 400 ਪਾਰ।’

ਉਧਰ ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਤਿੰਨ ਰਾਜਾਂ ਵਿੱਚ ਸਾਡੀ ਕਾਰਗੁਜ਼ਾਰੀ ਮਾੜੀ ਰਹੀ ਹੈ, ਪਰ ਅਸੀਂ ਵਾਅਦਾ ਕਰਦੇ ਹਾਂ ਕਿ ਜਲਦੀ ਮੁੜ ਉਭਰਨ ਦਾ ਯਤਨ ਕਰਾਂਗੇ। ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਤਿੰਨ ਰਾਜਾਂ ਵਿੱਚ ਹਾਰ ਨੂੰ ਨਿਮਰਤਾ ਨਾਲ ਕਬੂਲ ਕਰਦੇ ਹਾਂ, ਪਰ ਭਾਜਪਾ ਦੇ ਖਿਲਾਫ ਵਿਚਾਰਧਾਰਕ ਲੜਾਈ

⇒ ਬਾਕੀ ਸਫਾ 3 ਉਤੇ ਪੜ੍ਹੋ

## ਭਾਰਤੀ ਸੰਸਦ ਦਾ ਸਰਦ ਰੁੱਤ ਸੈਸ਼ਨ ਆਰੰਭ

ਭਾਰਤੀ ਸੰਸਦ ਦਾ ਸਰਦ ਰੁੱਤ ਸੈਸ਼ਨ ਆਰੰਭ ਹੋ ਗਿਆ ਹੈ। ਹਰੇਕ ਸੈਸ਼ਨ ਤੋਂ ਪਹਿਲਾਂ ਹੋਣ ਵਾਲੀ ਸਰਬ ਪਾਰਟੀ ਮੀਟਿੰਗ ਇਸ ਵਾਰ ਵੀ ਹੋਈ। ਇਸ ਬੈਠਕ ਵਿੱਚ ਇੱਕ ਪਾਸੇ ਤਾਂ ਹਾਕਮ ਧਿਰ ਵੱਲੋਂ ਇਹ ਕਿਹਾ ਗਿਆ ਕਿ ਉਹ ਸਾਰੇ ਵਿਸ਼ਿਆਂ ‘ਤੇ ਚਰਚਾ ਲਈ ਤਿਆਰ ਹੈ, ਉਥੇ ਹੀ ਵਿਰੋਧੀ ਧਿਰ ਨੇ ਇਸ ਪੱਖ ‘ਤੇ ਜ਼ੋਰ ਦਿੱਤਾ ਕਿ ਮਹੱਤਵਪੂਰਨ ਮੁੱਦਿਆਂ ‘ਤੇ ਚਰਚਾ ਲਾਜ਼ਮੀ ਹੋਣੀ ਚਾਹੀਦੀ ਹੈ। ਇਸ ਸਰਦ ਰੁੱਤ ਇਜਲਾਸ ਵਿੱਚ ਪ੍ਰਸਤਾਵਿਤ ਬਿਲ ਪਾਸ ਹੋ ਸਕਣਗੇ ਜਾਂ ਨਹੀਂ ਅਤੇ ਵੱਖ ਵੱਖ ਵਿਸ਼ਿਆਂ ‘ਤੇ ਕੋਈ ਸਾਰਥਕ ਬਹਿਸ ਹੋ ਸਕੇਗੀ ਜਾਂ ਨਹੀਂ, ਇਸ ਦਾ ਪਤਾ ਲੋਕ ਸਭਾ ਅਤੇ ਰਾਜ ਸਭਾ ਦੀ ਅਗਲੇ ਦਿਨਾਂ ਵਿੱਚ ਹੋਣ ਵਾਲੀ ਕਾਰਵਾਈ ਵਿੱਚ ਲੱਗੇਗਾ। ਆਮ ਤੌਰ ‘ਤੇ ਹੁੰਦਾ ਇਹ ਹੈ ਕਿ ਸੰਸਦੀ ਕਾਰਵਾਈ ਦਾ ਬਹੁਤਾ ਸਮਾਂ ਰੱਟੇ ਵਾਲੇ ਮੁੱਦਿਆਂ ਨੂੰ ਲੈ ਕੇ ਹੰਗਾਮਿਆਂ ਦੀ ਭੇਟ ਚੜ੍ਹ ਜਾਂਦਾ ਹੈ। ਸਰਦ ਰੁੱਤ ਦੇ ਇਜਲਾਸ ਤੋਂ ਪਹਿਲਾਂ ਹੋਈ ਸਰਬ ਪਾਰਟੀ ਮੀਟਿੰਗ ਵਿੱਚ ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਸਰਕਾਰ ਸਾਰੇ ਮੁੱਦਿਆਂ ‘ਤੇ ਬਹਿਸ ਕਰਨ ਲਈ ਤਿਆਰ ਹੈ, ਪਰ ਵਿਰੋਧੀ ਧਿਰ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਚਰਚਾਵਾਂ ਲਈ ਪੂਰਾ ਮਾਹੌਲ ਬਣੇ।


ਲਗਦਾ ਹੈ ਇਸ ਵਾਰ ਵੀ ਸੱਤਾਧਾਰੀ ਧਿਰ ਨੂੰ ਖਦਸ਼ਾ ਹੈ ਕਿ ਵਿਰੋਧੀ ਧਿਰ ਕਿਸੇ ਨਾ ਕਿਸੇ ਮੁੱਦੇ ਨੂੰ ਲੈ ਕੇ ਹੰਗਾਮੇ ਖੜ੍ਹੇ ਕਰਨ ਦਾ ਯਤਨ ਕਰੇਗੀ। ਯਾਦ ਰਹੇ, ਸੰਸਦ ਦੇ ਪਿਛਲੇ ਇਜਲਾਸ ਵਿੱਚ ਵੱਡੇ ਹੰਗਾਮੇ ਹੋਏ ਸਨ। ਅੜਿਕਾ ਪੈਣ ਦੇ ਖਦਸ਼ੇ ਦਾ ਇੱਕ ਕਾਰਨ ਇਹ ਵੀ ਹੈ ਕਿ ਲੋਕ ਸਭਾ ਚੋਣਾਂ ਨੇੜੇ ਢੁੱਕ ਰਹੀਆਂ ਹਨ। ਅਸਲ ਵਿੱਚ ਭਾਰਤੀ ਸੰਸਦ ਵਿੱਚ ਵੱਖ-ਵੱਖ ਪਾਰਟੀਆਂ ਦੇ ਆਪਸੀ ਵਿਚਾਰ-ਵਟਾਂਦਰੇ ਦਾ ਪੱਧਰ ਹਾਲੇ ਵੀ ਖਰੇ ਜਮਹੂਰੀ ਮਿਆਰਾਂ ਦੇ ਅਨੁਕੂਲ ਨਹੀਂ ਹੋ ਸਕਿਆ। ਅਸੀਂ ਹਾਲੇ ਵੀ ਜਮਹੂਰੀ ਪ੍ਰਕਿਰਿਆ ਦੇ ਸਿਖਾਂਦਰੂ ਹੀ ਹਾਂ। ਪਿਛਲੀ ਵਾਰ ਦੇ ਹੰਗਾਮੇ ਸ਼ਾਇਦ ਇਸ ਕਰਕੇ ਸਨ ਕਿ ਪੰਜ ਰਾਜਾਂ ਦੀਆਂ ਚੋਣਾਂ ਨੇੜੇ ਆ ਰਹੀਆਂ ਸਨ। ਹੁਣ ਲੋਕ ਸਭਾ ਚੋਣਾਂ ਦਾ ਮੁੱਦਾ ਸਾਰੀਆਂ ਪਾਰਟੀਆਂ ਦੇ ਏਜੰਡੇ ‘ਤੇ ਹੈ। ਪਿਛਲੇ ਸੰਸਦੀ ਇਜਲਾਸ ਵਿੱਚ ਮਨੀਪੁਰ ਨੂੰ ਲੈ

⇒ ਬਾਕੀ ਸਫਾ 3 ਉਤੇ ਪੜ੍ਹੋ

Maaco
COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing

252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel



Rajveer S. Gill
847-907-1525
773-517-0574
www.RegalJewels.com


# ਝਿਜਕੋ ਤੇ ਡਰੋ ਨਾ ! ਨਫਰਤੀ ਅਪਰਾਧ ਬਾਰੇ ਰਿਪੋਰਟ ਕਰੋ

**ਸ਼ਿਕਾਗੋ:** ਅਮਰੀਕਾ ਵਿੱਚ "ਨਫਰਤ ਦੇ ਖਿਲਾਫ ਇੱਕਜੁੱਟਤਾ" ਤਹਿਤ ਨਫਰਤੀ ਅਪਰਾਧਾਂ ਨਾਲ ਕਿਵੇਂ ਨਜਿੱਠਣਾ ਹੈ ਅਤੇ ਨਫਰਤੀ ਅਪਰਾਧ ਦੀ ਦਰਪੇਸ਼ ਸਮੱਸਿਆ ਸਮੇਂ ਨਫਰਤ ਵਿਰੋਧੀ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਕਿਵੇਂ ਰਾਬਤਾ ਬਣਾਉਣਾ ਹੈ? ਆਦਿ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲੰਘੇ ਸਨਿਚਰਵਾਰ ਸ਼ਾਮ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਕਰਵਾਇਆ ਗਿਆ। ਇਸ

**ਕੁਲਜੀਤ ਦਿਆਲਪੁਰੀ**

ਮੌਕੇ ਯੂ.ਐਸ. ਅਟਾਰਨੀ ਦੇ ਨਾਰਦਰਨ ਡਿਸਟ੍ਰਿਕਟ ਆਫ ਇਲੀਨਾਏ ਦਫਤਰ ਤੋਂ ਕ੍ਰਿਸਟੋਫਰ ਵੀਚ; ਐਫ.ਬੀ.ਆਈ. ਵੱਲੋਂ ਐਚਲ ਬ੍ਰਾਇਨ ਜੇ., ਸ਼ੈਲੀ ਗ੍ਰੀਜ਼ ਤੇ ਜੌਹਨ ਮਰੋਜ਼ਕਜ਼ਾਕ; ਕੁਕ ਕਾਉਂਟੀ ਸਟੇਟਸ ਅਟਾਰਨੀ ਦਫਤਰ ਤੋਂ ਡੇਵਿਡ ਵਿਲੀਅਮਜ਼; ਪੈਲਾਟਾਈਨ ਪੁਲਿਸ ਡਿਪਾਰਟਮੈਂਟ ਤੋਂ ਅਫਸਰ ਟਾਈਲਰ ਗ੍ਰੇਟਜ਼ ਤੇ ਜਾਸੂਸ ਜੈਫ ਬ੍ਰਾਊਨ ਅਤੇ ਐਂਟੀ ਡੈਫਾਮੇਸ਼ਨ ਲੀਗ (ਏ.ਡੀ.ਐਲ.) ਦੇ ਨੁਮਾਇੰਦਿਆਂ-ਸ਼ਰਨ ਕੌਰ ਸਿੰਘ ਤੇ ਗੋਮੇਜ਼ ਐਂਟੋਨੀਓ ਨੇ ਨਫਰਤੀ ਅਪਰਾਧਾਂ ਨਾਲ ਨਜਿੱਠਣ ਸਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਨਫਰਤੀ ਅਪਰਾਧ ਦੀ ਪਛਾਣ ਕਰਨ ਅਤੇ ਉਸ ਸਬੰਧੀ ਰਿਪੋਰਟ ਦੀ ਮਹੱਤਤਾ ਉੱਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਚੰਗੇ ਲਈ ਨਫ਼ਰਤ ਨਾਲ ਲੜਨਾ, ਲੋਕਾਂ ਦੀ ਮਾਣਹਾਨੀ ਨੂੰ ਰੋਕਣਾ ਅਤੇ ਸਾਰਿਆਂ ਨਾਲ ਨਿਆਂ ਤੇ ਨਿਰਪੱਖ ਵਿਹਾਰ ਨੂੰ ਸੁਰੱਖਿਅਤ ਕਰਨਾ ਟੀਚਾ ਹੈ।

ਸੈਮੀਨਾਰ ਦੌਰਾਨ ਨਫਰਤ ਦੀਆਂ ਕਾਰਵਾਈਆਂ ਨੂੰ ਰੋਕਣ ਦੀ ਰਣਨੀਤੀ ਬਾਰੇ ਚਰਚਾ ਕਰਨ ਦੇ ਨਾਲ ਨਾਲ ਸੰਗਤ ਨੂੰ ਸੁਚੇਤ ਕੀਤਾ ਗਿਆ ਕਿ ਨਫਰਤੀ ਅਪਰਾਧ ਦੀ ਦਰਪੇਸ਼ ਚੁਣੌਤੀ ਸਮੇਂ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਇਸ ਦੀ ਬੇਝਿਜਕ ਰਿਪੋਰਟ ਕਿਵੇਂ ਅਤੇ ਕਿਸ ਨੂੰ ਕਰਨੀ ਹੈ! ਰਿਪੋਰਟ ਮਿਲਣ 'ਤੇ ਨਫ਼ਰਤੀ ਅਪਰਾਧਾਂ ਵਿਰੁੱਧ ਐਫ.ਬੀ.ਆਈ. ਸਮੇਤ ਪੁਲਿਸ ਵਿਭਾਗ ਤੇ ਹੋਰ ਸੁਰੱਖਿਆ ਏਜੰਸੀਆਂ ਦੀ ਭੂਮਿਕਾ ਬਾਰੇ ਸੰਗਤ ਨੂੰ ਵਿਸਥਾਰ ਨਾਲ ਦੱਸਿਆ ਗਿਆ। ਦੱਸਿਆ ਗਿਆ ਕਿ ਐਫ.ਬੀ.ਆਈ. ਇੱਕ ਪ੍ਰਾਇਮਰੀ ਸੰਘੀ ਏਜੰਸੀ ਹੈ, ਜੋ ਸੰਘੀ ਨਾਗਰਿਕ ਅਧਿਕਾਰਾਂ ਦੇ ਨਿਯਮਾਂ ਦੀ ਉਲੰਘਣਾ ਦੇ ਸਬੰਧ ਵਿੱਚ ਸਾਰੇ ਦੋਸ਼ਾਂ ਦੀ ਜਾਂਚ ਕਰਦੀ ਹੈ। ਸਿਵਲ ਰਾਈਟਸ ਪ੍ਰੋਗਰਾਮ ਨੂੰ ਤਿੰਨ ਉਪ-ਪ੍ਰੋਗਰਾਮਾਂ ਵਿੱਚ ਵੰਡਿਆ ਗਿਆ ਹੈ: ਅਪਰਾਧ, ਕਾਨੂੰਨ ਦੀ ਉਲੰਘਣਾ ਦਾ ਰੰਗ (ਕਿਸਮ) ਅਤੇ ਕਲਿਨਿਕ ਐਨ ਟਰਾਂਸ (FACE) ਐਕਟ ਤੱਕ ਪਹੁੰਚ ਦੀ ਆਜ਼ਾਦੀ।






ਖਦਸ਼ਾ ਪ੍ਰਗਟਾਇਆ ਗਿਆ ਕਿ ਨਫ਼ਰਤੀ ਕਿਸਮ ਦੇ ਅਪਰਾਧ ਪਰਿਵਾਰਾਂ ਅਤੇ ਭਾਈਚਾਰਿਆਂ 'ਤੇ ਕਦੇ ਵੀ ਤੇ ਕਿਤੇ ਵੀ ਹੋ ਸਕਦੇ ਹਨ ਅਤੇ ਇਸ ਲਈ ਸੁਚੇਤ ਹੋ ਕੇ ਕਿਸੇ ਵੀ ਕਿਸਮ ਦੇ ਨਫ਼ਰਤੀ ਅਪਰਾਧ ਦੀ ਸੂਚਨਾ ਸੁਰੱਖਿਆ ਏਜੰਸੀਆਂ ਨੂੰ ਦੇਣ ਤੋਂ ਹਿਚਕਚਾਹਟ ਨਹੀਂ ਕਰਨੀ ਚਾਹੀਦੀ। ਜ਼ਿਕਰਯੋਗ ਹੈ ਕਿ ਨਫ਼ਰਤੀ ਅਪਰਾਧ ਦੀ ਪਰਿਭਾਸ਼ਾ "ਕਿਸੇ ਵਿਅਕਤੀ ਜਾਂ ਸੰਪੱਤੀ ਦੇ ਵਿਰੁੱਧ ਇੱਕ ਸਜ਼ਾਯੋਗ ਅਪਰਾਧ ਹੈ, ਜੋ ਕਿਸੇ ਨਸਲ, ਧਰਮ, ਅਪਾਹਜਤਾ, ਨਸਲੀ/ਰਾਸ਼ਟਰੀ ਮੂਲ, ਜਿਨਸੀ ਰੁਝਾਨ, ਲਿੰਗ ਪਛਾਣ ਆਦਿ ਦੇ ਵਿਰੁੱਧ ਵਿਅਕਤੀ ਦੇ ਪੱਖਪਾਤ ਦੁਆਰਾ ਪ੍ਰੇਰਿਤ ਹੈ।"

ਦੱਸਿਆ ਗਿਆ ਕਿ ਐਫ.ਬੀ.ਆਈ. ਹਰ ਸਾਲ ਸੈਂਕੜੇ ਨਫ਼ਰਤੀ ਅਪਰਾਧਾਂ ਦੀ ਜਾਂਚ ਕਰਦੀ ਹੈ ਅਤੇ ਕਾਨੂੰਨ ਲਾਗੂ ਕਰਨ ਲਈ ਸਹਾਇਤਾ, ਸਿਖਲਾਈ, ਜਨਤਕ ਪਹੁੰਚ ਅਤੇ ਬਹੁਤ ਸਾਰੇ ਭਾਈਚਾਰਕ ਸਮੂਹਾਂ ਨਾਲ ਸਾਂਝੇਦਾਰੀ ਰਾਹੀਂ ਹੋਰ ਘਟਨਾਵਾਂ ਦਾ ਪਤਾ ਲਗਾਉਣ ਤੇ ਰੋਕਣ ਲਈ ਕੰਮ ਕਰਦੀ ਹੈ।

ਬੁਲਾਰਿਆਂ ਅਨੁਸਾਰ ਨਫ਼ਰਤੀ ਅਪਰਾਧਾਂ ਦੀ ਜਾਂਚ ਵਿੱਚ ਰਾਜ/ਸਥਾਨਕ ਅਥਾਰਟੀਆਂ ਮਿਲ ਕੇ ਕੰਮ ਕਰਦੀਆਂ ਹਨ, ਜਦਕਿ ਐਫ.ਬੀ.ਆਈ. ਸਰੋਤ ਫੋਰੈਂਸਿਕ ਮੁਹਾਰਤ ਤੇ ਪਛਾਣ ਵਿੱਚ ਅਨੁਭਵ ਅਤੇ ਨਫ਼ਰਤ-ਆਧਾਰਤ ਪ੍ਰੇਰਣਾਵਾਂ ਦੇ ਸਬੂਤ ਅਕਸਰ ਸਥਾਨਕ ਕਾਨੂੰਨ ਲਾਗੂ ਕਰਨ ਲਈ ਅਹਿਮ ਵਜੋਂ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਐਫ.ਬੀ.ਆਈ. ਸੰਘੀ ਤੇ ਸਥਾਨਕ ਕਾਨੂੰਨ ਲਾਗੂ ਕਰਨ, ਘੱਟ ਗਿਣਤੀ ਤੇ ਧਾਰਮਿਕ ਸੰਸਥਾਵਾਂ ਅਤੇ ਭਾਈਚਾਰਕ ਸਮੂਹਾਂ ਲਈ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਨਾਗਰਿਕ ਅਧਿਕਾਰਾਂ ਦੇ ਕਾਨੂੰਨਾਂ ਬਾਰੇ ਸਿੱਖਿਆ ਪ੍ਰਦਾਨ ਕਰਨ ਲਈ ਸਾਲਾਨਾ ਸੈਂਕੜੇ ਸੈਮੀਨਾਰ, ਵਰਕਸ਼ਾਪਾਂ ਅਤੇ ਸਿਖਲਾਈ ਸੈਸ਼ਨਾਂ ਦਾ ਆਯੋਜਨ ਕਰਦੀ ਹੈ। ਹਰ ਸਾਲ, ਐਫ.ਬੀ.ਆਈ. ਦੁਨੀਆ ਭਰ ਵਿੱਚ ਨਵੇਂ ਏਜੰਟਾਂ, ਸੈਂਕੜੇ ਮੌਜੂਦਾ ਏਜੰਟਾਂ ਅਤੇ ਹਜ਼ਾਰਾਂ ਪੁਲਿਸ ਅਧਿਕਾਰੀਆਂ ਲਈ ਨਫ਼ਰਤੀ ਅਪਰਾਧਾਂ ਦੀ ਸਿਖਲਾਈ ਵੀ ਪ੍ਰਦਾਨ ਕਰਦੀ ਹੈ।

ਨਫ਼ਰਤੀ ਅਪਰਾਧਾਂ ਨੂੰ ਨਕੇਲ ਪਾਉਣ ਲਈ ਐਫ.ਬੀ.ਆਈ., ਪੁਲਿਸ ਵਿਭਾਗ ਅਤੇ ਹੋਰ ਸੁਰੱਖਿਆ ਏਜੰਸੀਆਂ ਨੇ ਤਾਲਮੇਲ ਸਥਾਪਤ ਕਰਨ, ਜਾਣਕਾਰੀ ਸਾਂਝੀ ਕਰਨ, ਚਿੰਤਾਵਾਂ ਨੂੰ ਦੂਰ ਕਰਨ ਤੇ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਿਯੋਗ ਕਰਨ ਲਈ ਕਈ ਨਾਗਰਿਕ ਅਧਿਕਾਰ ਸੰਗਠਨਾਂ ਨਾਲ ਰਾਸ਼ਟਰੀ ਤੇ ਸਥਾਨਕ ਤੌਰ 'ਤੇ ਭਾਈਵਾਲੀ ਬਣਾਈ ਹੈ। ਬੁਲਾਰਿਆਂ ਮੁਤਾਬਕ ਕ੍ਰਾਈਮ ਰਿਪੋਰਟ ਦੀ ਵਰਤੋਂ ਰਾਹੀਂ ਸੁਰੱਖਿਆ ਏਜੰਸੀਆਂ ਸਾਲਾਨਾ ਆਧਾਰ 'ਤੇ ਅਮਰੀਕਾ ਦੇ ਅੰਦਰ ਕੀਤੇ ਗਏ ਨਫ਼ਰਤੀ ਅਪਰਾਧਾਂ ਦੀ ਇੱਕ ਵਿਆਪਕ ਰਿਪੋਰਟਿੰਗ ਇਕੱਠੀ ਕਰਨ ਅਤੇ ਪ੍ਰਦਾਨ ਕਰਨ ਦੀ ਕੋਸ਼ਿਸ਼ ਵੀ ਕਰਦੀਆਂ ਹਨ। ਗੁਰਦੁਆਰਾ ਪੈਲਾਟਾਈਨ ਵਿਖੇ ਇਸ ਸਬੰਧੀ ਸੈਮੀਨਾਰ ਵੀ ਵੱਖ-ਵੱਖ ਭਾਈਚਾਰਿਆਂ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਹੀ ਕੀਤੀ ਗਿਆ।

ਪ੍ਰਾਜੈਕਟਰ ਦੀ ਮਦਦ ਨਾਲ ਦੱਸਿਆ ਗਿਆ ਕਿ ਸੰਸਥਾ ਸਭ ਭਾਈਚਾਰਿਆਂ ਦੀ ਇਕੱਠੇ ਸੁਰੱਖਿਆ ਕਰਨ ਵਿੱਚ ਕਿਵੇਂ ਮਦਦਗਾਰ ਸਾਬਤ ਹੁੰਦੀ ਹੈ। ਕਿਉਂਕਿ ਸੰਘੀ ਪੱਧਰ 'ਤੇ ਨਫ਼ਰਤ ਅਪਰਾਧ ਨੂੰ ਇੱਕ ਸਜ਼ਾਯੋਗ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਕਿਸੇ ਨਸਲ, ਧਰਮ, ਅਪਾਹਜਤਾ, ਨਸਲੀ ਜਾਂ ਰਾਸ਼ਟਰੀ ਮੂਲ, ਜਿਨਸੀ ਝੁਕਾਅ, ਲਿੰਗ, ਜਾਂ ਲਿੰਗ ਪਛਾਣ ਦੇ ਵਿਰੁੱਧ ਅਪਰਾਧੀ ਦੇ ਪੱਖਪਾਤ ਦੁਆਰਾ ਪੂਰੇ ਜਾਂ ਅੰਸ਼ਕ ਰੂਪ ਵਿੱਚ ਪ੍ਰੇਰਿਤ ਹੁੰਦਾ ਹੈ।

ਇਸ ਮੌਕੇ ਵੱਖ-ਵੱਖ ਥਾਈਂ ਸਰਗਰਮ ਨਫਰਤੀ ਸਮੂਹਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ, ਜੋ ਨਫਰਤੀ ਅਪਰਾਧ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਅਸਾਵਾਂ ਮਾਹੌਲ ਸਿਰਜ ਕੇ ਅਮਨ-ਅਮਾਨ ਨੂੰ ਭੰਗ ਕਰਨ ਵਿੱਚ ਭੂਮਿਕਾ ਨਿਭਾਉਂਦੇ ਹਨ।

ਬੁਲਾਰਿਆਂ ਦੀ ਸਪਸ਼ਟ ਸਲਾਹ ਸੀ ਕਿ ਜੇਕਰ ਤੁਹਾਨੂੰ ਕਿਸੇ ਵੀ ਕਿਸਮ ਦੀ ਨਫ਼ਰਤੀ ਧਮਕੀ ਮਿਲਦੀ ਹੈ, ਤਾਂ ਤੁਰੰਤ 911 'ਤੇ ਕਾਲ ਕਰੋ। ਨਫਰਤੀ ਅਪਰਾਧ ਦੀ ਰਿਪੋਰਟ 1-800-CALL-FBI ਜਾਂ ਵੈਬਸਾਈਟ tips.fbi.gov ਉਤੇ ਦਰਜ ਕਰਵਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਆਪਣੇ ਖੇਤਰ ਨਾਲ ਸਬੰਧਤ ਫੀਲਡ ਦਫਤਰਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ, ਜਿਵੇਂ: ਸ਼ਿਕਾਗੋ 312-421-6700; ਮਿਲਵਾਕੀ 414-276-4684; ਇੰਡੀਅਨਐਪੋਲਿਸ 317-595-4000; ਸਿਨਸਿਨੈਟੀ 513-421-4310 ਅਤੇ ਕਲੀਵਲੈਂਡ 216-522-1400 ਆਦਿ।

ਇਸੇ ਦੌਰਾਨ ਨਫ਼ਰਤੀ ਅਪਰਾਧ ਵਿਰੋਧੀ ਸੰਗਠਨ ਏ.ਡੀ.ਐਲ. ਦੀ ਮਿੱਡਵੈਸਟ ਇਕਾਈ ਦੀ ਨੁਮਾਇੰਦਾ ਬੀਬੀ ਸ਼ਰਨ ਕੌਰ ਸਿੰਘ ਨੇ ਆਪਣੇ ਸੰਗਠਨ ਬਾਰੇ ਵੇਰਵਾ ਦਿੰਦਿਆਂ ਇਸ ਵੱਲੋਂ ਨਫ਼ਰਤੀ ਕਿਸਮ ਦੇ ਅਪਰਾਧ ਰੋਕਣ ਅਤੇ ਸਬੰਧਤ ਮਾਮਲਿਆਂ ਨਾਲ ਨਜਿੱਠਣ ਲਈ ਨਿਭਾਈਆਂ ਜਾਂਦੀਆਂ ਸੇਵਾਵਾਂ ਬਾਰੇ ਸੰਗਤ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਏ.ਡੀ.ਐਲ. ਹਰ ਤਰ੍ਹਾਂ ਦੇ ਵਿਰੋਧੀਵਾਦ ਦਾ ਪਰਦਾਫਾਸ਼ ਕਰਦਾ ਹੈ ਅਤੇ ਵਿਅਕਤੀਆਂ ਤੇ ਭਾਈਚਾਰਿਆਂ ਨੂੰ ਇਸ ਸਦੀਆਂ ਪੁਰਾਣੀ ਨਫ਼ਰਤ ਨਾਲ ਲੜਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਏ.ਡੀ.ਐਲ. ਸੰਗਠਨ ਵਿਰੋਧੀ ਘਟਨਾਵਾਂ ਦੀ ਨਿਗਰਾਨੀ ਕਰਦਾ ਹੈ ਅਤੇ ਅਜਿਹੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਕੇ ਨੀਤੀਗਤ ਹੱਲ ਦੀ ਵਕਾਲਤ ਕਰਦਾ ਹੈ।

ਉਨ੍ਹਾਂ ਦੱਸਿਆ ਕਿ ਏ.ਡੀ.ਐਲ. ਸੰਗਠਨ ਕੱਟੜਵਾਦ, ਅੱਤਵਾਦ ਅਤੇ ਨਫ਼ਰਤ ਦੇ ਸਾਰੇ ਰੂਪਾਂ 'ਤੇ ਮੋਹਰੀ ਗੈਰ-ਸਰਕਾਰੀ ਅਥਾਰਟੀ ਹੋਣ ਦੇ ਨਾਤੇ ਵਿਚਾਰਧਾਰਕ ਕੱਟੜਪੰਥੀ ਖਤਰਿਆਂ ਨੂੰ ਟਰੈਕ ਕਰ ਕੇ ਬੇਨਕਾਬ ਕਰਦਾ ਹੈ। ਸੰਗਠਨ ਦਾ ਕੰਮ ਕਾਨੂੰਨ ਲਾਗੂ ਕਰਨ, ਚੁਣੇ ਹੋਏ ਅਧਿਕਾਰੀਆਂ ਅਤੇ ਕਮਿਊਨਿਟੀ ਲੀਡਰਾਂ ਨੂੰ ਉਭਰ ਰਹੇ ਖਤਰਿਆਂ ਦੀ ਪਛਾਣ ਕਰਨ ਅਤੇ ਜਵਾਬ ਦੇਣ ਵਿੱਚ ਮਦਦ ਕਰਦਾ ਹੈ। ਸੰਗਠਨ ਸਾਰਿਆਂ ਲਈ ਨਾਗਰਿਕ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਸਰਕਾਰ ਦੇ ਸਾਰੇ ਪੱਧਰਾਂ 'ਤੇ ਵਕਾਲਤ ਕਰਦਾ ਹੈ। ਉਨ੍ਹਾਂ ਖਾਲਿਸਤਾਨੀ ਪੱਖੀ ਤੇ ਸਿੱਖਸ ਫਾਰ ਜਸਟਿਸ ਦੇ ਆਗੂ ਵਕੀਲ ਗੁਰਪਤਵੰਤ ਸਿੰਘ ਪੰਨੂ ਨਾਲ ਸਬੰਧਤ ਹਾਲੀਆ ਮਾਮਲੇ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਨਫ਼ਰਤੀ ਅਪਰਾਧਾਂ ਦੇ ਮਾਮਲਿਆਂ ਬਾਰੇ ਅਤੇ ਸੰਗਠਨ ਦੀਆਂ ਸਾਲ 2022-2023 ਦੀਆਂ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਵੀ ਸਾਂਝੀ ਕੀਤੀ। ਦੁਨੀਆ ਭਰ ਵਿੱਚ ਚੁਣੌਤੀਆਂ ਅਤੇ ਜਟਿਲਤਾਵਾਂ ਦਾ ਸਾਹਮਣਾ ਕਰਨ ਲਈ ਸਿੱਖਿਅਤ ਕਰਨ ਪ੍ਰਤੀ ਵੀ ਏ.ਡੀ.ਐਲ. ਵੱਲੋਂ ਉਪਰਾਲੇ ਕੀਤੇ ਜਾਂਦੇ ਹਨ।

ਏ.ਡੀ.ਐਲ. ਵੱਲੋਂ ਮੁਹੱਈਆ ਦਸਤਾਵੇਜ਼ੀ ਜਾਣਕਾਰੀ ਅਨੁਸਾਰ ਇਹ ਸੰਗਠਨ ਆਨਲਾਈਨ ਨਫ਼ਰਤ ਅਤੇ ਪਰੇਸ਼ਾਨੀ ਦੇ ਖਿਲਾਫ ਵਿਸ਼ਵਵਿਆਪੀ ਲੜਾਈ ਦੀ ਅਗਵਾਈ ਵੀ ਕਰਦਾ ਹੈ। ਸੰਗਠਨ ਦਾ ਮੰਨਣਾ ਹੈ ਕਿ ਉਸ ਦਾ ਵਿਲੱਖਣ ਦ੍ਰਿਸ਼ਟੀਕੋਣ ਅਤੇ ਮੁਹਾਰਤ ਅਮਰੀਕੀ ਲੋਕਤੰਤਰ ਨੂੰ ਕੱਟੜਵਾਦ ਤੇ ਨਫ਼ਰਤ ਦੇ ਤੁਰੰਤ ਖਤਰਿਆਂ ਤੋਂ ਬਚਾਉਣ ਵਿੱਚ ਮਦਦ ਕਰ ਸਕਦੀ ਹੈ। ਇਹ ਖਦਸ਼ਾ ਪ੍ਰਗਟਾਇਆ ਗਿਆ ਕਿ ਜੇ ਪੱਖਪਾਤੀ ਰਵੱਈਏ ਅਤੇ ਕਾਰਵਾਈਆਂ ਦੀ ਜਾਂਚ ਨਾ ਕੀਤੀ ਜਾਵੇ ਤਾਂ ਨਫ਼ਰਤ ਵਧ ਸਕਦੀ ਹੈ। ਸੰਗਠਨ ਚੁਣੇ ਹੋਏ ਅਧਿਕਾਰੀਆਂ, ਨੀਤੀ ਨਿਰਮਾਤਾਵਾਂ ਅਤੇ ਤਕਨੀਕੀ ਕੰਪਨੀਆਂ ਨਾਲ ਅਜਿਹੀਆਂ ਨੀਤੀਆਂ ਨੂੰ ਰੂਪ ਦੇਣ ਲਈ ਸ਼ਾਮਲ ਹੁੰਦਾ ਹੈ, ਜੋ ਹਰ ਕਿਸਮ ਦੀ ਨਫ਼ਰਤ ਨਾਲ ਲੜਦੀਆਂ ਹਨ।

ਸੈਮੀਨਾਰ ਦੇ ਅਖੀਰ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਸ. ਅੱਛਰ ਸਿੰਘ ਨੇ ਆਏ ਨੁਮਾਇੰਦਿਆਂ ਦਾ ਸੰਗਤ ਨਾਲ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਨਫਰਤੀ ਅਪਰਾਧ ਸਬੰਧੀ ਜਾਣਕਾਰੀ ਨਾਲ ਭਰਪੂਰ ਦਸਤਾਵੇਜ਼ਾਂ ਦੀ ਪ੍ਰਦਰਸ਼ਨ ਵੀ ਲਾਈ ਗਈ ਸੀ, ਜਿੱਥੋਂ ਸੰਗਤ ਦੇ ਮੈਂਬਰਾਂ ਨੇ ਵੱਖ-ਵੱਖ ਟੇਬਲਾਂ 'ਤੇ ਮੁਹੱਈਆ ਕਰਵਾਏ ਗਏ ਜਾਣਕਾਰੀ ਵਾਲੇ ਪਰਚੇ ਤੇ ਕਿਤਾਬਚੇ ਪ੍ਰਾਪਤ ਕੀਤੇ। ਸੰਗਤ ਨੇ ਵਿਭਾਗੀ ਨੁਮਾਇੰਦਿਆਂ ਨਾਲ ਨਫਰਤੀ ਅਪਰਾਧ ਜਾਂ ਕੱਟੜਵਾਦ ਸਬੰਧੀ ਵਾਰਤਾਲਾਪ ਵੀ ਕੀਤੀ ਅਤੇ ਆਪਣੇ ਆਲੇ-ਦੁਆਲੇ ਜਾਂ ਗੁਆਂਢ ਵਿੱਚ ਨਫਰਤੀ ਅਪਰਾਧ ਦੇ ਸੰਭਾਵੀ ਖਦਸ਼ਿਆਂ ਨਾਲ ਸਬੰਧਤ ਸਵਾਲ ਜਵਾਬ ਵੀ ਕੀਤੇ।

ਲੋਕਾਂ ਤੱਕ ਜਾਣਕਾਰੀ ਪੁੱਜਦੀ ਕਰਨ ਲਈ ਛਪਵਾਏ ਗਏ ਪਰਚਿਆਂ ਵਿੱਚ ਦੱਸਿਆ ਗਿਆ ਕਿ ਜਦੋਂ ਕੋਈ ਧਮਕੀ ਲਿਖਤੀ ਜਾਂ ਗ੍ਰਾਫਿਕ ਫਾਰਮੈਟ ਵਿੱਚ ਪ੍ਰਾਪਤ ਹੁੰਦੀ ਹੈ, ਜਿਵੇਂ ਕਿ ਹੱਥ ਲਿਖਤ ਨੋਟ ਜਾਂ ਗ੍ਰੈਫਿਟੀ ਤਾਂ ਵਸਤੂ ਨੂੰ ਨਾ ਛੂਹੋ ਅਤੇ ਨਾ ਹੀ ਬਦਲੋ। ਇਸ ਨੂੰ ਦੂਰ ਨਾ ਸੁੱਟੋ। ਜਦੋਂ ਫ਼ੋਨ ਰਾਹੀਂ ਧਮਕੀ ਮਿਲਦੀ ਹੈ ਤਾਂ ਕਾਲਰ ਅਤੇ ਧਮਕੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ। ਧਮਕੀ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ ਨੋਟ ਕਰੋ, ਆਦਿ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST.
Retirement | Life | Health

**Futurity First Insurance Group**

# ਲੋਕ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਭਾਜਪਾ ਮਜ਼ਬੂਤ ਹੋਈ

⇒ ਸਫਾ ਇੱਕ ਦੀ ਬਾਕੀ ...

ਜਾਰੀ ਰਹੇਗੀ। ਮੱਧ ਪ੍ਰਦੇਸ਼ ਦੇ ਚਾਰ ਵਾਰ ਮੁੱਖ ਮੰਤਰੀ ਰਹੇ ਸ਼ਿਵਰਾਜ ਚੌਹਾਨ ਨੇ ਆਪਣੇ ਰਾਜ ਵਿੱਚ ਮਿਲੀ ਹੂੰਝਾਫੇਰੀ ਜਿੱਤ ਨੂੰ ਮੋਦੀ ਦਾ ਕ੍ਰਿਸ਼ਮਾ ਕਰਾਰ ਦਿੱਤਾ ਹੈ।

ਜਿੱਥੋਂ ਤੱਕ ਤਿੰਨ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਮਿਲੀ ਜਿੱਤ ਦਾ ਸਵਾਲ ਹੈ, ਕੁਝ ਨਿਰਪੱਖ ਵਿਸ਼ਲੇਸ਼ਕ ਇਸ ਨੂੰ ਭਾਜਪਾ ਵੱਲੋਂ ਵੱਖ-ਵੱਖ ਰਾਜਾਂ ਵਿੱਚ ਉੱਥੋਂ ਦੇ ਸਥਾਨਕ ਹਾਲਾਤ ਅਨੁਸਾਰ ਅਪਨਾਈ ਗਈ ਚੋਣ ਰਣਨੀਤੀ ਦਾ ਸਿੱਟਾ ਦੱਸ ਰਹੇ ਹਨ। ਇਨ੍ਹਾਂ ਅਨੁਸਾਰ ਭਾਜਪਾ ਨੇ ਜਿੱਥੇ ਕਾਂਗਰਸ ਰੂਲਿੰਗ ਸਟੇਟਾਂ ਵਿੱਚ ਉਥੇ ਰਾਜ ਕਰ ਰਹੀ ਪਾਰਟੀ ਵਿਰੋਧੀ ਹਵਾ ਨੂੰ ਆਪਣੇ ਪੱਖ ਵਿੱਚ ਭੁਗਤਾਉਣ ਲਈ ਪੂਰੀ ਵਾਹ ਲਾਈ, ਉਥੇ ਆਪਣੀ ਪਾਰਟੀ ਦੀ ਅਗਵਾਈ ਵਾਲੇ ਵੱਡੇ ਰਾਜ ਮੱਧ ਪ੍ਰਦੇਸ਼ ਵਿੱਚ ਸਰਕਾਰ ਵਿਰੁਧ ਪੈਦਾ ਹੋਈ ਕੁੜੱਤਣ ਨੂੰ ਖਾਰਜ ਕਰਨ ਲਈ ਮੁਕੰਮਲ ਉਪਰਾਲੇ ਕੀਤੇ। ਇੱਥੋਂ ਤੱਕ ਕੇ ਕੇਂਦਰ ਦੇ ਕਈ ਮੰਤਰੀਆਂ ਅਤੇ ਮੈਂਬਰ ਪਾਰਲੀਮੈਂਟਾਂ ਨੂੰ ਅਸੈਂਬਲੀ ਚੋਣਾਂ ਦੇ ਮੈਦਾਨ ਵਿੱਚ ਉਤਾਰਿਆ। ਖਾਸ ਕਰਕੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਚੋਖੀ ਪੱਧਰ 'ਤੇ ਅਜਿਹਾ ਕੀਤਾ ਗਿਆ। ਇਸ ਨਾਲ ਆਪਣੀ ਪਾਰਟੀ ਦੀ ਸੱਤਾ ਵਾਲੇ ਰਾਜ, ਮੱਧ ਪ੍ਰਦੇਸ਼ ਵਿੱਚ ਉਸ ਨੂੰ ਸੱਤਾ ਵਿਰੋਧੀ ਭਾਵਨਾ ਨੂੰ ਖਾਰਜ ਕਰਨ ਵਿੱਚ ਮਦੱਦ ਮਿਲੀ। ਸਾਰੀ ਚੋਣ ਮੁਹਿੰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਲੜੀ ਗਈ। ਇਸ ਤੋਂ ਇਲਾਵਾ ਭਾਰਤੀ ਜਨਤਾ ਨੇ ਉਪਰੋਂ ਲੈ ਕੇ ਬੂਥ ਲੈਵਲ ਤੱਕ ਆਪਣੀ ਚੋਣ ਮਹਿੰਮ ਨੂੰ ਮਜ਼ਬੂਤੀ ਨਾਲ ਜਥੇਬੰਦ ਕੀਤਾ।

ਦੂਜੇ ਪਾਸੇ ਕਾਂਗਰਸ ਪਾਰਟੀ ਪ੍ਰਚਾਰ ਅਤੇ ਚੋਣ ਮਹਿੰਮ ਨੂੰ ਮੈਨੇਜ ਕਰਨ ਦੇ ਪੱਖ ਤੋਂ ਭਾਰਤੀ ਜਨਤਾ ਪਾਰਟੀ ਦੇ ਨੇੜੇ-ਤੇੜੇ ਵੀ ਨਹੀਂ ਸੀ। ਮੱਧ ਪ੍ਰਦੇਸ਼ ਵਿੱਚ ਕਮਲ ਨਾਥ ਨੇ ਅਤੇ ਛਤੀਸਗੜ੍ਹ ਵਿੱਚ ਭੁਪੇਸ਼ ਬਘੇਲ ਨੇ ਸੌਫਟ ਹਿੰਦੂਤਵਾ ਦੇ ਨਾਂ 'ਤੇ ਚੋਣ ਲੜੀ, ਜਿਸ ਵਿੱਚ ਉਹ ਭਾਜਪਾ ਦਾ ਮੁਕਾਬਲਾ ਕਰਨ ਦੇ ਕਾਬਲ ਨਹੀਂ ਸਨ। ਇੱਕ ਭਾਜਪਾ ਆਗੂ ਨੇ ਕਿਹਾ ਕਿ ਕਾਂਗਰਸ ਨੇ ਜੇ ਹਿੰਦੂਤਵਾ ਦੇ ਨਾਂ 'ਤੇ ਚੋਣਾਂ ਲੜਨੀਆਂ ਹਨ ਤਾਂ ਲੋਕਾਂ ਲਈ ਭਾਜਪਾ ਵਧੇਰੇ ਪ੍ਰਮਾਣਿਕ ਧਿਰ ਹੈ, ਉਹ ਕਾਂਗਰਸ ਵੱਲ ਕਿਉਂ ਜਾਣਗੇ? ਕਾਂਗਰਸ ਦੀ ਲੀਡਰਸ਼ਿਪ ਇਹ ਸਮਝਣ ਵਿੱਚ ਵਾਰ-ਵਾਰ ਨਾਕਾਮ ਰਹਿ ਰਹੀ ਹੈ ਕਿ ਭਾਜਪਾ ਦੀ ਪਿੱਚ 'ਤੇ ਜਾ ਕੇ ਉਸ ਨੂੰ ਨਹੀਂ ਹਰਾਇਆ ਜਾ ਸਕਦਾ। ਉਸ ਨੂੰ ਨਾਗਰਿਕਤਾ ਆਧਾਰਤ ਬਹੁਧਰਮੀ (ਧਰਮ ਨਿਰਪੱਖ) ਜਮਹੂਰੀਅਤ ਦੇ ਅਸਲ ਬਦਲ ਵੱਲ ਜਿੰਨੀ ਛੇਤੀ ਹੋ ਸਕੇ, ਪਰਤਣਾ ਪਏਗਾ। ਭਾਜਪਾ ਨਾਲੋਂ ਕੱਟੜ ਹਿੰਦੂਤਵੀ ਪੱਤਾ ਖੇਡੇ ਬਿਨਾ ਉਹ ਇਸ ਪਿੱਚ 'ਤੇ ਨਹੀਂ ਜਿੱਤ ਸਕਦੀ।

ਕਾਂਗਰਸ ਨੂੰ ਮਿਲੀ ਵੱਡੀ ਹਾਰ ਕਾਰਨ ਹੁਣ ਇਸ ਦੇ 'ਇੰਡੀਆ' ਗੱਠਜੋੜ ਵੱਲ ਮੁੜ ਪਰਤਣ ਦੇ ਆਸਾਰ ਬਣ ਗਏ ਹਨ। ਯਾਦ ਰਹੇ, ਗੱਠਜੋੜ ਦੀਆਂ ਦੋ ਤਿੰਨ ਕੁ ਮੀਟਿੰਗਾਂ ਤੋਂ ਬਾਅਦ ਉਸ ਨੇ ਇਸ ਗੱਠਜੋੜ ਵਿੱਚ ਦਿਲਚਸਪੀ ਲੈਣੀ ਘਟਾ ਦਿੱਤੀ ਸੀ। ਦੂਜੀਆਂ ਪਾਰਟੀਆਂ ਦੇ ਵਾਰ-ਵਾਰ ਕਹਿਣ 'ਤੇ ਵੀ ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਅਗਾਊਂ ਉਮੀਦਵਾਰਾਂ ਬਾਰੇ ਫੈਸਲਾ ਕਰਨ ਵਿੱਚ ਦਿਲਚਸਪੀ ਨਹੀਂ ਵਿਖਾਈ। ਕਾਂਗਰਸ ਨੂੰ ਸ਼ਾਇਦ ਇਨ੍ਹਾਂ ਚੋਣਾਂ ਵਿੱਚ ਵਧੇਰੇ ਚੰਗੀ ਕਾਰਗੁਜ਼ਾਰੀ ਦੀ ਆਸ ਸੀ। ਲੋਕ ਸਭਾ ਚੋਣਾਂ ਵਿੱਚ ਕਾਂਗਰਸ 'ਇੰਡੀਆ' ਗੱਠਜੋੜ ਤੋਂ ਬਿਨਾ ਕੋਈ ਵੱਡੀ ਸਫਲਤਾ ਹਾਸਲ ਨਹੀਂ ਕਰ ਸਕਦੀ। ਤਾਜ਼ਾ ਹਾਰ ਤੋਂ ਬਆਦ ਖੇਤਰੀ ਪਾਰਟੀਆਂ ਦੇ ਆਗੂਆਂ ਦਾ ਭਾਰ ਵੀ ਵਧਣ ਵਾਲਾ ਹੈ। ਖਾਸ ਕਰਕੇ ਮਮਤਾ ਬੈਨਰਜੀ, ਅਖਿਲੇਸ਼ ਯਾਦਵ, ਨਿਤੀਸ਼ ਕੁਮਾਰ ਅਤੇ ਤੇਜਸਵੀ ਯਾਦਵ ਜਿਹੇ ਆਗੂਆਂ ਦੀ ਭੂਮਿਕਾ ਹੁਣ ਮਜ਼ਬੂਤ ਹੋਣ ਵਾਲੀ ਹੈ। ਕਾਂਗਰਸ ਨਾਲ ਸੀਟਾਂ ਦੀ ਲੈਅ ਦੇ ਵਿੱਚ ਵੀ ਹੁਣ ਉਹ ਵਧੇਰੇ ਹਿੱਸਾ ਮੰਗਣਗੇ। ਲੀਡਰਸ਼ਿਪ ਵਿੱਚ ਆਪਣੀ ਹੈਸੀਅਤ ਨੂੰ ਭਾਰੀ ਕਰਨ ਦਾ ਯਤਨ ਕਰਨਗੇ। ਅਜਿਹੇ ਸੰਕੇਤ ਆਉਣ ਵੀ ਲੱਗੇ ਹਨ।

**ਮਨੀਪੁਰ 'ਚ ਜ਼ੈਡ.ਪੀ.ਐਮ. ਨੇ ਚੋਣ ਜਿੱਤੀ:** ਮਨੀਪੁਰ ਵਿਧਾਨ ਸਭਾ ਲਈ ਬੀਤੇ ਦਿਨ ਹੋਈ ਵੋਟਾਂ ਦੀ ਗਿਣਤੀ ਵਿੱਚ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈਡ.ਪੀ.ਐਮ.) ਨੇ ਚੋਣ ਜਿੱਤ ਲਈ ਹੈ। ਪਿਛਲੀ ਵਾਰ ਸੱਤਾ ਵਿੱਚ ਰਹੇ ਮੀਜ਼ੋ ਨੈਸ਼ਨਲ ਫਰੰਟ ਨੂੰ 10 ਸੀਟਾਂ 'ਤੇ ਜਿੱਤ ਹਾਸਲ ਹੋਈ ਹੈ। ਇਸ ਤੋਂ ਇਲਾਵਾ ਭਾਜਪਾ ਨੂੰ ਦੋ ਅਤੇ ਕਾਂਗਰਸ ਪਾਰਟੀ ਨੂੰ ਇੱਕ ਸੀਟ ਹਾਸਲ ਹੋਈ ਹੈ।

ਯਾਦ ਰਹੇ, ਮੀਜ਼ੋਰਮ ਵਿੱਚ ਵੋਟਾਂ 7 ਨਵੰਬਰ ਨੂੰ ਪਈਆਂ ਸਨ। ਕਰੀਬ 8.57 ਲੱਖ ਵੋਟਰਾਂ ਵਿੱਚੋਂ 80 ਫੀਸਦੀ ਨੇ ਵੋਟਾਂ ਪਾਈਆਂ ਸਨ। ਆਮ ਆਦਮੀ ਪਾਰਟੀ ਨੇ ਮੀਜ਼ੋਰਮ ਵਿੱਚ ਵੀ ਚਾਰ ਸੀਟਾਂ 'ਤੇ ਚੋਣ ਲੜੀ ਸੀ, ਪਰ ਪਾਰਟੀ ਦੇ ਹੱਥ ਕੋਈ ਸੀਟ ਨਹੀਂ ਲੱਗੀ। ਜਿੱਤ ਹਾਸਲ ਕਰਨ ਵਾਲੀ ਪਾਰਟੀ ਜ਼ੈਡ.ਪੀ.ਐਮ. ਦੇ ਚੋਣ ਲੜਨ ਵਾਲੇ ਪ੍ਰਮੁੱਖ ਆਗੂਆਂ ਵਿੱਚ ਲਾਲਦੂਹੋਮਾ ਵੀ ਸ਼ਾਮਲ ਸਨ। ਉਨ੍ਹਾਂ ਨੇ ਸੇਰਛਿਪ ਸੀਟ ਤੋਂ ਐਮ.ਐਨ.ਐਫ. ਦੇ ਜੇ ਮਾਲਸਾਵਮਜੁਆਲਾ ਨੂੰ 2982 ਵੋਟਾਂ ਨਾਲ ਮਾਤ ਦਿੱਤੀ। ਚੋਣ ਜਿੱਤਣ ਵਾਲੇ ਉਮੀਦਵਾਰਾਂ ਵਿੱਚ ਤਿੰਨ ਔਰਤਾਂ ਸ਼ਾਮਲ ਹਨ, ਜਦਕਿ ਪਿਛਲੀ ਵਾਰ ਮੁੱਖ ਮੰਤਰੀ ਰਹੇ ਐਮ.ਐਨ. ਮੁਖੀ ਜ਼ੈਡ.ਪੀ.ਐਮ. ਦੇ ਲਾਲਨਥਸਾਂਗ ਤੋਂ 2021 ਵੋਟਾਂ ਨਾਲ ਚੋਣ ਹਾਰ ਗਏ ਹਨ। ਇੰਜ ਮੀਜ਼ੋਰਮ ਵਿੱਚ ਇੱਕ ਖੇਤਰੀ ਪਾਰਟੀ ਨੇ ਹੀ ਦੂਜੀ ਖੇਤਰੀ ਪਾਰਟੀ ਨੂੰ ਹਰਾਇਆ ਹੈ।

## ਭਾਰਤੀ ਸੰਸਦ ਦਾ ਸਰਦ ਰੁੱਤ ਸੈਸ਼ਨ ਆਰੰਭ

⇒ ਸਫਾ ਇੱਕ ਦੀ ਬਾਕੀ ...

ਕੇ ਵੱਡਾ ਵਿਵਾਦ ਹੋਇਆ ਸੀ। ਸਰਕਾਰ ਜਦੋਂ ਮਨੀਪੁਰ ਦੇ ਮੁੱਦੇ 'ਤੇ ਵਿਚਾਰ ਕਰਨ ਲਈ ਰਾਜ਼ੀ ਨਹੀਂ ਸੀ ਹੋਈ ਤਾਂ ਚਰਚਾ ਦੇ ਮਕਸਦ ਲਈ ਹੀ ਵਿਰੋਧੀ ਧਿਰ ਨੇ ਸਰਕਾਰ ਖਿਲਾਫ ਅਵਿਸ਼ਵਾਸ ਮਤਾ ਲੈ ਆਂਦਾ ਸੀ ਅਤੇ ਇਸ ਨੂੰ ਲੈ ਕੇ ਦੋਹਾਂ ਧਿਰਾਂ ਵਿਚਕਾਰ ਗਹਿਗੱਚ ਮਿਹਣੇਬਾਜ਼ੀ ਹੋਈ ਸੀ। ਮਨੀਪੁਰ ਵਿੱਚ ਹਿੰਸਾ ਹਾਲੇ ਵੀ ਥੰਮੀ ਨਹੀਂ ਹੈ। ਮਨੀਪੁਰ ਦੀ ਮਿਆਮਰ ਨਾਲ ਲਗਦੀ ਸਰਹੱਦ 'ਤੇ ਗਨੌਪਾਨ ਜ਼ਿਲ੍ਹੇ ਵਿੱਚ ਦੋ ਦਹਿਸ਼ਤਗਰਦ ਧੜਿਆਂ ਵਿੱਚ ਹੋਈ ਗੋਲੀ ਬਾਰੀ ਵਿੱਚ ਬੀਤੀ 4 ਦਸੰਬਰ ਵਾਲੇ ਦਿਨ 13 ਲੋਕ ਮਾਰੇ ਗਏ ਹਨ। ਇਹ ਘਟਨਾ ਦੁਪਹਿਰ ਵੇਲੇ ਲੀਬੂ ਨਾਂ ਦੇ ਇੱਕ ਪਿੰਡ ਵਿੱਚ ਹੋਈ। ਮਰਨ ਵਾਲਿਆਂ ਦੀ ਸ਼ਨਾਖਤ ਨਹੀਂ ਹੋ ਸਕੀ, ਪਰ ਕਿਹਾ ਜਾ ਰਿਹਾ ਕਿ ਉਹ ਪਾਬੰਦੀਸ਼ੁਦਾ ਜਥੇਬੰਦੀ ਪੀਪਲ ਲਿਬਰੇਸ਼ਨ ਆਰਮੀ ਦੇ ਕਾਰਕੁੰਨ ਸਨ। ਮਨੀਪੁਰ ਵਿਚਲੀ ਹਿੰਸਾ ਦਾ ਅਸਰ ਇਸ ਵਾਰ ਮੀਜ਼ੋਰਮ ਦੀ ਵਿਧਾਨ ਸਭਾ ਚੋਣ ਵਿੱਚ ਵੀ ਵੇਖਣ ਨੂੰ ਮਿਲਿਆ ਹੈ। ਇਸ ਲਈ ਸੰਸਦ ਇਜਲਾਸ ਕਿਸ ਰੁਖ ਤੁਰੇਗਾ, ਕਹਿ ਨਹੀਂ ਸਕਦੇ! ਇਸ ਗੱਲ ਦੇ ਵੀ ਆਸਾਰ ਹਨ ਕਿ ਹਾਲ ਹੀ ਵਿੱਚ ਪੰਜ ਰਾਜਾਂ ਵਿੱਚ ਹੋਈਆਂ ਚੋਣਾਂ ਦੇ ਘਟਨਾਕ੍ਰਮ ਬਾਰੇ ਹੀ ਵਿਰੋਧੀ ਪਾਰਟੀਆਂ ਕੋਈ ਮਸਲੇ ਉਠਾਉਣ ਦਾ ਯਤਨ ਕਰਨ। ਸਰਦ ਰੁੱਤ ਸੈਸ਼ਨ ਵਿੱਚ ਕੁਝ ਪਹਿਲਾਂ ਤੋਂ ਬਕਾਇਆ ਪਏ ਅਤੇ ਕਈ ਨਵੇਂ ਬਿਲ ਪਾਸ ਕਰਵਾਏ ਜਾਣੇ ਹਨ। ਇਨ੍ਹਾਂ ਵਿੱਚੋਂ ਕਈ ਬਿਲ ਖਾਸੇ ਮਹੱਤਵਪੂਰਨ ਹਨ। ਅਜਿਹੇ ਬਿਲਾਂ 'ਤੇ ਸਾਰਥਕ ਚਰਚਾ ਵੀ ਜ਼ਰੂਰੀ ਹੈ।

ਯਾਦ ਰਹੇ, ਬਜਟ ਇਜਲਾਸ ਵਿੱਚ ਹੰਗਾਮੇ ਕਾਰਨ ਆਮ ਬਜਟ ਨੂੰ ਬਿਨਾ ਬਹਿਸ ਤੋਂ ਹੀ ਪਾਸ ਕਰਨਾ ਪਿਆ ਸੀ। ਮਹੱਤਵਪੂਰਨ ਬਿਲਾਂ ਤੇ ਚਰਚਾ ਇਸ ਲਈ ਨਹੀਂ ਹੋ ਪਾਉਂਦੀ, ਕਿਉਂਕਿ ਹੁਕਮਰਾਨ ਅਤੇ ਵਿਰੋਧੀ ਧਿਰ ਵਿਚਾਲੇ ਆਮ ਸਹਿਮਤੀ ਵਾਲੀ ਸਿਆਸਤ ਦੀ ਗੁੰਜਾਇਸ਼ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਵਿਰੋਧੀ ਧਿਰਾਂ ਹੁਣ ਹਾਕਮ ਧਿਰ ਨੂੰ ਸੁਆਲ ਕਰਨ ਦੇ ਨਾਂ 'ਤੇ ਹੰਗਾਮਾ ਕਰਨ ਵੱਲ ਜ਼ਿਆਦਾ ਧਿਆਨ ਦਿੰਦੀਆਂ ਹਨ। ਇਸ ਕਿਸਮ ਦੀ ਸਿਆਸਤ ਦਾ ਅਸਲ ਨਿਸ਼ਾਨਾ ਸਿਰਫ ਅਗਲੇ ਦਿਨ ਅਖਬਾਰਾਂ ਦੀ ਸੁਰਖੀ ਬਣਨ ਤੱਕ ਸੀਮਤ ਹੁੰਦਾ ਹੈ। ਇਸ ਪੱਖੋਂ ਸਰਕਾਰ ਅਤੇ ਵਿਰੋਧੀ ਧਿਰਾਂ- ਦੋਹਾਂ ਨੂੰ ਹੀ ਆਪਣੇ ਆਪ ਨੂੰ ਸੰਕੋਚਣ **ਦੀ ਲੋੜ ਹੈ। ਸੰਸਦ ਅਤੇ ਵਿਧਾਨ ਸਭਾ ਦੇ ਸੈਸ਼ਨਾਂ 'ਤੇ ਬੇਹੱਦ ਪੈਸਾ ਖਰਚ ਹੁੰਦਾ ਹੈ। ਇਸ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ। ਇਹ ਲੋਕਾਂ ਦੇ ਲਹੂ ਪਸੀਨੇ ਦੀ ਹੀ ਕਮਾਈ ਹੁੰਦੀ ਹੈ, ਜਿਹੜੀ ਟੈਕਸਾਂ ਰਾਹੀਂ ਸਰਕਾਰ ਤੱਕ ਪਹੁੰਚਦੀ ਹੈ।**




# ਭਾਜਪਾ ਦੀ ਤੇਜ਼ ਲਹਿਰ, ਕਾਂਗਰਸ ਉੱਤੇ ਵਰ੍ਹਿਆ ਕਹਿਰ

## ਸਿਆਸਤ ਦਾ ਪਿੜ

ਕਮਲਜੀਤ ਸਿੰਘ ਬਨਵੈਤ
ਫੋਨ: +91-9814734035



**ਇਨ੍ਹਾਂ ਚੋਣ ਨਤੀਜਿਆਂ ਦਾ ਪੰਜਾਬ ਦੀ ਸਿਆਸਤ ਉੱਤੇ ਪ੍ਰਭਾਵ ਪੈਣਾ ਵੀ ਲਾਜ਼ਮੀ ਹੈ। ਚੋਣ ਨਤੀਜਿਆਂ ਦਾ ਐਲਾਨ ਆਉਣ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਤੋਂ ਸਿਆਸੀ ਗੱਠਜੋੜ ਹੋਣ ਦੀ ਚਰਚਾ ਛਿੜ ਪਈ ਹੈ। ਸੂਤਰ ਤਾਂ ਇਹ ਵੀ ਦੱਸਦੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੇ ਵਰਕਰ ਅੰਦਰੋਂ ਅੰਦਰੀ ਆਪਣੀ ਹੋਂਦ ਬਚਾਉਣ ਲਈ ਇਕੱਠੇ ਹੋਣ ਦੀ ਲੋੜ ਸਮਝਣ ਲੱਗ ਪਏ ਹਨ। ਪੰਜਾਬ ਵਿੱਚ ਕਾਂਗਰਸ ਅਤੇ 'ਆਪ' ਦਾ ਸਮਝੌਤਾ ਹੋ ਜਾਂਦਾ ਹੈ ਤਾਂ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਨਤੀਜੇ ਹੱਕ 'ਚ ਭੁਗਤ ਸਕਦੇ ਹਨ, ਨਹੀਂ ਤਾਂ ਅਕਾਲੀ-ਭਾਜਪਾ ਗਠਜੋੜ ਇੱਕ ਦੀਵਾਰ ਬਣ ਕੇ ਖੜ੍ਹ ਸਕਦਾ ਹੈ।**

ਭਾਰਤੀ ਜਨਤਾ ਪਾਰਟੀ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚੋਂ ਤਿੰਨ ਸੂਬਿਆਂ- ਮੱਧ ਪ੍ਰਦੇਸ਼, ਛੱਤੀਸਗੜ ਅਤੇ ਰਾਜਸਥਾਨ ਵਿੱਚ ਵੱਡੀ ਜਿੱਤ ਪ੍ਰਾਪਤ ਕਰਕੇ 2024 ਲਈ ਆਪਣਾ ਰਾਹ ਹੋਰ ਮਜ਼ਬੂਤ ਕਰ ਲਿਆ ਹੈ। ਕਾਂਗਰਸ ਨੂੰ ਸਿਰਫ ਤੇਲੰਗਾਨਾ ਵਿੱਚ ਜਿੱਤ ਪ੍ਰਾਪਤ ਹੋਈ ਹੈ, ਜਦਕਿ ਮਿਜ਼ੋਰਮ ਵਿੱਚ ਭਾਜਪਾ ਅਤੇ ਕਾਂਗਰਸ ਦਾ ਖਾਤਾ ਮਸਾਂ ਖੁੱਲ੍ਹਿਆ ਹੈ। ਤੇਲੰਗਾਨਾ ਨੂੰ ਛੱਡ ਕੇ ਦੂਜੇ ਚਾਰ ਰਾਜਾਂ ਵਿੱਚ ਭਾਜਪਾ ਅਤੇ ਕਾਂਗਰਸ ਵਿੱਚ ਮੁੱਖ ਟੱਕਰ ਰਹੀ ਹੈ। ਚੋਣ ਨਤੀਜਿਆਂ ਮੁਤਾਬਕ ਭਾਜਪਾ ਨੇ ਕਾਂਗਰਸ ਨੂੰ ਬੁਰੀ ਤਰ੍ਹਾਂ ਮਧੋਲ ਕੇ ਰੱਖ ਦਿੱਤਾ ਹੈ। ਦਿਲਚਸਪ ਗੱਲ ਇਹ ਕਿ ਇਨ੍ਹਾਂ ਪੰਜ ਰਾਜਾਂ ਵਿੱਚ ਗਠਬੰਧਨ ਵਿੱਚ ਸ਼ਾਮਿਲ ਪਾਰਟੀਆਂ ਦੀਆਂ ਸਰਕਾਰਾਂ ਹਨ। ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਇੱਕ ਹੋਰ ਗੱਲ ਸਿੱਧ ਕਰ ਦਿੱਤੀ ਹੈ ਕਿ ਅਗਲੀਆਂ ਚੋਣਾਂ ਵਿੱਚ ਮੁਲਕ ਦੇ ਵੱਡੇ ਰਾਜਾਂ ਜਿਵੇਂ ਯੂ.ਪੀ., ਬਿਹਾਰ ਅਤੇ ਬੰਗਾਲ ਵਿੱਚ ਕਾਂਗਰਸ ਲਈ ਹੋਰ ਵੀ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ।

ਚੋਣ ਨਤੀਜਿਆਂ ਦੇ ਐਲਾਨ ਨਾਲ ਹੀ ਵਿਰੋਧੀਆਂ ਦੇ ਗੱਠਜੋੜ 'ਇੰਡੀਆ' ਵਿੱਚ ਸ਼ਾਮਿਲ ਦਲਾਂ ਨੇ ਕਾਂਗਰਸ ਉੱਤੇ ਨਿਸ਼ਾਨਾ ਸਾਧਣਾ ਸ਼ੁਰੂ ਕਰ ਦਿੱਤਾ ਸੀ। ਮੂਲ ਕਾਂਗਰਸ ਦੀ ਮੁਖੀ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਨੂੰ ਭਾਜਪਾ ਦੀ ਜਿੱਤ ਦੀ ਥਾਂ ਕਾਂਗਰਸ ਦੀ ਹਾਰ ਦੱਸਿਆ ਹੈ। ਦੂਜੇ ਬੰਨੇ ਜਨਤਾ ਦਲ (ਯੂ) ਦੇ ਨੇਤਾ ਕੇਸੀ ਤਿਆਗੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਕਾਂਗਰਸ ਆਪਣੇ ਦਮ 'ਤੇ ਜਿੱਤਣ ਜੋਗੀ ਨਹੀਂ ਰਹੀ ਹੈ। ਸ਼ਰਦ ਪਵਾਰ ਨੇ ਆਪਣੇ ਬਿਆਨ ਵਿੱਚ ਕਾਂਗਰਸ ਨੂੰ ਜਰੂਰ ਪਲੋਸਿਆ ਹੈ।

ਹੈਰਾਨੀ ਦੀ ਗੱਲ ਇਹ ਕਿ ਜਿਹੜੇ ਮੁੱਦਿਆਂ ਨੂੰ ਲੈ ਕੇ ਕਾਂਗਰਸ ਇਨ੍ਹਾਂ ਚੋਣਾਂ ਵਿੱਚ ਮੈਦਾਨ ਵਿੱਚ ਉਤਰੀ ਸੀ, ਉਹ ਆਪਣੇ ਹੱਕ ਵਿੱਚ ਨਹੀਂ ਭੁਗਤਾ ਸਕੇ, ਸਗੋਂ ਇਨ੍ਹਾਂ ਮੁੱਦਿਆਂ ਦਾ ਫਾਇਦਾ ਭਾਜਪਾ ਲੈਣ ਵਿੱਚ ਸਫਲ ਰਹੀ ਹੈ। ਇਸ ਗੱਲ ਤੋਂ ਵੀ ਨਹੀਂ ਮੁੱਕਰਿਆ ਜਾ ਸਕਦਾ ਕਿ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਗਾਰੰਟੀਆਂ ਦੇ ਤੀਰ ਨੇ ਕਾਂਗਰਸ ਨੂੰ ਸਭ ਤੋਂ ਬੁਰੀ ਤਰ੍ਹਾਂ ਵਿੰਨ੍ਹਿਆ ਹੈ। ਮੋਦੀ ਇਹ ਚੰਗੀ ਤਰ੍ਹਾਂ ਜਾਣ ਚੁੱਕੇ ਹਨ ਕਿ ਸੱਤਾ ਦੀ ਕੁੰਜੀ ਔਰਤਾਂ ਦੇ ਹੱਥ ਹੈ। ਮਹਿੰਗਾਈ ਤੋਂ ਰਾਹਤ ਲਈ ਕੈਸ਼ ਟਰਾਂਸਫਰ ਦਾ ਫੈਸਲਾ ਭਾਜਪਾ ਦੇ ਹੱਕ ਵਿੱਚ ਭੁਗਤਿਆ ਹੈ। ਰਾਮ ਮੰਦਰ ਅਤੇ ਹਿੰਦੂਤਵ ਤਾਂ ਭਾਜਪਾ ਅਤੇ ਸੰਘ ਦਾ ਕੋਰ ਮੁੱਦਾ ਹੈ।

ਕਾਂਗਰਸ ਨੇ ਤਿੰਨ ਰਾਜਾਂ ਵਿੱਚ ਜਾਤੀ ਮਰਦਮਸ਼ੁਮਾਰੀ ਦਾ ਮੁੱਦਾ ਖੂਬ ਚੁੱਕਿਆ, ਪਰ ਕੋਈ ਲਾਭ ਨਹੀਂ ਹੋ ਸਕਿਆ। ਕਾਂਗਰਸ ਦੇ ਏਜੰਡੇ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਵੀ ਪ੍ਰਮੁੱਖ ਸੀ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਮੁਲਾਜ਼ਮਾਂ ਨੂੰ ਮੁੜ ਵਿਚਾਰ ਕਰਨ ਦਾ ਦਿੱਤਾ ਭਰੋਸਾ ਕਾਂਗਰਸ ਦੇ ਮੈਨੀਫੈਸਟੋ ਉੱਤੇ ਕਾਟ ਕਰ ਗਿਆ। ਕਾਂਗਰਸ ਦੀ ਹਾਰ ਲਈ ਚਾਹੇ ਕਿਸੇ ਇੱਕ ਨੇਤਾ ਨੂੰ ਨਿੱਜੀ ਤੌਰ ਉੱਤੇ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਪਰ ਰਾਹੁਲ ਗਾਂਧੀ ਉੱਤੇ ਸੂਈ ਮੁੱਖ ਤੌਰ 'ਤੇ ਧਰੀ ਜਾ ਰਹੀ ਹੈ। ਰਾਹੁਲ, ਜਿਸ ਨੇ ਪਿਛਲੇ ਕੁਝ ਸਮੇਂ ਦੌਰਾਨ 'ਪੱਪੂ' ਹੋਣ ਦਾ ਕਲੰਕ ਧੋਤਾ ਸੀ, ਇਨ੍ਹਾਂ ਚੋਣਾਂ ਵਿੱਚ ਨਿਆਣਾਪਣ ਮੁੜ ਤੋਂ ਖਿਲਾਰ ਗਏ ਹਨ। ਸਿਆਸੀ ਪਾਰਟੀਆਂ ਨੇ ਤਾਂ ਕਾਂਗਰਸ ਦੇ ਇੱਕ ਨੇਤਾ ਉੱਤੇ ਹੰਕਾਰੀ ਹੋਣ ਦਾ ਟੈਗ ਵੀ ਲਾ ਦਿੱਤਾ ਹੈ। ਇੰਡੀਆ ਗੱਠਜੋੜ ਦੀ ਨਾਰਾਜ਼ਗੀ ਵੀ ਇਸੇ ਨਾਲ ਜੁੜੀ ਦੱਸੀ ਜਾ ਰਹੀ ਹੈ।

ਮੱਧ ਪ੍ਰਦੇਸ਼ ਵਿੱਚ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਜਿੱਤ ਤਾਂ ਗਏ ਹਨ, ਪਰ ਉਨ੍ਹਾਂ ਦੇ 23 ਵਿੱਚੋਂ 12 ਮੰਤਰੀ ਹਾਰ ਗਏ ਹਨ। ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਦੀ ਸਰਕਾਰ ਦੇ 25 ਮੰਤਰੀਆਂ ਵਿੱਚੋਂ ਸਿਰਫ ਅੱਠ ਹੀ ਜਿੱਤ ਪ੍ਰਾਪਤ ਕਰ ਸਕੇ ਹਨ। ਛੱਤੀਸਗੜ੍ਹ ਵਿੱਚ ਭੁਪੇਸ਼ ਬਘੇਲ ਦੇ 11 ਮੰਤਰੀਆਂ ਵਿੱਚੋਂ ਅੱਠ ਹੀ ਆਪਣੀ ਸੀਟ ਬਚਾ ਸਕੇ ਹਨ।

ਮੱਧ ਪ੍ਰਦੇਸ਼ ਵਿੱਚ ਭਾਜਪਾ ਨੂੰ ਪਹਿਲਾਂ ਨਾਲੋਂ 54 ਸੀਟਾਂ ਦਾ ਫਾਇਦਾ ਹੋਇਆ ਹੈ ਅਤੇ ਉਸਨੇ 163 ਸੀਟਾਂ ਲੈ ਕੇ ਬਹੁਮਤ ਪ੍ਰਾਪਤ ਕੀਤਾ ਹੈ। ਕਾਂਗਰਸ ਦੇ ਹੱਥੋਂ 48 ਸੀਟਾਂ ਜਾਂਦੀਆਂ ਰਹੀਆਂ ਹਨ। ਰਾਜਸਥਾਨ ਦੀ ਗੱਲ ਕਰੀਏ ਤਾਂ ਭਾਜਪਾ ਨੇ 115 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ, ਜਿਹੜੀ ਕਿ ਪਿਛਲੀਆਂ ਵਾਰ ਨਾਲੋਂ 42 ਜ਼ਿਆਦਾ ਹਨ। ਕਾਂਗਰਸ ਨੂੰ 69 ਨਾਲ ਸਬਰ ਕਰਨਾ ਪਿਆ, ਜਦਕਿ 30 ਸੀਟਾਂ ਗਵਾਈਆਂ ਹਨ। ਆਜ਼ਾਦ ਉਮੀਦਵਾਰ ਇਸ ਵਾਰ ਫਾਇਦੇ ਵਿੱਚ ਰਹੇ ਹਨ। ਪਿਛਲੀ ਵਾਰ ਸਿਰਫ ਤਿੰਨ ਨੇ ਜਿੱਤ ਪ੍ਰਾਪਤ ਕੀਤੀ ਸੀ, ਜਦਕਿ ਇਸ ਵਾਰ ਪਹਿਲਾਂ ਨਾਲੋਂ 12 ਵੱਧ ਜਿੱਤੇ ਹਨ। ਛੱਤੀਸਗੜ੍ਹ ਵਿੱਚ ਭਾਜਪਾ ਨੂੰ ਪਹਿਲਾਂ ਨਾਲੋਂ 39 ਸੀਟਾਂ ਉੱਤੇ ਫਾਇਦਾ ਹੋਇਆ ਹੈ ਅਤੇ 54 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਨੇ 35 ਸੀਟਾਂ ਲਈਆਂ, ਜਦਕਿ 33 ਉੱਤੇ ਘਾਟਾ ਖਾਧਾ ਹੈ।

ਤੇਲੰਗਾਨਾ ਵਿੱਚ ਕਾਂਗਰਸ 64 ਸੀਟਾਂ ਲੈ ਕੇ ਬਹੁਮਤ ਪ੍ਰਾਪਤ ਕਰ ਗਈ ਅਤੇ ਪਹਿਲਾਂ ਨਾਲੋਂ 45 ਸੀਟਾਂ ਉੱਤੇ ਵੱਧ ਫਾਇਦਾ ਰਿਹਾ ਹੈ। ਇੱਥੇ ਕਾਂਗਰਸ ਦਾ ਮੁਕਾਬਲਾ ਸਥਾਨਕ ਸਿਆਸੀ ਪਾਰਟੀ ਨਾਲ ਸੀ, ਜਦਕਿ ਭਾਜਪਾਈ ਇੱਕ ਤਰ੍ਹਾਂ ਗੇਮ ਵਿੱਚੋਂ ਬਾਹਰ ਰਹੀ। ਇਸੇ ਤਰ੍ਹਾਂ ਮਿਜ਼ੋਰਮ ਵਿਚ ਵੀ ਸਥਾਨਕ ਪਾਰਟੀਆਂ ਨੇ ਦੋਵੇਂ ਕੌਮੀ ਪਾਰਟੀਆਂ ਨੂੰ ਨੇੜੇ ਫਟਕਣ ਨਾ ਦਿੱਤਾ। ਭਾਜਪਾ ਨੂੰ ਦੋ ਸੀਟਾਂ ਮਿਲੀਆਂ ਅਤੇ ਕਾਂਗਰਸ ਇੱਕ ਸੀਟ ਲੈ ਕੇ ਫਾਡੀ ਰਹੀ ਹੈ।

ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਹਰ ਪਾਸਿਓਂ ਮੱਤਾਂ ਮਿਲਣ ਲੱਗੀਆਂ ਹਨ। ਆਮ ਆਦਮੀ ਪਾਰਟੀ ਦੇ ਬੇੜੇ ਵਿੱਚ ਸੁੰਨ ਪਸਰ ਗਈ ਹੈ। ਆਪਣੇ ਸੁਭਾਅ ਦੇ ਉਲਟ 'ਆਪ' ਵੱਲੋਂ ਕੋਈ ਟਵੀਟ ਵੀ ਨਹੀਂ ਕੀਤਾ ਗਿਆ ਹੈ। ਰਵਾਇਤੀ ਪਾਰਟੀਆਂ ਦੀ ਤਰ੍ਹਾਂ 'ਆਪ' ਨੇ ਜੇਤੂ ਰਹੀਆਂ ਪਾਰਟੀਆਂ ਨੂੰ ਰਸਮੀ ਵਧਾਈ ਦੇਣ ਦੀ ਵੀ ਲੋੜ ਨਹੀਂ ਸਮਝੀ ਹੈ। ਕਾਂਗਰਸ ਦੇ ਨਾਲ ਬਣਦੀ ਨਮੋਸ਼ੀ ਆਮ ਆਦਮੀ ਪਾਰਟੀ ਦੇ ਵੀ ਪੱਲੇ ਪਈ ਹੈ। ਕਾਂਗਰਸ ਦਾ ਪੂਰੇ ਮੁਲਕ ਦੇ ਤਿੰਨ ਰਾਜਾਂ ਉੱਤੇ ਕਬਜ਼ਾ ਰਹਿ ਗਿਆ ਹੈ, ਜਦਕਿ 'ਆਪ' ਦੀਆਂ ਦੋ ਰਾਜਾਂ ਵਿੱਚ ਸਰਕਾਰਾਂ ਹਨ। ਚੋਣ ਨਤੀਜਿਆਂ ਦੀ ਗੱਲ ਕਰੀਏ ਤਾਂ ਆਮ ਆਦਮੀ ਪਾਰਟੀ ਨੂੰ ਨੋਟਾਂ ਨਾਲੋਂ ਵੀ ਘੱਟ ਵੋਟਾਂ ਪਈਆਂ ਹਨ। ਹੁਣ ਇਸ ਦਾ ਮਤਲਬ ਇਹ ਸਮਝ ਲਿਆ ਜਾਵੇ ਕਿ ਆਮ ਆਦਮੀ ਪਾਰਟੀ ਸਿਰਫ ਦਿੱਲੀ ਅਤੇ ਪੰਜਾਬ ਤੱਕ ਸਿਮਟ ਕੇ ਰਹਿ ਗਈ ਹੈ। ਪਹਿਲਾਂ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਨੂੰ ਕੋਈ ਵੱਡਾ ਹੁੰਗਾਰਾ ਨਹੀਂ ਸੀ ਮਿਲਿਆ।

ਇਨ੍ਹਾਂ ਚੋਣ ਨਤੀਜਿਆਂ ਦਾ ਪੰਜਾਬ ਦੀ ਸਿਆਸਤ ਉੱਤੇ ਪ੍ਰਭਾਵ ਪੈਣਾ ਵੀ ਲਾਜ਼ਮੀ ਹੈ। ਚੋਣ ਨਤੀਜਿਆਂ ਦਾ ਐਲਾਨ ਆਉਣ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਤੋਂ ਸਿਆਸੀ ਗੱਠਜੋੜ ਹੋਣ ਦੀ ਚਰਚਾ ਛਿੜ ਪਈ ਹੈ। ਸੂਤਰ ਤਾਂ ਇਹ ਵੀ ਦੱਸਦੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੇ ਵਰਕਰ ਅੰਦਰੋਂ ਅੰਦਰੀ ਆਪਣੀ ਹੋਂਦ ਬਚਾਉਣ ਲਈ ਇਕੱਠੇ ਹੋਣ ਦੀ ਲੋੜ ਸਮਝਣ ਲੱਗ ਪਏ ਹਨ। ਪੰਜਾਬ ਵਿੱਚ ਕਾਂਗਰਸ ਅਤੇ 'ਆਪ' ਦਾ ਸਮਝੌਤਾ ਹੋ ਜਾਂਦਾ ਹੈ ਤਾਂ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਨਤੀਜੇ ਹੱਕ ਵਿੱਚ ਭੁਗਤ ਸਕਦੇ ਹਨ, ਨਹੀਂ ਤਾਂ ਅਕਾਲੀ-ਭਾਜਪਾ ਗਠਜੋੜ ਇੱਕ ਦੀਵਾਰ ਬਣ ਕੇ ਖੜ੍ਹ ਸਕਦਾ ਹੈ।

ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਨਰਿੰਦਰ ਮੋਦੀ ਵੱਲੋਂ ਹੈਟਟ੍ਰਿਕ ਬਣਾਉਣ ਦੇ ਚਰਚੇ ਸ਼ੁਰੂ ਹੋ ਗਏ ਹਨ। ਭਾਜਪਾ ਦੀ ਤੇਜ਼ ਹੋਈ ਲਹਿਰ ਨੂੰ ਰੋਕਣ ਲਈ ਕਾਂਗਰਸ ਵਿਸ਼ੇਸ਼ ਕਰਕੇ 'ਇੰਡੀਆ' ਗਠਜੋੜ ਨੂੰ ਹਿੱਕ ਡਾਹ ਕੇ ਖੜ੍ਹਨਾ ਪਵੇਗਾ, ਨਹੀਂ ਤਾਂ ਦੂਜੀ ਵਾਰ ਕਹਿਰ ਵਰਤਣਾ ਸੁਭਾਵਿਕ ਹੈ। ਇਹ ਵੀ ਨਹੀਂ ਕਿ ਵੋਟਰਾਂ ਦਾ ਵੱਡਾ ਹਿੱਸਾ ਭਾਜਪਾ ਦੀਆਂ ਨੀਤੀਆਂ ਤੋਂ ਖੁਸ਼ ਹੈ, ਪਰ ਬਹੁਤ ਵਾਰ ਵਿਰੋਧੀਆਂ ਦੀ ਆਪਣੀ ਲੜਾਈ ਜਿੱਤ ਪਰੋਸ ਕੇ ਦੂਜੇ ਦੀ ਝੋਲੀ ਵਿੱਚ ਪਾ ਦਿੰਦੀ ਹੈ।

## ਪੰਜਾਬ ਦੀ ਸਿਆਸਤ 'ਚੋਂ ਭਾਜਪਾ ਹਾਲੇ ਮਨਫੀ

ਭਾਰਤ ਦੇ ਚਾਰ ਰਾਜਾਂ ਦੀਆਂ ਵਿਧਾਨ ਸਭਾ ਦੇ ਨਤੀਜੇ ਆਉਣ ਪਿੱਛੋਂ ਹੁਣ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਲਈ ਬਿਗਲ ਵੀ ਵੱਜ ਜਾਣਾ ਹੈ। ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਪਣਾ ਸਿਆਸੀ ਦੁਸ਼ਮਣ ਚੁਣਨ ਵੱਲ ਨੂੰ ਤੁਰਨ ਲੱਗ ਪਈਆਂ ਹਨ। ਦਿੱਲੀ ਵਿੱਚ ਆਮ ਆਦਮੀ ਪਾਰਟੀ ਨੇ ਕਾਂਗਰਸ




ਨੂੰ ਨਿਗਲ ਲਿਆ ਸੀ। ਹੁਣ ਸ਼੍ਰੋਮਣੀ ਅਕਾਲੀ ਦਲ ਨੂੰ ਚੱਬਣ ਵੱਲ ਵਧ ਰਹੀ ਹੈ। ਪਿਛਲੇ ਇਤਿਹਾਸ ਉੱਤੇ ਜੇ ਝਾਤ ਮਾਰੀਏ ਤਾਂ ਇਹ ਗੱਲ ਹੋਰ ਵੀ ਸਾਫ ਨਜ਼ਰ ਆਉਣ ਲੱਗਦੀ ਹੈ ਕਿ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਸੱਤਾਧਾਰੀ ਪਾਰਟੀਆਂ ਆਪਣੀ ਦੁਸ਼ਮਣ ਪਾਰਟੀ ਚੁਣਨ ਲੱਗਦੀਆਂ ਹਨ। ਭਾਰਤੀ ਜਨਤਾ ਪਾਰਟੀ ਮੁਲਕ ਪੱਧਰ 'ਤੇ 'ਇੰਡੀਆ' ਨੂੰ ਆਪਣਾ ਮੁੱਖ ਵਿਰੋਧੀ ਸਮਝਣ ਲੱਗੀ ਹੈ, ਜਦਕਿ ਪੰਜਾਬ ਵਿੱਚ 'ਆਪ' ਨੇ ਸ਼੍ਰੋਮਣੀ ਅਕਾਲੀ ਦਲ ਨਾਲ ਤਕੜਾ ਖੜਕਾ-ਦੜਕਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿੱਚ 'ਆਪ' ਨੇ ਆਪਣਾ ਦੁਸ਼ਮਣ ਬਦਲ ਲਿਆ ਹੈ, ਕਿਉਂਕਿ ਕੌਮੀ ਪੱਧਰ 'ਤੇ 'ਆਪ' ਅਤੇ ਕਾਂਗਰਸ ਵਿੱਚ ਸਿਆਸੀ ਗੱਠਜੋੜ ਕਾਫੀ ਹੱਦ ਤੱਕ ਪੱਕਾ ਮੰਨਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦਾ ਜ਼ਿਕਰ ਨਾ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਟੇਜਾਂ 'ਤੇ ਕਰ ਰਹੇ ਹਨ ਅਤੇ ਨਾ ਹੀ ਆਪਣੇ ਭਾਸ਼ਣਾਂ ਵਿੱਚ ਕਾਂਗਰਸ ਨੇ ਭਾਜਪਾ ਨੂੰ ਨਿਸ਼ਾਨੇ 'ਤੇ ਲਿਆ ਹੈ। ਅਕਾਲੀ ਦਲ ਹਾਲ ਦੀ ਘੜੀ ਛੋਟੇ-ਮੋਟੇ ਮੁੱਦਿਆਂ ਨੂੰ ਲੈ ਕੇ ਭਾਜਪਾ ਦੀ ਥਾਂ ਕੇਂਦਰ ਸਰਕਾਰ ਨੂੰ ਜਰੂਰ ਘੇਰ ਰਿਹਾ ਹੈ।

ਭਾਜਪਾ ਦੀਆਂ ਪੰਜਾਬ ਵਿੱਚ ਸਰਗਰਮੀਆਂ ਲਗਭਗ ਠੱਪ ਹਨ। ਟਕਸਾਲੀ ਕਾਂਗਰਸੀ ਆਗੂ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਉਣ ਤੋਂ ਬਾਅਦ ਪਾਰਟੀ ਜਿਵੇਂ ਕੁੰਭ ਕਰਨ ਦੀ ਨੀਂਦੇ ਸੌਂ ਗਈ ਹੋਵੇ! ਭਾਜਪਾ ਹਾਈ ਕਮਾਂਡ ਵੱਲੋਂ ਪੰਜਾਬ ਇਕਾਈ ਦੇ ਨਵੇਂ ਇੰਚਾਰਜ ਲਾਉਣ ਤੋਂ ਬਾਅਦ ਸਥਾਨਕ ਸਰਕਾਰ ਦੀਆਂ ਚੋਣਾਂ ਨੂੰ ਲੈ ਕੇ ਘੁਸਰ-ਮੁਸਰ ਜ਼ਰੂਰ ਹੋਈ ਹੈ, ਪਰ ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਜ਼ੀਰੋ ਹਨ। ਪਾਰਟੀ ਅੰਦਰਲਾ ਕੌੜਾ ਸੱਚ ਇਹ ਹੈ ਕਿ ਟਕਸਾਲੀ ਭਾਜਪਾਈ ਹਾਲੇ ਤੱਕ ਤਾਂ ਪ੍ਰਧਾਨ ਸੁਨੀਲ ਜਾਖੜ ਨੂੰ ਆਪਣਾ ਲੀਡਰ ਮੰਨਣ ਲਈ ਤਿਆਰ ਨਹੀਂ ਹਨ। ਸੁਨੀਲ ਜਾਖੜ ਪ੍ਰਧਾਨ ਬਣਨ ਤੋਂ ਬਾਅਦ ਥੋੜ੍ਹੇ ਸਮੇਂ ਲਈ ਸਰਗਰਮ ਜ਼ਰੂਰ ਹੋ ਗਏ ਸਨ, ਪਰ ਜਦੋਂ ਤੋਂ ਕਈ ਕਾਂਗਰਸੀ ਨੇਤਾ ਭਾਜਪਾ ਦੇ ਬੇੜੇ ਵਿੱਚੋਂ ਛਾਲਾ ਮਾਰ ਗਏ ਹਨ, ਉਸ ਤੋਂ ਬਾਅਦ ਇੰਝ ਲੱਗਦਾ ਹੈ ਜਿਵੇਂ ਸੁਨੀਲ ਜਾਖੜ ਇਕੱਲੇ ਰਹਿ ਗਏ ਹੋਣ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਨੂੰ ਹਰ ਰੋਜ਼ ਲੰਮੇ ਹੱਥੀਂ ਲਿਆ ਜਾ ਰਿਹਾ ਹੈ। ਕਾਂਗਰਸ ਵੀ ਦੱਬਵੀਂ ਜ਼ੁਬਾਨ 'ਚ ਨੁਕਤਾਚੀਨੀ ਕਰ ਰਹੀ ਹੈ, ਪਰ ਪੰਜਾਬ ਭਾਜਪਾਈ ਆਪਣੇ ਘਰੀ ਬੈਠੇ ਹਨ। ਇੰਝ ਲੱਗ ਰਿਹਾ ਹੈ, ਜਿਵੇਂ ਭਾਜਪਾ ਹਾਈ ਕਮਾਂਡ ਨੂੰ ਵੀ ਇਹ ਸਮਝ ਲੱਗ ਗਈ ਹੋਵੇ ਕਿ ਪੰਜਾਬੀ ਹਾਲੇ ਦਿਲੋਂ ਨੇੜੇ ਨਹੀਂ ਹੋਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਿਰ ਕੱਢ ਸਿੱਖ ਨੇਤਾਵਾਂ ਨਾਲ ਮਿਲਣੀਆਂ ਵੀ ਦੋਹਾਂ ਧਿਰਾਂ ਨੂੰ ਨੇੜੇ ਨਹੀਂ ਕਰ ਸਕੀਆਂ ਹਨ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਭਾਜਪਾ ਨੂੰ ਪੰਜਾਬ ਵਿੱਚ ਮੁੜ ਤੋਂ ਪੈਰੀਂ ਕਰਨ ਦੀ ਸਮਰੱਥਾ ਤਾਂ ਰੱਖਦੇ ਹਨ, ਪਰ ਇੰਝ ਲੱਗਦਾ ਹੈ ਜਿਵੇਂ ਭਾਜਪਾ ਹਾਈ ਕਮਾਂਡ ਦੇ ਕੰਨੀਂ ਇਹ ਕਿਸੇ ਨੇ ਗੁਰ ਪਾਇਆ ਨਾ ਹੋਵੇ। ਪੰਜਾਬ ਭਾਜਪਾ ਨੂੰ ਕਿਸੇ ਬੇਦਾਗ ਸਿੱਖ ਨੇਤਾ ਦੀ ਲੋੜ ਹੈ। ਸ. ਲਾਲਪੁਰਾ ਇਸ ਕਸਵੱਟੀ 'ਤੇ ਪੂਰਾ ਉਤਰਦੇ ਹਨ।

ਪੰਜਾਬ ਵਿੱਚ ਨਵਜੋਤ ਸਿੰਘ ਸਿੱਧੂ ਆਪਣੀ ਸਿਆਸਤ ਖੜ੍ਹੀ ਨਹੀਂ ਕਰ ਸਕੇ, ਹਾਲਾਂਕਿ ਲੋਕਾਂ ਨੇ ਉਨ੍ਹਾਂ ਦੇ ਸਿਰ 'ਤੇ ਤਾਜ ਵੀ ਧਰਿਆ ਸੀ। ਇਸ ਵੇਲੇ ਸਿੱਧੂ ਦੀ ਤਰਜ ਉੱਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਗਰਜ ਰਹੇ ਹਨ। ਮਜੀਠੀਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਬਰਾਬਰੋ ਬਰਾਬਰੀ ਭਿੜ ਵੀ ਰਹੇ ਹਨ। ਮੁੱਖ ਮੰਤਰੀ ਮਾਨ ਨੇ ਜੇ ਅਰਬੀ ਘੋੜੇ ਜਿਹੜੇ ਕਿ ਮਜੀਠੀਆ ਖਾਨਦਾਨ ਦੇ ਬਜ਼ੁਰਗ ਅਤੇ ਸਾਬਕਾ ਕੇਂਦਰੀ ਮੰਤਰੀ ਸੁਰਜੀਤ ਸਿੰਘ ਮਜੀਠੀਆ ਨੂੰ ਮਿਲੇ ਸਨ, ਦੇ ਥਹੁ-ਪਤੇ ਬਾਰੇ ਪੁੱਛਿਆ ਤਾਂ ਬਿਕਰਮ ਨੇ ਵੀ ਇਹ ਕਿਹਾ ਕਿ ਅਰਬੀ ਘੋੜੇ ਮੁੱਖ ਮੰਤਰੀ ਮਾਨ ਦੀ ਛਾਤੀ 'ਤੇ ਚੜਨਗੇ। ਬਿਕਰਮ ਸਿੰਘ ਮਜੀਠੀਆ ਉਹ ਨੇਤਾ ਹੈ, ਜੋ ਆਪਣੀ ਗਰਮੋ ਗਰਮ ਭਾਸ਼ਾ ਵਿੱਚ ਪੰਜਾਬ ਸਰਕਾਰ ਅਤੇ ਇਸ ਦੇ ਮੰਤਰੀਆਂ ਦੇ ਪੋਤੜੇ ਫਰੋਲਣ ਵਿੱਚ ਕੋਈ ਢਿੱਲ੍ਹ ਨਹੀਂ ਕਰ ਰਿਹਾ ਹੈ। ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਟੋਨ ਵੀ ਇਹੋ ਹੁੰਦੀ ਸੀ।

ਭਗਵੰਤ ਸਿੰਘ ਮਾਨ ਅਤੇ ਬਿਕਰਮ ਸਿੰਘ ਮਜੀਠੀਆ ਸਿਆਸੀ ਤੌਰ ਉੱਤੇ ਭਿੜਨ, ਕਿਸੇ ਨੂੰ ਕੋਈ ਉਜਰ ਨਹੀਂ, ਪਰ ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਸ਼ਬਦਾਵਲੀ ਦਾ ਪੱਧਰ ਬਹੁਤ ਹੇਠਾਂ ਕਰ ਦਿੱਤਾ ਜਾਂਦਾ ਹੈ। ਉਂਝ ਇਹ ਪੰਜਾਬ ਵਿੱਚ ਦਹਾਕਿਆਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਇੰਝ ਲੱਗ ਰਿਹਾ ਹੈ ਕਿ ਮੁੱਖ ਮੰਤਰੀ ਹੁਣ ਕਾਂਗਰਸ ਨਾਲ ਭਿੜਨ ਜੋਗੇ ਤਾਂ ਰਹੇ ਨਹੀਂ, ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਆਪਣੀ ਦੁਸ਼ਮਣ ਪਾਰਟੀ ਲੱਗਣ ਲੱਗਾ ਹੈ। ਆਮ ਆਦਮੀ ਪਾਰਟੀ ਨੇ ਆਪਣੀ ਸਰਕਾਰ ਕਾਂਗਰਸ ਨਾਲੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਜ਼ਿਆਦਾ ਵੋਟਾਂ ਖਾ ਕੇ ਬਣਾਈ ਸੀ। ਮੁੱਖ ਮੰਤਰੀ ਮਾਨ ਇਹ ਡਰ ਮੰਨ ਰਹੇ ਹਨ ਕਿ ਕਿਧਰੇ ਉਹ ਵੋਟਾਂ ਮੁੜ ਸ਼੍ਰੋਮਣੀ ਅਕਾਲੀ ਦਲ ਦੇ ਖੀਸੇ ਵਿੱਚ ਨਾ ਜਾ ਪੈ ਜਾਣ। 'ਆਪ' ਨੂੰ ਭਾਜਪਾ ਤੋਂ ਕੋਈ ਖਤਰਾ ਨਹੀਂ ਲੱਗ ਰਿਹਾ ਹੈ। ਕਾਂਗਰਸ ਪਾਰਟੀ, ਜਿਹਦੇ ਅੱਧੀ ਦਰਜਨ ਨੇਤਾਵਾਂ ਨੂੰ ਭਗਵੰਤ ਮਾਨ ਨੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕਿਆ ਸੀ, ਹੁਣ ਉਹ 'ਮਿੱਤਰ-ਪਾਰਟੀ' ਬਣ ਗਈ ਹੈ।

ਇੱਥੇ ਇਹ ਸੋਚਣਾ ਵੀ ਬਣਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਵੋਟਾਂ ਜਿਨ੍ਹਾਂ ਹਾਲਾਤ ਕਾਰਨ ਅਤੇ ਪ੍ਰਸਥਿਤੀਆਂ ਕਰਕੇ ਹੱਥੋਂ ਖਿਸਕੀਆਂ ਸਨ, ਕੀ ਸੁਖਬੀਰ ਸਿੰਘ ਬਾਦਲ ਜਾਂ ਉਨ੍ਹਾਂ ਦੇ ਪਰਿਵਾਰ ਸਮੇਤ ਸੀਨੀਅਰ ਲੀਡਰਸ਼ਿਪ ਵੱਲੋਂ ਉਹ ਗਲਤੀਆਂ ਸੁਧਾਰ ਲਈਆਂ ਗਈਆਂ ਹਨ? ਸ਼੍ਰੋਮਣੀ ਅਕਾਲੀ ਦਲ ਨੇ ਨਾ ਤਾਂ ਆਪਣੀ ਲੀਡਰਸ਼ਿਪ ਵਿੱਚ ਕੋਈ ਤਬਦੀਲੀ ਲਿਆਂਦੀ ਹੈ ਅਤੇ ਨਾ ਹੀ ਆਪਣੀਆਂ ਨੀਤੀਆਂ ਬਦਲੀਆਂ ਹਨ, ਜਿਸ ਕਰਕੇ ਮੁੱਖ ਮੰਤਰੀ ਮਾਨ ਦਾ ਡਰ ਵਾਧੂ ਦਾ ਜਾਪਦਾ ਹੈ। ਬਿਕਰਮ ਸਿੰਘ ਮਜੀਠੀਆ ਦੇ ਗਰਜਣ ਤੋਂ ਇੱਕ ਗੱਲ ਸਮਝ ਜਰੂਰ ਲੱਗ ਰਹੀ ਹੈ ਕਿ ਜੇ ਸੁਖਬੀਰ ਸਿੰਘ ਬਾਦਲ ਨੂੰ ਬਦਲਣ ਦੀ ਨੌਬਤ ਆਈ ਤਾਂ ਪ੍ਰਧਾਨਗੀ ਦਾ ਤਾਜ ਬਿਕਰਮ ਸਿੰਘ ਮਜੀਠੀਆ ਦੇ ਸਿਰ 'ਤੇ ਸਜਾ ਕੇ ਸਾਰਾ ਕੁਝ ਫਿਰ ਆਪਣੀ ਮੁੱਠੀ ਵਿੱਚ ਹੀ ਰੱਖ ਲਿਆ ਜਾਵੇਗਾ।

ਮੁੱਖ ਮੰਤਰੀ ਮਾਨ ਨੇ ਪਿਛਲੇ ਦਿਨਾਂ ਤੋਂ ਸ਼੍ਰੋਮਣੀ ਅਕਾਲੀ ਦਲ ਉੱਤੇ ਹਮਲੇ ਲਗਾਤਾਰ ਜਾਰੀ ਰੱਖੇ ਹਨ। ਆਪਣੇ ਇੱਕ ਭਾਸ਼ਣ ਵਿੱਚ ਉਨ੍ਹਾਂ ਨੇ ਬਾਦਲਕਿਆਂ ਅਤੇ ਮਜੀਠੀਆ- ਦੋਹਾਂ ਨੂੰ ਰਗੜਿਆ ਹੈ। ਇਸ ਵਾਰ ਤਾਂ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਮਰਨ ਤੋਂ ਬਾਅਦ ਆਮ ਕਰਕੇ ਮਨੁੱਖ ਖਾਲੀ ਹੱਥੀ ਜਾਂਦਾ ਹੈ, ਪਰ ਪ੍ਰਕਾਸ਼ ਸਿੰਘ ਬਾਦਲ ਮਾਰਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਨਾਲ ਹੀ ਲੈ ਗਏ ਹਨ।

ਪੰਜਾਬੀਆਂ ਦੀ ਤਾਸੀਰ ਵੱਖਰੀ ਹੈ। ਜੇ ਉਹ ਕਿਸੇ ਨੂੰ ਪਲਕਾਂ 'ਤੇ ਬਿਠਾਉਣਾ ਜਾਣਦੇ ਹਨ ਤਾਂ ਪਿੱਠ ਪਰਨੇ ਸੁੱਟਣ ਵਿੱਚ ਵੀ ਦੇਰ ਨਹੀਂ ਲਾਉਂਦੇ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਪਾਰਟੀ ਅਤੇ ਭਾਜਪਾ ਨੇ ਤਾਂ ਸਬਕ ਸਿੱਖ ਲਿਆ ਹੈ। ਆਮ ਆਦਮੀ ਪਾਰਟੀ ਨੂੰ ਵੀ ਪੰਜਾਬੀਆਂ ਦੀ ਨਬਜ਼ ਟੋਹ ਕੇ ਚੱਲਣਾ ਪਵੇਗਾ। ਸੰਗਰੂਰ ਦੀ ਜਿਮਨੀ ਲੋਕ ਸਭਾ ਚੋਣ ਵਿੱਚ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਆਪਣੇ ਸੁਭਾਅ ਦੀ ਝਲਕ ਦਿਖਾ ਦਿੱਤੀ ਸੀ।

# ਭਾਰਤੀ ਕਾਨੂੰਨਘਾੜੇ: ਕਰੋੜਪਤੀ ਅਤੇ ਅਪਰਾਧਿਕ ਛਵੀ ਵਾਲੇ

ਗਹਿਰ-ਗੰਭੀਰ

ਤਰਲੋਚਨ ਸਿੰਘ ਭੱਟੀ
ਪੀ. ਸੀ. ਐਸ. (ਸੇਵਾ ਮੁਕਤ)
ਫੋਨ: +91-9876502607



ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਗਣਰਾਜ ਹੈ, ਜੋ ਸੰਸਦੀ ਚੋਣ ਪ੍ਰਣਾਲੀ ਨਾਲ ਚਲਦਾ ਹੈ। ਭਾਰਤ ਦੇ ਸੰਵਿਧਾਨ ਤੇ ਸੰਵਿਧਾਨ ਅਧੀਨ ਬਣੇ ਕਾਨੂੰਨਾਂ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਭਾਰਤ ਦੀ ਸੰਸਦ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਤੇ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ਵਿੱਚ ਰਾਜਨੀਤਿਕ ਪਾਰਟੀਆਂ ਨੂੰ ਹਿੱਸਾ ਲੈਣ ਲਈ ਭਾਰਤ ਦੇ ਚੋਣ ਕਮਿਸ਼ਨ ਪਾਸ ਆਪਣੀ ਪਾਰਟੀ ਨੂੰ ਰਜਿਸਟਰ ਕਰਵਾਉਣਾ ਜ਼ਰੂਰੀ ਹੈ। ਭਾਰਤ ਦਾ ਚੋਣ ਕਮਿਸ਼ਨ ਆਪਣੇ ਮਾਪਦੰਡਾਂ ਦੇ ਆਧਾਰ 'ਤੇ ਰਾਜਨੀਤਿਕ ਪਾਰਟੀਆਂ ਦੀ ਦਰਜਾਬੰਦੀ ਵੀ ਕਰਦਾ ਹੈ ਅਤੇ ਇਸੇ ਦਰਜਾਬੰਦੀ ਦੇ ਆਧਾਰ 'ਤੇ ਰਾਜਨੀਤਿਕ ਪਾਰਟੀਆਂ ਨੂੰ ਰਜਿਸਟਰੇਸ਼ਨ ਦੇ ਨਾਲ ਨਾਲ ਚੋਣਾਂ ਵਿੱਚ ਪਾਰਟੀਆਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਪਾਰਟੀਆਂ ਨੂੰ ਚੋਣਾਂ ਲੜਨ ਲਈ ਚੋਣ ਚਿੰਨ੍ਹ ਅਲਾਟ ਕਰਦਾ ਹੈ।

ਚੋਣ ਕਮਿਸ਼ਨ ਵਲੋ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਭਾਰਤ ਵਿੱਚ 6 ਰਾਸ਼ਟਰੀ ਪੱਧਰ ਦੀਆਂ ਪਾਰਟੀਆਂ 54 ਖੇਤਰੀ ਪਾਰਟੀਆਂ ਅਤੇ 2597 ਗੈਰ-ਮਾਨਤਾ ਪ੍ਰਾਪਤ ਰਜਿਟਰਡ ਪਾਰਟੀਆਂ ਹਨ, ਜੋ ਚੋਣਾਂ ਵਿੱਚ ਆਪਣੇ ਉਮੀਦਵਾਰ ਉਤਾਰ ਸਕਦੀਆਂ ਹਨ। ਚੋਣਾਂ ਨਾਲ ਸਬੰਧਤ ਕਾਨੂੰਨਾਂ ਅਤੇ ਭਾਰਤ ਦੀ ਸੁਪਰੀਮ ਕੋਰਟ ਦੇ ਚੋਣਾਂ ਸਬੰਧੀ ਦਿੱਤੇ ਗਏ ਫੈਸਲਿਆਂ ਦੇ ਆਧਾਰ 'ਤੇ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਚੋਣ ਲੜਨ ਵਾਲਾ ਉਮੀਦਵਾਰ ਭਾਵੇਂ ਆਜ਼ਾਦ ਉਮੀਦਵਾਰ ਵਜੋਂ ਜਾਂ ਰਾਜਨੀਤਿਕ ਪਾਰਟੀ ਵਲੋਂ ਪਾਰਟੀ ਦਾ ਉਮੀਦਵਾਰ ਚੋਣ ਲੜਨ ਲਈ ਨਿਰਧਾਰਤ ਚੋਣ ਅਧਿਕਾਰੀ ਸਮੁੱਖ ਨਿਸ਼ਚਿਤ ਫਾਰਮੇਟ ਵਿੱਚ ਨਾਮਜਦਗੀ-ਪੱਤਰ ਭਰ ਕੇ ਦੇਵੇਗਾ, ਨਾਮਜਦਗੀ ਪੱਤਰਾਂ ਨਾਲ ਆਪਣੀ ਅਚੱਲ ਅਤੇ ਚੱਲ ਜਾਇਦਾਦ ਬਾਰੇ, ਆਮਦਨ ਸਰੋਤਾਂ, ਉਮਰ, ਵਿਦਿਆ ਯੋਗਤਾ ਅਤੇ ਵੋਟਰ ਹੋਣ ਦਾ ਸਬੂਤ ਦਿੰਦੇ ਹੋਏ ਤਸਦੀਕਸ਼ੁਦਾ ਹਲਫੀਆ ਬਿਆਨ ਵੀ ਦਿੰਦਾ ਹੈ, ਜਿਸ ਵਿੱਚ ਉਸ ਦੀ ਨਿੱਜੀ ਅਤੇ ਪਰਿਵਾਰਕ ਜਾਇਦਾਦ ਦੇ ਨਾਲ ਨਾਲ ਉਸ ਵਿਰੁੱਧ ਚਲ ਰਹੇ ਅਪਰਾਧਿਕ ਮਾਮਲਿਆਂ ਦਾ ਵੇਰਵਾਂ ਦੇਣਾ ਕਾਨੂੰਨਨ ਲਾਜ਼ਮੀ ਹੈ। ਇਹ ਵੀ ਲਾਜ਼ਮੀ ਹੈ ਕਿ ਚੋਣ ਖਰਚਿਆਂ ਦਾ ਹਿਸਾਬ-ਕਿਤਾਬ ਹਰੇਕ ਉਮੀਦਵਾਰ ਅਤੇ ਰਾਜਨੀਤਿਕ ਪਾਰਟੀ ਚੋਣ ਕਮਿਸ਼ਨ ਨੂੰ ਨਿਰਧਾਰਤ ਸਮੇਂ ਨਿਯਮਤ ਫਾਰਮੇਟ ਵਿੱਚ ਦੇਣਗੇ।

ਏ.ਡੀ.ਆਰ. ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ ਪਹਿਲੀ ਅਗਸਤ 2023 ਦੀ ਪ੍ਰੈਸ ਰਿਪੋਰਟ ਅਨੁਸਾਰ 28 ਰਾਜਾਂ ਅਤੇ 2 ਯੂਟੀਜ਼ ਦੀਆਂ ਵਿਧਾਨ ਸਭਾਵਾਂ ਦੇ ਮੌਜੂਦਾ ਕੁੱਲ 4033 ਮੈਂਬਰਾਂ ਵਿੱਚੋਂ 4001 ਮੈਂਬਰਾਂ ਵੱਲੋਂ ਆਪਣੀ ਚੋਣ ਦੌਰਾਨ ਭਾਰਤ ਦੇ ਚੋਣ ਕਮਿਸ਼ਨ ਨੂੰ ਆਪਣੇ ਨਾਮਜ਼ਦਗੀ ਪੱਤਰਾਂ ਦੇ ਨਾਲ ਨਾਲ ਆਪਣੇ ਵਿੱਤੀ ਸਰੋਤਾਂ, ਅੱਚਲ ਅਤੇ ਚੱਲ ਜਾਇਦਾਦ ਦੇ ਵੇਰਵੇ ਆਪਣੇ ਵਿਰੁੱਧ ਅਦਾਲਤਾਂ ਵਿੱਚ ਚਲ ਰਹੇ ਅਪਰਾਧਿਕ ਮਾਮਲਿਆਂ ਬਾਰੇ ਦਿੱਤੇ ਗਏ ਤਸਦੀਕਸ਼ੁਦਾ ਹਲਫਨਾਮਿਆਂ ਵਿੱਚ ਦਿੱਤੇ ਅੰਕੜਿਆਂ ਦੀ ਕੀਤੀ ਗਈ ਘੋਖ ਪੜਤਾਲ ਅਨੁਸਾਰ ਮੌਜੂਦਾ ਮੈਂਬਰ ਵਿਧਾਨ ਸਭਾਵਾਂ ਦੇ 4001 ਮੈਂਬਰਾਂ ਦੀ ਔਸਤਨ ਜਾਇਦਾਦ (ਅਚੱਲ ਅਤੇ ਚੱਲ) 13.63 ਕਰੋੜ ਰੁਪਏ ਹੈ, ਜਦਕਿ ਸਾਰੇ ਮੈਂਬਰਾਂ ਦੀ ਕੁੱਲ ਜਾਇਦਾਦ 54,545 ਕਰੋੜ ਰੁਪਏ ਹੈ। ਇਸ ਵਿੱਚੋਂ ਪੰਜਾਬ ਨਾਲ ਸਬੰਧਤ 117 ਮੈਂਬਰ ਵੀ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 1222 ਕਰੋੜ ਹੈ। ਕੁੱਲ 4001 ਮੈਂਬਰਾਂ ਵਿੱਚੋਂ 88 ਮੈਂਬਰ ਐਸੇ ਹਨ, ਜੋ ਅਰਬਪਤੀ ਹਨ।

ਪੰਜਾਬ ਦੇ 24 ਮੈਂਬਰ ਅਰਬਪਤੀ ਹਨ, ਜਦਕਿ 2 ਮੈਂਬਰਾਂ ਦੀ ਕੁੱਲ ਜਾਇਦਾਦ 18 ਤੋਂ 24 ਹਜ਼ਾਰ ਰੁਪਏ ਹੈ। 4001 ਵਿਧਾਨਕਾਰਾਂ ਵਿੱਚੋਂ 1774 ਮੈਂਬਰ (44%) ਵਿਰੁੱਧ ਅਪਰਾਧਿਕ ਕੇਸ ਅਤੇ 1136 ਮੈਂਬਰਾਂ (28%) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਹਨ। ਪੰਜਾਬ ਨਾਲ ਸਬੰਧਤ 117 ਵਿਧਾਨਕਾਰਾਂ ਵਿੱਚੋਂ 58 (50%) ਵਿਰੁੱਧ ਅਪਰਾਧਿਕ ਅਤੇ 27 (23%) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਲੰਬਿਤ ਹਨ।

ਏ.ਡੀ.ਆਰ. ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ 12 ਸਤੰਬਰ 2023 ਦੀ ਪ੍ਰੈਸ ਰਿਪੋਰਟ ਅਨੁਸਾਰ ਲੋਕ ਸਭਾ ਅਤੇ ਰਾਜ ਸਭਾ ਦੇ ਮੌਜੂਦਾ ਕੁੱਲ 776 ਵਿੱਚੋਂ 763 ਮੈਂਬਰਾਂ ਨਾਲ ਸਬੰਧਤ ਜਾਰੀ ਅੰਕੜਿਆਂ ਅਨੁਸਾਰ ਲੋਕ ਸਭਾ ਦੇ 538 ਮੈਂਬਰ ਅਤੇ ਰਾਜ ਸਰਕਾਰ 225 ਮੈਂਬਰਾਂ ਦੀ ਔਸਤਨ ਜਾਇਦਾਦ 38.33 ਕਰੋੜ ਹੈ। ਲੋਕ ਸਭਾ ਦੇ 538 ਮੈਂਬਰਾਂ ਵਿੱਚੋਂ 232 ਮੈਂਬਰਾਂ ਵਿੱਚ ਅਪਰਾਧਿਕ ਕੇਸ ਅਤੇ 154 ਵਿਰੁੱਧ ਗੰਭੀਰ ਅਪਰਾਧਿਕ ਕੇਸ ਅਦਾਲਤਾਂ ਵਿੱਚ ਚਲ ਰਹੇ ਹਨ, ਜਦਕਿ ਰਾਜ ਸਭਾ ਦੇ 225 ਮੈਂਬਰਾਂ ਵਿੱਚੋਂ 74 ਮੈਂਬਰਾਂ ਵਿਰੁੱਧ ਅਪਰਾਧਿਕ ਮਾਮਲੇ ਅਤੇ 40 ਮੈਂਬਰਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤ ਵਿੱਚ ਲੰਬਿਤ ਹਨ। ਗੰਭੀਰ ਅਪਰਾਧਿਕ ਮਾਮਲਿਆਂ ਤੋਂ ਭਾਵ ਐਸੇ ਕੇਸ ਜਿਨ੍ਹਾਂ ਵਿੱਚ ਜਲਦੀ ਨਾਲ ਜ਼ਮਾਨਤ ਨਹੀਂ ਹੁੰਦੀ, ਸਜ਼ਾ ਪੰਜ ਸਾਲ ਜਾਂ ਵਧੇਰੇ ਹੋ ਸਕਦੀ ਹੈ। ਇਸ ਵਿੱਚ ਔਰਤਾਂ ਵਿਰੁੱਧ ਅਪਰਾਧ (ਬਲਾਤਕਾਰ, ਉਧਾਲਣਾ, ਛੇੜਖਾਨੀ, ਕਤਲ, ਹੱਤਿਆ ਆਦਿ) ਸ਼ਾਮਲ ਹਨ।


ਭਾਰਤ ਦੀ ਸੰਸਦ ਦੀ ਤ੍ਰਾਸਦੀ ਹੈ ਕਿ ਉਸਦੇ 776 ਮੈਂਬਰਾਂ ਵਿੱਚੋਂ 306 (40%) ਵਿਰੁੱਧ ਅਪਰਾਧਿਕ ਮਾਮਲਿਆਂ ਅਤੇ 194 (25%) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਹਨ। ਸਾਲ 2019 ਵਿੱਚ ਲੋਕ ਸਭਾ ਦੀਆਂ 7 ਦੌਰਾਂ (11 ਅਪ੍ਰੈਲ ਤੋਂ 19 ਮਈ 2019) ਵਿੱਚ 543 ਸੀਟਾਂ ਲਈ ਹੋਈਆ ਚੋਣਾਂ ਜਿਸ ਨੂੰ ਭਾਰਤ ਦੇ ਚੋਣ ਕਮਿਸ਼ਨ ਨੇ 'ਕੋਈ ਵੋਟਰ ਵੋਟ ਪਾਉਣ ਤੋਂ ਰਹਿ ਨਾ ਜਾਵੇ' ਦਾ ਹੋਕਾ ਦਿੰਦੇ ਹੋਏ ਲੋਕ ਸਭਾ 2019 ਦੀਆਂ ਚੋਣਾਂ ਨੂੰ 'ਦੇਸ਼ ਦਾ ਮਹਾਤਿਉਹਾਰ' ਦੱਸਿਆ ਹੈ। ਪੰਜਾਬ ਨਾਲ ਸਬੰਧਤ ਲੋਕ ਸਭਾ 2019 ਦੀਆਂ ਚੋਣਾਂ ਵਿੱਚ ਲੋਕ ਸਭਾ ਦੀਆਂ 13 ਸੀਟਾਂ ਲਈ ਕੁੱਲ 278 ਉਮੀਦਵਾਰਾਂ ਨੇ ਚੋਣ ਲੜੀ।

ਏ.ਡੀ.ਆਰ. ਦੀ 12 ਮਈ 2019 ਦੀ ਪ੍ਰੈਸ ਰਿਪੋਰਟ ਅਨੁਸਾਰ 278 ਉਮੀਦਵਾਰਾਂ ਵਿੱਚੋ 39 (14%) ਉਮੀਦਵਾਰਾਂ ਵਿਰੁੱਧ ਅਪਰਾਧਿਕ ਮਾਮਲੇ ਅਤੇ 29 (10%) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਚਲ ਰਹੇ। ਕੁੱਲ 123 ਆਜ਼ਾਦ ਉਮੀਦਵਾਰਾਂ ਵਿੱਚ 12 (10%) ਵਿਰੁੱਧ ਅਪਰਾਧਿਕ ਮਾਮਲੇ ਅਤੇ 9 (7%) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਹਨ। ਰਾਜਨੀਤਿਕ ਪਾਰਟੀਆਂ ਵਲੋਂ ਚੋਣਾਂ ਲੜ ਰਹੇ 155 ਉਮੀਦਾਵਾਰ ਵਿੱਚੋਂ 14% ਤੋਂ 70% ਤੱਕ ਉਮੀਦਵਾਰਾਂ ਵਿਰੁੱਧ ਅਪਰਾਧਿਕ ਕੇਸ ਅਦਾਲਤਾਂ ਵਿੱਚ ਲੰਬਿਤ ਹਨ। ਰਾਸ਼ਟਰੀ ਪੱਧਰ ਅਤੇ ਖੇਤਰੀ ਪੱਧਰ ਦੀਆਂ ਰਾਜਨੀਤਿਕ ਪਾਰਟੀਆਂ ਨਾਲੋਂ ਗੈਰ-ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਵੱਲੋਂ ਚੋਣ ਲੜ ਰਹੇ ਲਗਭਗ 100% ਉਮੀਦਵਾਰਾਂ ਵਿਰੁੱਧ ਅਪਰਾਧਿਕ ਕੇਸ ਚਲ ਰਹੇ ਹਨ। ਕੁੱਲ 278 ਉਮੀਦਵਾਰਾਂ ਵਿੱਚੋਂ 67 (24%) ਦੀ ਜਾਇਦਾਦ ਇੱਕ ਕਰੋੜ ਤੋਂ ਵਧੇਰੇ ਹੈ, ਜਦਕਿ 123 ਆਜ਼ਾਦ ਉਮੀਦਵਾਰਾਂ ਵਿੱਚ 14 (11%) ਕਰੋੜਪਤੀ ਹਨ।

ਰਾਸ਼ਟਰੀ ਅਤੇ ਖੇਤਰੀ ਪਾਰਟੀਆਂ ਦੇ ਚੋਣ ਲੜਨ ਵਾਲੇ ਲਗਭਗ ਸਾਰੇ ਉਮੀਦਵਾਰ ਕਰੋੜਪਤੀ ਹਨ। ਕੁੱਲ 278 ਉਮੀਦਾਵਾਰਾਂ ਦੀ ਔਸਤਨ ਜਾਇਦਾਦ 5.06 ਕਰੋੜ ਹੈ, ਜਦਕਿ 123 ਆਜ਼ਾਦ ਉਮੀਦਵਾਰਾਂ ਦੀ ਔਸਤਨ ਜਾਇਦਾਦ 44 ਲੱਖ ਰੁਪਏ ਹੈ। 278 ਉਮੀਦਵਾਰਾਂ ਵਿੱਚੋਂ 10 ਉਮੀਦਵਾਰ ਐਸੇ ਹਨ, ਜੋ 2014 ਵਾਲੀ ਲੋਕ ਸਭਾ ਜਾਂ ਉਸ ਤੋਂ ਪਹਿਲਾਂ ਵਾਲੀ ਲੋਕ ਸਭਾ ਦੇ ਮੈਂਬਰ ਰਹਿ ਚੁੱਕੇ ਹਨ। 2019 ਵਿੱਚ ਚੋਣ ਲੜਨ ਵਾਲੇ ਸਾਬਕਾ ਮੈਂਬਰ ਲੋਕ ਸਭਾ ਦੀ 2014 ਔਸਤਨ ਜਾਇਦਾਦ 18.36 ਕਰੋੜ ਸੀ, ਜੋ 2019 ਵਿੱਚ 29.09 ਕਰੋੜ ਹੋ ਗਈ। ਜਾਇਦਾਦ ਦਾ ਇਹ ਵਾਧਾ ਲਗਭਗ 60% ਹੈ। ਉਮੀਦਵਾਰਾਂ ਨੇ ਆਪਣੀ ਆਮਦਨ ਅਤੇ ਜਾਇਦਾਦ ਦਾ ਮੁੱਖ ਸਰੋਤ ਤਨਖਾਹ, ਪੈਨਸ਼ਨ, ਜਾਇਦਾਦ ਤੋਂ ਮਿਲਦਾ ਕਿਰਾਇਆ, ਬੈਂਕਾਂ ਵਿੱਚ ਜਮ੍ਹਾਂ ਰਾਸ਼ੀ ਤੋਂ ਵਿਆਜ, ਖੇਤੀਬਾੜੀ ਤੋਂ ਆਮਦਨ, ਵਪਾਰ ਦੇ ਆਮਦਨ ਆਦਿ ਦਰਸਾਇਆ ਹੈ।

ਉਪਲੱਬਧ ਅੰਕੜਿਆਂ ਅਨੁਸਾਰ ਭਾਰਤ ਦੀ ਸੰਸਦ ਦੀਆਂ 2009, 2014 ਅਤੇ 2019 ਦੀਆਂ ਚੋਣਾਂ ਦੌਰਾਨ ਦੁਬਾਰਾ ਚੁਣੇ ਗਏ ਮੈਂਬਰਾਂ ਦੀ ਔਸਤਨ ਜਾਇਦਾਦ 6.15 ਕਰੋੜ (2009), 16.23 ਕਰੋੜ (2014) ਅਤੇ 23.75 ਕਰੋੜ (2019) ਦਰਸਾਈ ਗਈ ਹੈ। 2009 ਤੋ 2019 ਦੌਰਾਨ ਜਾਇਦਾਦ ਦਾ ਔਸਤਨ ਵਾਧਾ 17.59 ਕਰੋੜ ਹੋਇਆ ਹੈ। 2004 ਵਾਲੀ ਲੋਕ ਸਭਾ ਵਿੱਚ 125 ਮੈਂਬਰ (23%) 2009 ਵਾਲੀ ਲੋਕ ਸਭਾ ਵਿੱਚ 153 ਮੈਂਬਰ (28%) 2014 ਵਾਲੀ ਲੋਕ ਸਭਾ ਵਿੱਚ 185 ਮੈਂਬਰ (34%) ਅਤੇ 2019 ਵਾਲੀ ਲੋਕ ਸਭਾ ਦੇ 233 ਮੈਂਬਰ (43%) ਅਪਰਾਧਿਕ ਛਵੀ ਵਾਲੇ ਹਨ।

ਤ੍ਰਾਸਦੀ ਹੈ ਕਿ ਹਰੇਕ ਚੋਣਾਂ ਤੋਂ ਬਾਅਦ ਕਰੋੜਪਤੀ ਅਤੇ ਅਪਰਾਧਿਕ ਛਵੀ ਵਾਲੇ ਮੈਂਬਰਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਭਾਰਤ ਦੇ ਵੋਟਰਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਰਾਜਨੀਤਿਕ ਪਾਰਟੀਆਂ ਦੇ ਚੋਣ ਪ੍ਰਚਾਰ ਦੀ ਘੁੰਮਣਘੇਰੀ ਵਿੱਚ ਫਸਣ ਦੀ ਬਜਾਏ ਚੋਣ ਲੜ ਰਹੇ ਉਮੀਦਾਵਾਰਾਂ ਦੇ ਕਿਰਦਾਰ ਅਤੇ ਉਨ੍ਹਾਂ ਦੇ ਪਿਛੋਕੜ ਦੀ ਛਾਣਬੀਣ ਕਰਕੇ ਹੀ ਵੋਟ ਪਾਉਣੀ ਚਾਹੀਦੀ ਹੈ।



# ‘ਸਿੱਖਾਂ’ ਖਿਲਾਫ ਸਾਜ਼ਿਸ਼-ਦਰ-ਸਾਜ਼ਿਸ਼!

## ਅਮਰੀਕਾ ਵੱਲੋਂ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਲਈ ਯਤਨਸ਼ੀਲ ਵਿਅਕਤੀ ਖਿਲਾਫ ਕੇਸ ਦਰਜ

**ਪੰਜਾਬੀ ਪਰਵਾਜ਼ ਬਿਊਰੋ**

ਖਾਲਿਸਤਾਨ ਪੱਖੀ ਸਰਗਰਮੀਆਂ ਕਰਕੇ ਚਰਚਾ ਵਿੱਚ ਰਹਿੰਦੇ ਵਕੀਲ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੇ ਸ਼ੜਯੰਤਰ ਨੇ ਭਾਈਚਾਰਕ ਸਫਾਂ ਵਿੱਚ ਗੰਭੀਰ ਚਰਚਾਵਾਂ ਛੇੜ ਦਿੱਤੀਆਂ ਹਨ। ਖਾਲਿਸਤਾਨ ਦੇ ਹਮਾਇਤੀਆਂ ਨੇ ਇਸ ਸ਼ੜਯੰਤਰ ਨੂੰ ਸਮੁੱਚੀ ਸਿੱਖ ਕੌਮ ਦੇ ਖਿਲਾਫ ਭਾਰਤੀ ਏਜੰਸੀਆਂ ਦੀ ਡੂੰਘੀ ਸਾਜ਼ਿਸ਼ ਕਰਾਰ ਦਿੱਤਾ ਹੈ, ਜਦਕਿ ਸਿੱਖ ਭਾਈਚਾਰੇ ਵਿੱਚ ਇਹ ਵੀ ਚਰਚਾ ਹੈ ਕਿ ਇਹ ਸਭ ਕਥਿਤ ਗਰਮਖਿਆਲੀਆਂ ਦੀ ਸਿਆਸਤ ਅਤੇ ਖਾਲਿਸਤਾਨ ਪੱਖੀ ਸਰਗਰਮੀਆਂ ਦੇ ਮੱਦੇਨਜ਼ਰ ਹੋ ਰਿਹਾ ਹੈ। ਗੌਰਤਲਬ ਹੈ ਕਿ ਵਿਦੇਸ਼ਾਂ- ਖਾਸ ਕਰ ਅਮਰੀਕਾ ਤੇ ਕੈਨੇਡਾ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਸਾਰੇ ਲੋਕ ਖਾਲਿਸਤਾਨ ਪੱਖੀ ਨਹੀਂ ਹਨ, ਪਰ ਸਿੱਖ-ਵਿਰੋਧੀ ਕਾਰਵਾਈਆਂ ਨੇ ਭਾਈਚਾਰਕ ਹਲਕਿਆਂ ਵਿੱਚ ਅਸੁਖਾਵਾਂ ਮਾਹੌਲ ਜ਼ਰੂਰ ਪੈਦਾ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਦੋ ਕੁ ਮਹੀਨੇ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਸੀਆਂ ਦੇ ਸੰਭਾਵਿਤ ਰੂਪ ਵਿੱਚ ਸ਼ਾਮਲ ਹੋਣ ਦੇ ਦੋਸ਼ ਤੋਂ ਬਾਅਦ ਹੁਣ ਅਮਰੀਕਾ ਨੇ ਵੀ ਇਸੇ ਕਿਸਮ ਦੇ ਦੋਸ਼ ਭਾਰਤ ਖਿਲਾਫ ਲਗਾਏ ਹਨ। ਦੂਜੇ ਪਾਸੇ ਭਾਰਤੀ ਮੀਡੀਆ ਦੇ ਇੱਕ ਹਿੱਸੇ ਨੇ ਇਸ ਗੱਲ ਨੂੰ ਉਭਾਰਿਆ ਹੈ ਕਿ ਗੁਰਪਤਵੰਤ ਸਿੰਘ ਪੰਨੂੰ ਅਮਰੀਕਾ/ਕੈਨੇਡਾ ਦੀ ਸ਼ਰਨ ਵਿੱਚ ਬੈਠ ਕੇ ਖਾਲਿਸਤਾਨ ਦੇ ਨਾਂ ਉਤੇ ਭਾਰਤ ਖਿਲਾਫ ਭੜਕਾਊ ਬਿਆਨਬਾਜ਼ੀ ਕਰਦਾ ਰਹਿੰਦਾ ਹੈ। ਦਿਲਚਸਪ ਗੱਲ ਹੈ ਕਿ ਪੰਨੂ ਮਾਮਲਾ ਚਰਚਾ ‘ਚ ਆਉਣ ਕਾਰਨ ਹੁਣ ਵੱਖ ਵੱਖ ਗੁਰੂ ਘਰਾਂ ਦੀਆਂ ਸਟੇਜਾਂ ਤੋਂ ਵੀ ਖਾਲਿਸਤਾਨ ਦੀ ਗੱਲ ਮੁੜ ਤੁਰਨ ਲੱਗੀ ਹੈ। ਇਹ ਵੀ ਸਾਫ ਹੈ ਕਿ ਸਾਰੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਖਾਲਿਸਤਾਨ ਪੱਖੀ ਨਹੀਂ ਹਨ, ਪਰ ਜਿਨ੍ਹਾਂ ਕਮੇਟੀਆਂ ਵਿੱਚ ਖਾਲਿਸਤਾਨ ਪੱਖੀ ਨੁਮਾਇੰਦੇ ਸ਼ਾਮਲ ਹਨ, ਉਥੇ ਸਟੇਜ ਤੋਂ ਖਾਲਿਸਤਾਨ ਲਈ ਤਰੱਦਦ ਹੋਰ ਤੇਜ਼ ਕਰਨ ਦੀਆਂ ਗੱਲਾਂ ਜ਼ਰੂਰ ਹੋਣ ਲੱਗੀਆਂ ਹਨ।

ਗੁਰਪਤਵੰਤ ਸਿੰਘ ਪੰਨੂੰ ਵਾਲੇ ਹਾਲੀਆ ਮਾਮਲੇ ਵਿੱਚ ਮੈਨਹਟਨ ਦੀ ਇੱਕ ਫੈਡਰਲ ਅਦਾਲਤ ਵਿੱਚ ਸਰਕਾਰੀ ਵਕੀਲ ਵੱਲੋਂ ਨਿਖਲ ਗੁਪਤਾ ਖਿਲਾਫ ਜਿਹੜੀ ਕੇਸ ਫਾਈਲ ਦਰਜ ਕੀਤੀ ਗਈ ਹੈ, ਉਸ ਵਿੱਚ ਸਪਸ਼ਟ ਨਾਂ ਤਾਂ ਭਾਵੇਂ ਨਿਖਲ ਗੁਪਤਾ ਦਾ ਹੀ ਬੋਲਦਾ ਹੈ, ਪਰ ਕੋਡ ਅੱਖਰਾਂ ਵਿੱਚ ਕੁਝ ਹੋਰ ਨਾਂ ਵੀ ਸ਼ਾਮਲ ਹਨ, ਜਿਹੜੇ ਮਾਮਲੇ ਨਾਲ ਜੁੜੇ ਹੋਏ ਹਨ। ਭਾਰਤ ਵਿੱਚ ਇੰਡੀਅਨ ਐਕਸਪ੍ਰੈਸ ਦੇ ਸਾਬਕਾ ਐਡੀਟਰ ਸ਼ੇਖਰ ਗੁਪਤਾ ਨੇ ਆਪਣੀ ਪੋਰਟਲ ‘ਤੇ ਬੋਲਦਿਆਂ ਕਿਹਾ ਕਿ ਅਮਰੀਕੀ ਅਧਿਕਾਰੀਆਂ ਵੱਲੋਂ ਦਾਖਲ ਕੀਤੀ ਗਈ ਚਾਰਜਸ਼ੀਟ ਭਾਸ਼ਾਈ ਅਤੇ ਟੈਕਸਚੂਅਲ ਕੁਆਲਿਟੀ ਪੱਖੋਂ ‘ਏ’ ਕਲਾਸ ਹੈ। ਉਨ੍ਹਾਂ ਗੁੱਝੇ ਵਿਅੰਗ ਵਿੱਚ ਇੱਥੋਂ ਤੱਕ ਕਿਹਾ ਕਿ ਇਹ ਲਿਖਤ ਪੱਤਰਕਾਰੀ ਦੇ ਸਕੂਲਾਂ ਵਿੱਚ ਪੜ੍ਹਾਈ ਜਾਣੀ ਚਾਹੀਦੀ ਹੈ।

ਭਾਰਤੀ ਨਾਗਰਿਕ ਨਿਖਿਲ ਗੁਪਤਾ ਜਿਹੜਾ ਕਿ ਕਥਿਤ ਰੂਪ ਵਿੱਚ ਸਿੱਖਸ ਫਾਰ ਜਸਟਿਸ ਦੇ ਆਗੂ ਐਡਵੋਕੇਟ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਦੱਸਿਆ ਜਾਂਦਾ ਹੈ, ਖਿਲਾਫ ਮੈਨਹਟਨ ਦੀ ਇੱਕ ਫੈਡਰਲ ਅਦਾਲਤ ਵਿੱਚ ਮੁਕੱਦਮਾ ਦਾਇਰ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ। ਨਿਖਲ ਗੁਪਤਾ ਗੁਜਰਾਤ ਦਾ ਵਾਸੀ ਹੈ, ਉਹ ਡਰੱਗ ਅਤੇ ਹਥਿਆਰਾਂ ਦੀ ਸਮਗਲਿੰਗ ਦੇ ਧੰਦੇ ਵਿੱਚ ਸ਼ਾਮਲ ਹੈ। ਗੁਜਰਾਤ ਵਿੱਚ ਉਸ ਦੇ ਖਿਲਾਫ ਕਈ ਕੇਸ ਦਰਜ ਹਨ। ਮਿੱਥੇ ਨਿਸ਼ਾਨਿਆਂ ਨੂੰ ਪੂਰਾ ਕਰਨ ‘ਤੇ ਭਾਰਤੀ ਅਧਿਕਾਰੀ (ਸੀ ਸੀ-1) ਵੱਲੋਂ ਉਸ ਖਿਲਾਫ ਕੇਸ ਵਾਪਸ ਲੈਣ ਦਾ ਵਾਅਦਾ ਕੀਤਾ ਗਿਆ ਦੱਸਿਆ ਜਾਂਦਾ ਹੈ। (ਇਹ ਵੀ ਸੁਣਨ ਵਿੱਚ ਆਇਆ ਹੈ ਕਿ ਇਹ ਕੇਸ ਵਾਪਸ ਲੈ ਵੀ ਲਏ ਗਏ ਸਨ)

ਨਿਖਿਲ ਗੁਪਤਾ ਨੂੰ ਅਮਰੀਕਾ ਦੇ ਕਹਿਣ ‘ਤੇ ਬੀਤੇ ਦਿਨੀਂ ਚੈਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਵਿਅਕਤੀ ਸੀ ਸੀ-1 ਨਾਂ ਦੇ ਕਿਸੇ ਭਾਰਤੀ ਸਰਕਾਰੀ ਅਧਿਕਾਰੀ ਤੋਂ ਹਦਾਇਤਾਂ ਅਤੇ ਕੈਸ਼ ਵਗੈਰਾ ਹਾਸਲ ਕਰ ਰਿਹਾ ਸੀ। ਪੰਨੂੰ ਦਾ ਕਤਲ ਕਰਨ ਲਈ ਇਸ ਨੇ ਕਿਸੇ ਹਿੱਟਮੈਨ ਨੂੰ 15 ਹਜ਼ਾਰ ਡਾਲਰ ਦਿੱਤੇ ਵੀ ਸਨ। ਇਹ ਸੌਦਾ ਇੱਕ ਲੱਖ ਡਾਲਰ ਵਿੱਚ ਤੈਅ ਕੀਤਾ ਗਿਆ ਸੀ। ਜਿਸ ਵਿਅਕਤੀ (ਯੂ ਸੀ) ਨੂੰ ਪੈਸੇ ਦਿੱਤੇ ਗਏ, ਉਹ ਅਮਰੀਕਾ ਦੀ ਖੁਫੀਆ ਏਜੰਸੀ ਦਾ ਅੰਡਰ ਕਵਰ ਏਜੰਟ ਨਿਕਲਿਆ। ਇਸ ਤਰ੍ਹਾਂ ਸਾਰੇ ਮਾਮਲੇ ਤੋਂ ਪਰਦਾ ਚੁੱਕਿਆ ਗਿਆ। ਸੀ ਸੀ-1 ਵਾਲੇ ਕੋਡ ਨਾਂ ਵਾਲਾ ਅਧਿਕਾਰੀ ਸੀ.ਆਰ.ਪੀ.ਐਫ. ਨਾਲ ਸਬੰਧਤ ਦੱਸਿਆ ਜਾਂਦਾ ਹੈ।

ਅਮਰੀਕਾ ਵੱਲੋਂ ਲਗਾਏ ਗਏ ਦੋਸ਼ਾਂ ਤੋਂ ਬਾਅਦ ਭਾਰਤ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਅਮਰੀਕਾ ਵੱਲੋਂ ਲਾਏ ਗਏ ਇਲਜ਼ਾਮ ਚਿੰਤਾ ਦਾ ਵਿਸ਼ਾ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਇਸ ਬਾਰੇ ਆਪਣੇ ਬਿਆਨ ਵਿੱਚ ਕਿਹਾ ਕਿ “ਕੇਸ ਵਿੱਚ ਸ਼ਾਮਲ ਅਧਿਕਾਰੀ ਦਾ ਨਾਂ ਭਾਰਤੀ ਅਧਿਕਾਰੀ ਨਾਲ ਜੁੜਨਾ ਚਿੰਤਾ ਦਾ ਵਿਸ਼ਾ ਹੈ, ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਅਤੇ ਮੁੜ ਦੁਹਰਾਉਂਦੇ ਹਾਂ ਕਿ ਇਹ ਸਾਡੀ ਸਰਕਾਰ ਦੀ ਨੀਤੀ ਨਹੀਂ ਹੈ।” ਭਾਰਤ ਨੇ ਇਸ ਮਾਮਲੇ ਨੂੰ ਸੰਗਠਿਤ ਅਪਰਾਧੀਆਂ ਅਤੇ ਤਸਕਰਾਂ ਨਾਲ ਜੋੜਨ ਦਾ ਯਤਨ ਕਰਦਿਆਂ ਕਿਹਾ ਕਿ ਸੰਗਠਿਤ ਅਪਰਾਧੀਆਂ, ਨਸ਼ਾ ਤਸਕਰਾਂ, ਹਥਿਆਰਾਂ ਦੇ ਸਮਗਲਰਾਂ ਅਤੇ ਕੱਟੜਪੰਥੀਆਂ ਵਿਚਾਲੇ ਕੌਮਾਂਤਰੀ ਪੱਧਰ ‘ਤੇ ਗੱਠਜੋੜ ਬਣ ਗਿਆ ਹੈ, ਇਹ ਸੁਰੱਖਿਆ ਏਜੰਸੀਆਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਉਪਰੋਕਤ ਮਾਮਲੇ ਦੇ ਪ੍ਰਗਟ ਹੋਣ ਤੋਂ ਤੁਰੰਤ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਮਾਮਲੇ ਵਿੱਚ ਭਾਰਤ ਖਿਲਾਫ ਲਗਾਏ ਗਏ ਦੋਸ਼ ਇੱਕ ਵਾਰ ਫਿਰ ਦੁਹਰਾਏ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਲਗਾਏ ਗਏ ਦੋਸ਼ ਕੈਨੇਡਾ ਵੱਲੋਂ ਭਾਰਤੀ ਏਜੰਸੀਆਂ ਖਿਲਾਫ ਲਗਾਏ ਦੋਸ਼ਾਂ ਵਰਗੇ ਹੀ ਹਨ। ਭਾਰਤ ਨੂੰ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਕੈਨੇਡਾ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਡੌਮੀਨਿਕ ਲੀਬਲਾਂਕ ਨੇ ਕਿਹਾ ਕਿ ਅਮਰੀਕੀ ਕਾਰਵਾਈ ਤੋਂ ਬਾਅਦ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਕੈਨੇਡਾ ਇਸ ਕਿਸਮ ਦੇ ਖਤਰਿਆਂ ਨਾਲ ਨਜਿੱਠਣ ਵਿੱਚ ਇਕੱਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਸਰਕਾਰ, ਰਾਇਲ ਕੈਨੇਡੀਅਨ ਪੁਲਿਸ ਅਤੇ ਖੁਫੀਆ ਸੇਵਾ ਏਜੰਸੀਆਂ ਕੈਨੇਡਾ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕਰਦੀਆਂ ਹਨ। ਨਾਲ ਹੀ ਉਨ੍ਹਾਂ ਲੋਕਾਂ ਨੂੰ ਵੀ ਜਵਾਬਦੇਹ ਠਹਿਰਾਉਂਦੀਆਂ ਹਨ, ਜਿਨ੍ਹਾਂ ਨੇ ਕੈਨੇਡਾ ਵਿੱਚ ਕੈਨੇਡੀਅਨ ਨਾਗਰਿਕ ਦੀ ਹੱਤਿਆ ਕੀਤੀ।

ਕੈਨੇਡਾ ਦੀ ਵਿਦੇਸ਼ ਮੰਤਰੀ ਮਿਲਾਨੀ ਜੋਲੀ ਨੇ ਕਿਹਾ ਕਿ ਕੈਨੇਡਾ ਸਰਕਾਰ ਆਪਣੇ ਉਨ੍ਹਾਂ ‘ਭਰੋਸੇਯੋਗ ਦੋਸ਼ਾਂ’ ‘ਤੇ ਕਾਇਮ ਹੈ ਕਿ ਕੈਨੇਡਾ ਵਿੱਚ ਕੈਨੇਡਾ ਦੇ ਨਾਗਰਿਕ ਦੀ ਹੱਤਿਆ ਹੋਈ, ਜਿਸ ਦਾ ਲਿੰਕ ਭਾਰਤੀ ਏਜੰਟਾਂ ਨਾਲ ਹੈ। ਉਂਝ ਭਾਰਤ ਵਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਇਸ ਦੀ ਜਾਂਚ ਕਰਵਾਉਣ ਦੇ ਐਲਾਨ ਤੋਂ ਬਾਅਦ ਅਮਰੀਕਾ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਅਮਰੀਕਾ ਦੇ ਸਟੇਟ ਸਕੱਤਰ ਐਂਟਨੀ ਬਲਿੰਕਨ ਨੇ ਕਿਹਾ, ‘ਇਹ ਫੈਸਲਾ ਚੰਗਾ ਅਤੇ ਸਹੀ (ਅਪਰੋਪਰੀਏਟ) ਹੈ। ਅਸੀਂ ਵੇਖਾਂਗੇ ਕਿ ਇਸ ਪੜਤਾਲ ਦੇ ਕੀ ਨਤੀਜੇ ਨਿਕਲਦੇ ਹਨ।’

ਇਹ ਵੀ ਸਾਹਮਣੇ ਆ ਰਿਹਾ ਹੈ ਕਿ ਉਪਰਕਤ ਮਸਲੇ ਦੇ ਪ੍ਰਗਟ ਹੋਣ ਤੋਂ ਬਾਅਦ ਅਮਰੀਕਾ ਨੇ ਆਪਣੇ ਦੇਸ਼ ਵਿੱਚ ਨਿਯੁਕਤ ਖੁਫੀਆ ਏਜੰਸੀ ‘ਰਾਅ’ ਦੇ ਅਧਿਕਾਰੀਆਂ ਨੂੰ ਵਾਪਸ ਭੇਜ ਦਿੱਤਾ ਸੀ। ਪਿਛਲੇ ਦਿਨਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਅਮਰੀਕਾ ਨੇ ਆਪਣੇ ਸੀਨੀਅਰ ਅਧਿਕਾਰੀ ਵੀ ਭਾਰਤ ਭੇਜੇ ਸਨ। ਇਸੇ ਤਰ੍ਹਾਂ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਸੀਨੀਅਰ ਅਧਿਕਾਰੀ ਵੀ ਭਾਰਤ ਗਏ ਸਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਜੀ-20 ਸੰਮੇਲਨ ਮੌਕੇ ਵੀ ਇਹ ਮਸਲਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਚਾਰਿਆ ਸੀ। ਯਾਦ ਰਹੇ, ਬਹੁਤ ਸਾਰੇ ਅਮਰੀਕੀ ਪੱਤਰਕਾਰ ਵੀ ਉਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਨਾਲ ਭਾਰਤ ਗਏ ਸਨ, ਪਰ ਉਨ੍ਹਾਂ ਨੂੰ ਭਾਰਤ ਵਿੱਚ ਪ੍ਰੈਸ ਕਾਨਫਰੰਸ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਉਨ੍ਹਾਂ ਆਪਣੀ ਪ੍ਰੈਸ ਕਾਨਫਰੰਸ ਇਸ ਸੰਮੇਲਨ ਪਿੱਛੋਂ ਵੀਅਤਨਾਮ ਵਿੱਚ ਜਾ ਕੇ ਕੀਤੀ ਸੀ।

ਹਾਲ ਹੀ ਵਿੱਚ ਭਾਰਤ ਦੌਰੇ ‘ਤੇ ਗਏ ਅਮਰੀਕਾ ਦੇ ਡਿਪਟੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਨਾਥਨ ਫਾਈਨਰ ਨੇ ਭਾਰਤੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਮੁਲਾਕਾਤ ਕੀਤੀ। ਦੋਵੇਂ ਦੇਸਾਂ ਦੇ ਉੱਚ ਅਧਿਕਾਰੀਆਂ ਦੀ ਇਹ ਮੁਲਾਕਾਤ ਉਸ ਸਮੇਂ ਹੋਈ ਹੈ, ਜਦੋਂ ਅਮਰੀਕਾ ਨੇ ਇੱਕ ਸਿੱਖ ਵੱਖਵਾਦੀ ਭਾਵ ਵਕੀਲ ਪੰਨੂ ਨੂੰ ਮਾਰਨ ਦੀ ਸਾਜਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਅਮਰੀਕਾ ਨੇ ਇਸ ਮਾਮਲੇ ਵਿੱਚ ਇਲਜ਼ਾਮ ਲਾਏ ਸਨ ਕਿ ਨਿਖਿਲ ਗੁਪਤਾ ਭਾਰਤ ਸਰਕਾਰ ਦੇ ਇੱਕ ਅਫ਼ਸਰ ਦੇ ਹੁਕਮਾਂ ‘ਤੇ ਕੰਮ ਕਰ ਰਿਹਾ ਸੀ। ਭਾਰਤ ਨੇ ਇਸ ਦੀ ਜਾਂਚ ਦੇ ਲਈ ਇੱਕ ਉੱਚ ਪੱਧਰੀ ਜਾਂਚ ਕਮੇਟੀ ਵੀ ਗਠਿਤ ਕੀਤੀ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ, “ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਉੱਪ ਸਲਾਹਕਾਰਾਂ ਨੇ ਮੁੱਖ ਦੁਵੱਲੇ ਮੁੱਦਿਆਂ ਦੀ ਸਮੀਖਿਆ ਕੀਤੀ, ਇਸ ਮੌਕੇ ਦੋਵਾਂ ਨੇ ਖੇਤਰੀ ਅਤੇ ਸੰਸਾਰ ਪੱਧਰ ਦੇ ਘਟਨਾਕ੍ਰਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।”

ਵ੍ਹਾਈਟ ਹਾਊਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਵੀ ਇਸਦੀ ਪੁਸ਼ਟੀ ਕੀਤੀ ਗਈ ਹੈ ਕਿ ਦੋਵਾਂ ਦੇਸ਼ਾਂ ਦੇ ਆਗੂਆਂ ਵਿਚਾਲੇ ਸਿੱਖ ਵੱਖਵਾਦੀ ਆਗੂ ਦੇ ਕਤਲ ਦੇ ਮੁੱਦੇ ਉੱਤੇ ਗੱਲਬਾਤ ਹੋਈ। ਇਸ ਬਾਰੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਸਾਨੂੰ ਜਲਦੀ ਇਸ ਦੇ ਨਤੀਜੇ ਆਉਣ ਦੀ ਉਮੀਦ ਹੈ।

ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥਯੂ ਮਿਲਰ ਨੇ ਕਿਹਾ, “ਅਸੀਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀਂ ਸਰਹੱਦ ਪਾਰ ਜਾ ਕੇ ਅਜਿਹਾ ਜਬਰ ਕੀਤੇ ਜਾਣ ਦੇ ਖ਼ਿਲਾਫ਼ ਹਾਂ, ਚਾਹੇ ਇਹ ਕਿਸੇ ਵੀ ਹਿੱਸੇ ਵਿੱਚ ਹੋਵੇ ਜਾਂ ਕੋਈ ਵੀ ਕਰੇ। ਇਹ ਸਿਰਫ਼ ਭਾਰਤ ਨਾਲ ਜੁੜਿਆ ਨਹੀਂ ਹੈ, ਬਲਕਿ ਦੁਨੀਆ ਦੇ ਕਿਸੇ ਵੀ ਦੇਸ਼ ਦੇ ਲਈ ਇਹੀ ਨੀਤੀ ਹੈ।” ਮਿਲਰ ਨੇ ਕਿਹਾ, “ਮੈਂ ਬੱਸ ਇਹੀ ਕਹਾਂਗਾ ਕਿ ਜਦੋਂ ਇਹ ਕਥਿਤ ਮਾਮਲੇ ਸਾਡੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਅਸੀਂ ਭਾਰਤ ਸਰਕਾਰ ਨੂੰ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਅਸੀਂ ਅਜਿਹੇ ਮਾਮਲਿਆਂ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੇ ਹਾਂ।”






### ਜ਼ਰੂਰੀ

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।


**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh



**ਪੰਜਾਬੀ ਪਰਵਾਜ਼** (Punjabi Parwaz) **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ


‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

# ਲਾਸਾਨੀ ਕੁਰਬਾਨੀ ਨੂੰ ਸਜਦਾ

ਦਸ਼ਮੇਸ਼ ਪਿਤਾ ਸਰਬੰਸਦਾਨੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਸਾਹਿਬਜ਼ਾਦਿਆਂ–ਬਾਬਾ ਅਜੀਤ ਸਿੰਘ,
ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ
ਸਿੰਘ ਤੇ ਬਾਬਾ ਫਤਿਹ ਸਿੰਘ ਅਤੇ
ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ

## ਕੋਟਾਨਿ ਕੋਟਿ ਪ੍ਰਣਾਮ



ਵੱਲੋਂ: ਠਾਕਰ ਸਿੰਘ ਬਸਾਤੀ ਅਤੇ ਬਸਾਤੀ ਪਰਿਵਾਰ ਸ਼ਿਕਾਗੋ

# PARDEEP MANDA

(630)-506-3890

MEDICARE ADVANTAGE

- $0 or low monthly premiums
- Perscription drug coverage
- Dental Coverage
- Vision Coverage
- Fitness Benefits
- 24/Hour Nurse Line

## BENEFITS ADVISOR

HEALTH INSURANCE

LET ME ANSWER YOUR QUESTIONS!

- How does medicare work?
- Am I eligible for Medicare?
- What are the Medicare parts?
- How do I choose the right plan?

*We do not offer every plan available in your area. Any information we provide is limited to the plans that we offer in your area. *

# ਮੈਡੀਕੇਅਰ ਦੇ ਫਾਇਦੇ

- ■$0 ਜਾਂ ਘੱਟ ਮਾਸਿਕ ਪ੍ਰੀਮੀਅਮ
- ■ਨੁਸਖ਼ੇ ਵਾਲੀ ਡਰੱਗ ਕਵਰੇਜ
- ■ਦੰਦਾਂ ਦੀ ਕਵਰੇਜ ■ਫਿਟਨੈਸ ਲਾਭ
- ■24/7 ਘੰਟੇ ਦੀ ਨਰਸ ਲਾਈਨ



ਮੈਡੀਕੇਅਰ ਦੇ ਫਾਇਦਿਆਂ ਸਬੰਧੀ ਸਵਾਲਾਂ ਦੇ ਜਵਾਬ ਲਈ ਕਾਲ ਕਰੋ

## ਲਾਭ ਸਲਾਹਕਾਰ

ਸਿਹਤ ਬੀਮਾ

- ■ਮੈਡੀਕੇਅਰ ਕਿਵੇਂ ਕੰਮ ਕਰਦੀ ਹੈ?
- ■ਕੀ ਮੈਂ ਮੈਡੀਕੇਅਰ ਲਈ ਯੋਗ ਹਾਂ?
- ■ਮੈਡੀਕੇਅਰ ਪਾਰਟਸ ਕੀ ਹਨ?
- ■ਮੈਂ ਸਹੀ ਯੋਜਨਾ ਕਿਵੇਂ ਚੁਣਾਂ?

ਅਸੀਂ ਤੁਹਾਡੇ ਖੇਤਰ ਵਿੱਚ ਉਪਲਬਧ ਹਰ ਯੋਜਨਾ ਦੀ ਪੇਸ਼ਕਸ਼ ਨਹੀਂ ਕਰਦੇ ਹਾਂ। ਜੋ ਵੀ ਜਾਣਕਾਰੀ ਅਸੀਂ ਪ੍ਰਦਾਨ ਕਰਦੇ ਹਾਂ, ਉਹ ਉਨ੍ਹਾਂ ਯੋਜਨਾਵਾਂ ਤੱਕ ਸੀਮਿਤ ਹੈ ਜੋ ਅਸੀਂ ਤੁਹਾਡੇ ਖੇਤਰ ਵਿੱਚ ਪੇਸ਼ ਕਰਦੇ ਹਾਂ।*

## ਰੈਟ ਮਾਈਨਰਾਂ ਦਾ ਕ੍ਰਿਸ਼ਮਾ

# ਬੰਦੇ ਦੇ ਹੱਥਾਂ ਵਰਗਾ ਕੋਈ ਔਜ਼ਾਰ ਨ੍ਹੀਂ ਬਣਿਆ...

ਉੱਤਰਾਖੰਡ ਦੇ ਉਤਰਕਾਸ਼ੀ ਵਿੱਚ ਇੱਕ ਸੁਰੰਗ ਵਿੱਚ ਫਸੇ 41 ਵਰਕਰ ਭਾਵੇਂ ਸਹੀ ਸਲਾਮਤ ਬਾਹਰ ਕੱਢ ਲਏ ਗਏ ਹਨ, ਪਰ ਇਸ ਰਾਹਤ ਉਪਰੇਸ਼ਨ ਨੇ ਜਿਹੜੇ ਬਾਰੀਕ ਸਬਕ ਛੱਡੇ ਹਨ, ਉਹ ਸਾਡੀਆਂ ਹਕੂਮਤਾਂ ਸ਼ਾਇਦ ਹੀ ਆਪਣੇ ਪੱਲੇ ਨਾਲ ਘੁੱਟ ਕੇ ਬੰਨ੍ਹ ਸਕਣ! ਕਾਰਨ ਸ਼ਾਇਦ ਇਹ ਹੈ ਕਿ ਵੱਖ-ਵੱਖ ਧਰਮਾਂ/ਨਸਲਾਂ ਦੇ ਮਨੁੱਖਾਂ ਪ੍ਰਤੀ ਨਫਰਤ ਅਤੇ ਦਵੈਸ਼ ਨਾਲ ਦੂਸ਼ਿਤ ਹੋ ਚੁੱਕੀ ਮਾਨਸਿਕਤਾ ਦੀ ਮੈਲ ਦੇ ਧੁਪ ਜਾਣ ਦਾ ਕਾਰਜ ਇੰਨਾ ਸੌਖਾ ਨਹੀਂ। ਤਜ਼ਰਬਾ ਦੱਸਦਾ

**ਜਸਵੀਰ ਸਿੰਘ ਸ਼ੀਰੀ**

ਹੈ ਕਿ ਪਵਿੱਤਰ ਪ੍ਰਵਚਨਾਂ ਦੀ ਸਦੀਆਂ ਲੰਮੀ ਧੁੱਪ ਇਨ੍ਹਾਂ 'ਤੇ ਜ਼ਰਾ ਜਿੰਨੀ ਵੀ ਅਸਰਅੰਦਾਜ਼ ਨਹੀਂ ਹੋ ਸਕੀ। ਜਦੋਂ ਅਤਿ ਆਧੁਨਿਕ ਤੇ ਦਿਉ ਕੱਦ ਮਸ਼ੀਨਾਂ ਢਹਿ ਗਈ ਪਹਾੜੀ ਨੂੰ ਸੰਨ੍ਹ ਲਾਉਣ ਵਿੱਚ ਅਸਫਲ ਰਹੀਆਂ ਤਾਂ ਉਹ ਲੋਕ ਹੀ ਕੰਮ ਆਏ- ਜਿਨ੍ਹਾਂ ਨੂੰ ਇਸ ਮੁਲਕ ਨੇ ਆਪਣੀ ਪੂਰੀ ਹਯਾਤੀ ਹੀਣ ਭਾਵਨਾ ਨਾਲ ਵੇਖਿਆ, ਜਿਨ੍ਹਾਂ ਨੂੰ ਛੂਹਣਾ ਵੀ ਪਾਪ ਸਮਝਿਆ ਜਾਂਦਾ ਸੀ; ਜਿਨ੍ਹਾਂ ਦੀ ਅੱਜ ਵੀ ਸਥਿਤੀ ਉਹੋ ਹੀ ਹੈ।

ਦੇਸ਼ ਦੀਆਂ ਕੋਲਾ ਖਾਣਾਂ/ਸੀਵਰਾਂ ਵਿੱਚ 'ਰੈਟ ਮਾਈਨਿੰਗ' ਕਰਨ ਵਾਲੇ ਇਨ੍ਹਾਂ ਮਜ਼ਦੂਰਾਂ ਨੇ ਉਹ ਕ੍ਰਿਸ਼ਮਾ ਕਰ ਵਿਖਾਇਆ, ਜਿਸ ਤੋਂ ਸਾਰੀ ਦੁਨੀਆਂ ਹੈਰਾਨ ਹੈ। ਪੱਛਮੀ ਮੀਡੀਆ ਵੀ ਇਨ੍ਹਾਂ ਦੀ ਸਿਫਤ ਕੀਤੇ ਬਿਨਾ ਨਹੀਂ ਰਹਿ ਸਕਿਆ। ਆਪਣੇ ਹੀ ਮੁਲਕ ਵਿੱਚ ਵੱਸਦੀ ਵੱਡੀ ਘੱਟਗਿਣਤੀ ਪ੍ਰਤੀ, ਜਿਨ੍ਹਾਂ ਅੰਧ ਭਗਤਾਂ ਦੀਆਂ ਅੱਖਾਂ 'ਤੇ ਫਿਰਕੂ ਜਹਾਲਤ ਦਾ ਜਾਲਾ ਪੈ ਗਿਆ, ਉਹ ਨਹੀਂ ਤਾਂ ਉਨ੍ਹਾਂ ਦੇ ਸਾਕ ਸਬੰਧੀ, ਰੈਟ ਮਾਈਨਰਾਂ ਦੇ ਇਨ੍ਹਾਂ ਨਾਂਵਾਂ 'ਤੇ ਜਰਾ ਧਿਆਨ ਨਾਲ ਝਾਤ ਮਾਰਨ- ਵਕੀਲ ਹਸਨ, ਮੁੰਨਾ ਕੁਰੈਸ਼ੀ, ਫਿਰੋਜ ਕੁਰੈਸ਼ੀ, ਨਾਸਿਰ ਖਾਨ, ਇਰਸ਼ਾਦ ਅਨਸਾਰੀ, ਰਾਸ਼ੀਦ ਅਨਸਾਰੀ, ਨਸੀਮ ਮਲਿਕ, ਮੋਨੂ ਕੁਮਾਰ, ਜਤਿਨ, ਅੰਕੁਰ, ਸੌਰਭ, ਦੇਵੇਂਦਰ ਕੁਮਾਰ।

ਜਦੋਂ ਅਮਰੀਕਾ ਦੀ ਜਮ੍ਹਾਂ ਆਪਣੇ ਸੁਭਾਅ ਵਰਗੀ ਅੜਬ ਮਸ਼ੀਨਰੀ ਹੰਭ ਗਈ ਤਾਂ ਇਹ ਉੱਪਰ ਲਿਖੇ ਨਾਂ ਹੀ ਹਨ, ਜਿਨ੍ਹਾਂ ਨੇ ਢਹਿ ਗਈ ਸੁਰੰਗ ਵਿੱਚ ਫਸੇ 41 ਮਜ਼ਦੂਰਾਂ ਨੂੰ ਬਚਾਉਣ ਲਈ ਢਾਈ ਫੁੱਟ ਵਿਆਸ ਦੀ ਲੰਮੇ ਪੈਣ ਜੋਗੀ 49 ਮੀਟਰ ਲੰਮੀ ਪਾਈਪ ਦੇ ਅੰਦਰ ਜਾਣ ਦਾ ਜੇਰਾ ਕੀਤਾ। ਹੈਂਡ ਟੂਲਜ਼ ਨਾਲ 12 ਮੀਟਰ ਲੰਮੇ ਮਲਬੇ ਦੇ ਢੇਰ ਨੂੰ ਹੱਥੀਂ ਚੀਰਿਆ ਤੇ ਰਾਹਤ ਪਾਈਪ ਨੂੰ ਫਸੇ ਮਜ਼ਦੂਰਾਂ ਤੱਕ ਪੁੱਜਦਾ ਕੀਤਾ।

ਦਿੱਲੀ, ਯੂ.ਪੀ. ਅਤੇ ਹਰਿਆਣਾ ਵਿੱਚ ਮੁਸਲਮਾਨਾਂ ਦੇ ਘਰਾਂ 'ਤੇ ਬਲਡੋਜਰ ਚਲਾਉਣ ਵਾਲੇ 'ਕੱਟੜ ਦੇਸ਼ ਭਗਤ' ਉਪਰੋਕਤ ਨਾਂਵਾਂ ਨੂੰ ਗੌਰ ਨਾਲ ਪੜ੍ਹਨ, ਕੁੱਲ 12 ਵਿੱਚੋਂ 7 ਮੁਸਲਮਾਨ ਹਨ। ਹੁਣੇ ਰਾਜਸਥਾਨ ਵਿੱਚ ਰਾਜ ਵਿਧਾਨ ਸਭਾ ਲਈ ਚੋਣ ਮੁਹਿੰਮ ਚੱਲ ਕੇ ਹਟੀ ਹੈ। ਆਖਰੀ ਤਿੰਨ ਦਿਨ ਕੇਂਦਰ ਵਿੱਚ ਰਾਜ ਕਰ ਰਹੀ ਪਾਰਟੀ ਨੇ ਜਿਹੜਾ ਇਸ਼ਤਿਹਾਰ ਦਿੱਤਾ, ਉਸ ਨੇ ਉਪਰੋਕਤ ਸੱਤਾਂ ਦੇ ਧਰਮ ਭਾਈਆਂ ਖਿਲਾਫ ਦੰਗੇ ਭੜਕਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਸਾਰੀ ਦੁਨੀਆਂ 12 ਨਾਇਕਾਂ ਦੀਆਂ ਸਿਫਤਾਂ ਕਰਦੀ ਨਹੀਂ ਥੱਕੀ, ਜੇ ਕਿਧਰੇ ਆਪਣੇ ਅੰਦਰਲਾ ਬੰਦਾ ਜੀਂਦਾ ਜਾਗਦਾ ਹੁੰਦਾ ਤਾਂ ਸ਼ਰਮ ਨਾਲ ਹੀ ਮਰ ਜਾਂਦੇ? ਜ਼ਹਿਰ ਨਾਲ ਨੁਚੜਦੀਆਂ ਜੀਭਾਂ ਵਾਲੀ ਨਫਰਤ ਦੀ ਦੁਕਾਨ ਵਾਲੇ ਸਿਆਸੀ ਭਾਈਓ, ਸੁਣੋ ਜ਼ਰਾ! ਜਦੋਂ ਫਿਰੋਜ 24 ਘੰਟੇ ਦੀ ਰੈਟ ਮਾਈਨਿੰਗ ਤੋਂ ਪਿੱਛੋਂ ਘਿਰੇ 41 ਵਰਕਰਾਂ ਵਾਲੇ ਪਾਸੇ ਦਾਖਲ ਹੋਇਆ ਤਾਂ ਉਸ ਨੇ ਵਰਕਰਾਂ ਵਿੱਚੋਂ ਇੱਕ ਨੂੰ ਜੱਫੀ ਵਿੱਚ ਘੁੱਟ ਕੇ ਚੁੰਮਿਆ।




■ ਮਸ਼ੀਨ ਕਿੰਨੀ ਵੀ ਉਤਮ ਹੋ ਜਾਵੇ, ਮਨੁੱਖ ਦੇ ਹੱਥਾਂ/ਹੁਨਰ ਦਾ ਮੁਕਾਬਲਾ ਨਹੀਂ ਕਰ ਸਕਦੀ...

ਸੁਰੰਗ ਦੀ ਤਿਹਾਈ ਮਿੱਟੀ ਦੋਹਾਂ ਦੇ ਹੰਝੂਆਂ ਨਾਲ ਭਿੱਜ ਗਈ! ਆਏ ਦਿਨ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਫਿਰੋਜ ਕੁਰੈਸ਼ੀ ਦੇ ਭੈਣ-ਭਾਈਆਂ ਖਿਲਾਫ ਹੀ ਨਾਹਰੇ ਲਗਦੇ ਹਨ, 'ਦੇਸ਼ ਕੇ ਗਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ!'

ਇਨ੍ਹਾਂ ਬਾਰਾਂ ਵਰਕਰਾਂ ਨੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ 24 ਘੰਟੇ ਵਿੱਚ ਆਪਣਾ ਕੰਮ ਪੂਰਾ ਕਰ ਦੇਣਗੇ। ਬਿਲਕੁਲ ਇੰਨਾ ਹੀ ਸਮਾਂ ਲੱਗਿਆ। 28 ਨਵੰਬਰ ਨੂੰ ਸ਼ਾਮ ਸਹੀ ਪੌਣੇ ਅੱਠ ਵਜੇ ਪਹਿਲਾ ਵਰਕਰ ਪਾਈਪ ਦੇ ਵਿੱਚੋਂ ਦੀ ਬਾਹਰ ਆਇਆ। ਉਡੀਕ ਵਿੱਚ ਸੁੱਕੀਆਂ ਅੱਖਾਂ ਵਿੱਚ ਸਿਲ੍ਹੀ ਚਮਕ ਆਈ। ਫਿਰ ਇੱਕ ਇੱਕ ਕਰ ਕੇ ਸਾਰੇ ਬਾਹਰ ਆ ਗਏ। ਜੱਫੀਆਂ ਪੈਣ ਲੱਗੀਆਂ, ਗਲਾਂ ਵਿੱਚ ਹਾਰ ਵੀ। ਰੈਟ ਮਾਈਨਰਾਂ ਵੱਲ ਪਹਿਲੀ ਵਾਰ ਲੋਕ ਭਰੀਆਂ ਅੱਖਾਂ ਨਾਲ ਵੇਖ ਰਹੇ ਸਨ। ਸ਼ੁਕਰਾਨੇ ਦੇ ਸ਼ਬਦ ਓਵਰ ਫਲੋਅ ਕਰਨ ਲੱਗੇ। ਉਤਸ਼ਾਹੀ ਮਾਈਨਰਾਂ ਦੇ ਪੈਰ ਵੀ ਧਰਤੀ ਤੋਂ ਉੱਚੇ ਉੱਠ ਰਹੇ ਸਨ। ਪਹਿਲੀ ਵਾਰ ਇੱਡੀ ਵੱਡੀ ਭੀੜ ਉਨ੍ਹਾਂ ਨੂੰ ਪਿਆਰ ਨਾਲ ਵੇਖ ਰਹੀ ਸੀ।

ਦੇਸ਼ ਵਿੱਚ ਰੈਟ ਮਾਈਨਿੰਗ ਦਾ ਕਿੱਤਾ ਅੱਜ ਕੱਲ੍ਹ ਖਤਰਨਾਕ ਕਰਾਰ ਦੇ ਕੇ ਬੈਨ ਕੀਤਾ ਜਾ ਚੁੱਕਾ ਹੈ, ਪਰ ਫਿਰ ਵੀ ਕਹਿੰਦੇ ਹਨ ਕਿ ਮੇਘਾਲਿਆ 'ਚ ਰੈਟ ਮਾਈਨਿੰਗ ਹਾਲੇ ਵੀ ਚਲਦੀ ਹੈ। ਕੰਮ ਘਟ ਜਾਣ ਕਾਰਨ ਸ਼ਹਿਰ ਦੇ ਸੀਵਰੇਜ਼ ਦਾ ਕੰਮ ਹੀ ਰੈਟ ਮਾਈਨਰਾਂ ਦੇ ਹਿੱਸੇ ਆਇਆ ਹੈ। ਸਾਡੇ ਲੋਕ ਇਹੋ ਜਿਹੇ ਕਿੱਤਿਆਂ ਦੀ ਕਿੰਨੀ ਕੁ ਇੱਜਤ ਕਰਦੇ ਹਨ, ਫਿਰੋਜ ਕੁਰੈਸ਼ੀ ਤੋਂ ਸੁਣ ਲਉ, "ਸਾਡੇ ਕੰਮ ਦਾ ਮਖੌਲ ਉਡਾਇਆ ਜਾਂਦਾ ਹੈ। ਸਾਨੂੰ ਬੇਇੱਜ਼ਤ ਕੀਤਾ ਜਾਂਦਾ ਹੈ।" ਉਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ ਦੇ ਰਹਿਣ ਵਾਲੇ ਕੁਰੈਸ਼ੀ ਨੇ ਦੱਸਿਆ ਕਿ 'ਜਿਹੜਾ ਕੰਮ ਅਸੀਂ ਕਰਦੇ ਹਾਂ, ਉਹਦੇ ਕਰਕੇ ਸਾਡੀ ਬੜੀ ਦੁਰਗਤ ਹੁੰਦੀ ਹੈ। ਸਮਾਜ ਸਾਨੂੰ ਚੰਗੀ ਨਿਗਾਹ ਨਾਲ ਨਹੀਂ ਵੇਖਦਾ। ਇੱਥੋਂ ਤੱਕ ਕਿ ਸਾਡੇ ਅਫਸਰ ਵੀ ਸਾਨੂੰ ਬੇਇੱਜ਼ਤ ਕਰਨ ਦੀ ਤਾਕ ਵਿੱਚ ਰਹਿੰਦੇ ਹਨ।' ਮੋਨੂੰ ਕੁਮਾਰ ਨੇ ਦੱਸਿਆ ਕਿ ਪਹਿਲੀ ਵਾਰ ਉਸ ਦੇ ਗਲ ਵਿੱਚ ਕਿਸੇ ਨੇ ਹਾਰ ਪਾਇਆ ਹੈ।

ਦਸੰਬਰ 2018 ਤੋਂ ਜਨਵਰੀ 2019 ਤੱਕ ਮੇਘਾਲਿਆ ਦੀਆਂ ਮਾਈਨਾਂ ਵਿੱਚ ਫਸ ਕੇ 15 ਰੈਟ ਮਾਈਨਰ ਮਾਰੇ ਗਏ ਸਨ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਕਾਲ 'ਤੇ ਸਰਕਾਰ ਨੇ ਇਸ ਕਿੱਤੇ 'ਤੇ ਪਾਬੰਦੀ ਲਗਾ ਦਿੱਤੀ ਹੈ। ਫਿਰੋਜ ਕੁਰੈਸ਼ੀ ਨੂੰ ਆਸ ਹੈ ਕਿ ਭਵਿੱਖ ਵਿੱਚ ਸਾਡੇ ਕਿੱਤੇ ਪ੍ਰਤੀ ਲੋਕਾਂ ਦਾ ਵਿਹਾਰ ਬਦਲੇਗਾ। ਉੱਤਰਕਾਸ਼ੀ ਵਾਲੀ ਘਟਨਾ ਇਸ ਮਾਮਲੇ ਵਿੱਚ ਅਹਿਮ ਮੋੜ ਸਾਬਤ ਹੋਵੇਗੀ। ਇਹ ਕਹਿੰਦਿਆਂ ਉਹਦੀ ਹਮਦਰਦ ਅੱਖਾਂ ਵਿੱਚ ਭੋਲਾਪਨ ਝਲਕ ਰਿਹਾ ਸੀ, ਜਿਹੜਾ ਚੀੜ੍ਹੇ ਜਾਤੀ ਪ੍ਰਬੰਧ ਤੋਂ ਸ਼ਾਇਦ ਹਾਲਾਂ ਵੀ ਨਾਵਾਕਿਫ ਹੈ; ਪਰ ਇਨ੍ਹਾਂ ਦੇ ਦਿਲਾਂ ਦੀ ਇਸ ਸਾਦਗੀ ਨੂੰ ਅੜਬ ਪਰਬਤਾਂ ਨੇ ਸਲਾਮ ਜ਼ਰੂਰ ਕੀਤੀ ਹੈ।

ਜਿਨ੍ਹਾਂ ਵਰਕਰਾਂ ਨੂੰ ਬਚਾਉਣ ਵਿੱਚ ਉਹ ਕਾਮਯਾਬ ਰਹੇ, ਉਨ੍ਹਾਂ ਵਿੱਚੋਂ 15 ਝਾਰਖੰਡ ਨਾਲ ਸੰਬਧਤ ਹਨ, 8 ਉੱਤਰ ਪ੍ਰਦੇਸ਼ ਦੇ ਹਨ, 5-5 ਬਿਹਾਰ ਅਤੇ ਉੜੀਸਾ ਦੇ ਹਨ। ਤਿੰਨ ਪੱਛਮੀ ਬੰਗਾਲ ਨਾਲ ਸਬੰਧਤ ਹਨ, ਜਦਕਿ ਦੋ-ਦੋ ਉੱਤਰਾਖੰਡ ਅਤੇ ਆਸਾਮ ਨਾਲ ਸਬੰਧ ਰੱਖਦੇ ਹਨ। ਦੀਵਾਲੀ ਵਾਲੇ ਦਿਨ ਤੜਕੇ ਸਾਢੇ ਪੰਜ ਵਜੇ ਸੁਰੰਗ ਦੇ 53 ਮੀਟਰ ਹਿੱਸੇ ਦੀ ਛੱਤ ਵੱਲੋਂ ਮਲਵਾ ਡਿੱਗ ਜਾਣ ਕਾਰਨ ਉਹ ਸੁਰੰਗ ਦੇ ਅੰਦਰ ਹੀ ਫਸ ਗਏ ਸਨ। ਫਿਰ ਪਾਣੀ ਦੀ ਸਪਲਾਈ ਵਾਲੀਆਂ ਪਾਈਪਾਂ ਨਾਲ ਉਨ੍ਹਾਂ ਨੇ ਰਾਹਤਕਾਰੀਆਂ ਨਾਲ ਸੰਪਰਕ ਕੀਤਾ। ਮਗਰੋਂ ਛੇ ਇੰਚ ਦੀ ਇੱਕ ਹੋਰ ਪਾਈਪ ਮਲਬੇ ਵਿੱਚ ਦੀ ਵਰਕਰਾਂ ਤੱਕ ਪਹੁੰਚਾਈ ਗਈ, ਜਿਸ ਨਾਲ ਖੁਰਾਕ, ਪਾਣੀ-ਧਾਣੀ ਅਤੇ ਦਵਾ-ਬੂਟੀ ਦਾ ਕੰਮ ਸਾਹਿਲ ਹੋ ਗਿਆ ਸੀ। ਫੌਜ ਅਤੇ ਸਰਕਾਰ ਦੀਆਂ ਹੋਰ ਵੱਖ-ਵੱਖ ਏਜੰਸੀਆਂ ਵੱਲੋਂ ਪਹਾੜ ਦੇ ਉਪਰੋਂ ਅਤੇ ਆਸੇ-ਪਾਸਿਓਂ ਵੀ ਡਰਿੱਲ ਕਰਕੇ ਮਜ਼ਦੂਰਾਂ ਤੱਕ ਪਹੁੰਚਣ ਦਾ ਯਤਨ ਕੀਤਾ ਜਾ ਰਿਹਾ ਸੀ, ਪਰ ਅੰਤ ਰੈਟ ਮਾਈਨਰਾਂ ਨੇ ਇਸ ਔਖੇ ਕੰਮ ਨੂੰ ਬਿਲਕੁਲ ਆਸਾਨ ਕਰ ਦਿੱਤਾ। ਇਸ ਵੱਡੇ ਬਚਾਓ ਕਾਰਜ ਦੀ ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਵੀ ਸਿਫਤ ਸਲਾਹ ਕੀਤੀ ਹੈ।

ਉਧਰ ਮਸ਼ੀਨਾਂ ਦੇ ਪੁਜਾਰੀ ਪੱਛਮੀ ਮੀਡੀਏ ਵਿੱਚੋਂ ਵੀ ਇਹ ਆਵਾਜ਼ ਆਈ ਕਿ 'ਮਨੁੱਖੀ ਹੁਨਰ ਮਸ਼ੀਨਾਂ 'ਤੇ ਭਾਰੀ ਪਿਆ।' ਕੀ ਪੱਛਮ ਵੀ ਇਹ ਸਬਕ ਸਿੱਖੇਗਾ ਕਿ ਮਸ਼ੀਨ ਕਿੰਨੀ ਵੀ ਉਤਮ ਹੋ ਜਾਵੇ, ਮਨੁੱਖ ਦੇ ਹੱਥਾਂ/ਹੁਨਰ ਦਾ ਮੁਕਾਬਲਾ ਨਹੀਂ ਕਰ ਸਕਦੀ। ਅਰਟੀਫੀਸ਼ੀਅਲ ਇੰਟੈਲੀਜੈਂਸ ਦੇ ਗੋਗੇ ਗਾਉਣ ਵਾਲਿਆਂ ਨੂੰ ਇਸ ਨਾਲ ਕੰਨ ਹੋ ਜਾਣੇ ਚਾਹੀਦੇ ਹਨ।









# ਪੰਜਾਬ ਦੀਆਂ ਸੜਕਾਂ ਤੋਂ 13 ਵਰ੍ਹੇ ਗਾਇਬ ਰਿਹਾ ਬੁਲੇਟ

## ਸਿਆਸਤ ਦਾ ਪਿੜ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



ਪੰਜਾਬ ਦੇ ਪਿੰਡਾਂ 'ਚ ਜਦ ਕੋਈ ਮੁੰਡਾ ਮੋਟਰਸਾਇਕਲ ਚਲਾਉਣ ਜੋਗਾ ਹੋ ਜਾਂਦਾ ਤਾਂ ਉਹਦੀ ਪਹਿਲੀ ਤਮੰਨਾ ਮੋਟਰਸਾਇਕਲ ਲੈਣ ਦੀ ਹੁੰਦੀ। ਜੇ ਬਾਪੂ ਮਹਿੰਗੇ ਮੋਟਰਸਾਇਕਲ ਦੀ ਫਰਮਾਇਸ਼ ਪੂਰੀ ਕਰਨ ਜੋਗਾ ਹੋਵੇ ਤਾਂ ਬੁਲੇਟ ਹੀ ਮੰਗਿਆ ਜਾਂਦਾ। ਜੇ ਬੁਲੇਟ ਮਿਲ ਜਾਵੇ ਤਾਂ ਇਸ 'ਤੇ ਬੈਠੇ ਦੀ ਫੋਟੋ ਮੁੰਡੇ ਆਪਣੀ ਫੇਸਬੁੱਕ 'ਤੇ ਪਾਉਂਦੇ। ਨਾਲ ਦੀ ਨਾਲ ਵਧਾਈਆਂ ਅਤੇ ਪਾਰਟੀ ਮੰਗਣ ਵਾਲੇ ਕੁਮੈਂਟ ਧੜਾ-ਧੜ ਪੋਸਟ ਹੋ ਜਾਂਦੇ। ਇੱਕ ਵਾਰ ਫੇਸਬੁੱਕ 'ਤੇ ਇੱਕ ਫੋਟੋ ਦੇਖਣ ਨੂੰ ਮਿਲੀ, ਜੀਹਦੇ 'ਚ ਇੱਕ ਮੁੱਛ-ਫੁੱਟ ਗੱਭਰੂ ਨਵੇਂ ਖਰੀਦੇ ਬੁਲੇਟ ਮੋਟਰਸਾਇਕਲ 'ਤੇ ਬੈਠਾ ਨਜ਼ਰ ਆ ਰਿਹਾ ਸੀ ਤੇ ਨਾਲ ਹੀ ਓਹਦਾ ਬਾਪੂ ਖੜ੍ਹਾ ਸੀ। ਫੋਟੋ ਨਾਲ ਲਿਖਿਆ ਸੀ, "ਦਾਦੇ-ਪੜਦਾਦੇ ਦੀ ਕਮਾਈ ਵਿੱਚੋਂ ਪਿਉ ਵੱਲੋਂ ਪੁੱਤ ਨੂੰ ਦਿੱਤਾ ਗਿਆ ਤੋਹਫ਼ਾ...Royal Enfield" ਫੋਟੋ ਮਲੇਰਕੋਟਲਾ ਜ਼ਿਲ੍ਹੇ ਦੇ ਇੱਕ ਕਿਸਾਨ



ਨੇ ਆਪਣੀ ਫੇਸਬੁੱਕ 'ਤੇ ਚਾੜ੍ਹੀ ਸੀ। ਫੋਟੋ ਦੇਖਣ ਸਾਰ ਹੀ ਮੈਨੂੰ ਆਪਣੇ ਵੇਲੇ ਦੇ ਬੁਲੇਟਾਂ ਦਾ ਖਿਆਲ ਆਇਆ। ਉਦੋਂ ਬੁਲੇਟ ਟਾਵੇਂ-ਟੱਲਿਆਂ ਕੋਲ ਹੁੰਦੇ ਸਨ, ਪਰ 1972 ਵਿੱਚ ਪੰਜਾਬ 'ਚ ਹੋਏ ਝੋਨੇ ਦੀ ਆਮਦ ਨਾਲ ਬੁਲੇਟ ਕਾਫ਼ੀ ਗਿਣਤੀ ਵਿੱਚ ਖਰੀਦੇ ਜਾਣ ਲੱਗੇ। ਬੁਲੇਟ ਮੋਟਰਸਾਇਕਲ ਬਣਾਉਣ ਵਾਲੀ ਕੰਪਨੀ ਰੌਇਲ ਐਨਫੀਲਡ ਸੀ, ਬੁਲੇਟ ਤਾਂ ਮੋਟਰਸਾਇਕਲ ਦੇ ਮਾਡਲ ਦਾ ਨਾਂ ਸੀ। ਜਿਵੇਂ ਮਾਰੂਤੀ-ਸਜ਼ੂਕੀ ਕੰਪਨੀ ਦੇ ਜ਼ੈਨ, ਜਿਪਸੀ, ਆਲਟੋ ਅਤੇ ਸਵਿਫਟ ਮਾਡਲਾਂ ਦੇ ਨਾਂ ਹਨ।

1970 ਵੇਲੇ ਇੰਡੀਆ 'ਚ ਰੌਇਲ ਐਨਫੀਲਡ ਕੰਪਨੀ ਦਾ ਨਾਂ ਇਨਫੀਲਡ ਇੰਡੀਆ ਹੋ ਗਿਆ ਤਾਂ ਬੁਲੇਟ ਨੂੰ ਇਨਫੀਲਡ ਵੀ ਕਿਹਾ ਜਾਣ ਲੱਗਿਆ। ਹੁਣ ਕੁਝ ਸਾਲਾਂ ਤੋਂ ਇਹ ਕੰਪਨੀ ਫਿਰ ਰੌਇਲ ਐਨਫੀਲਡ ਦੇ ਨਾਂ 'ਤੇ ਇੰਡੀਆ 'ਚ ਕੰਮ ਕਰਨ ਲੱਗੀ ਹੈ। ਉਨ੍ਹਾਂ ਵੇਲਿਆਂ ਵਿੱਚ ਇਹ ਰਾਜਦੂਤ ਮੋਟਰਸਾਇਕਲ ਹੁੰਦਾ ਸੀ ਤੇ ਦੂਜਾ ਜਾਵਾ (ਜੈਜ਼ਦੀ)- ਇਹ ਦੋਵੇਂ ਬੁਲੇਟ ਤੋਂ ਸਸਤੇ ਵੀ ਸਨ ਤੇ ਛੋਟੇ ਵੀ। ਦੁੱਗ-ਦੁੱਗ ਕਰਦੇ ਬੁਲੇਟ ਦੀ ਵੱਧ ਟੌਹਰ ਸੀ, ਦੂਜੇ ਮੋਟਰਸਾਇਕਲ ਪਿਟਰ-ਪਿਟਰ ਕਰਦੇ ਸਨ। ਰਾਹ-ਖਹਿੜੇ ਕੱਚੇ ਹੋਣ ਕਰਕੇ ਸਕੂਟਰਾਂ ਦਾ ਬੋਲਬਾਲਾ ਘੱਟ ਸੀ। ਸਕੂਟਰ ਜ਼ਿਆਦਾਤਰ 1980 ਤੋਂ ਆਉਣੇ ਸ਼ੁਰੂ ਹੋਏ। ਬਜਾਜ ਕੰਪਨੀ ਦਾ ਚੇਤਕ ਸਕੂਟਰ ਉਦੋਂ ਡਾਲਰਾਂ ਵਿੱਚ ਮਿਲਦਾ ਸੀ। ਡਾਲਰ ਜਮ੍ਹਾਂ ਕਰਾ ਕੇ ਬੁੱਕ ਕਰਾਉਣਾ ਪੈਂਦਾ ਸੀ ਤੇ ਫਿਰ 5-7 ਸਾਲ ਬਾਅਦ ਇਹਦਾ ਨੰਬਰ ਆਉਂਦਾ ਸੀ।

1982 'ਚ ਕੰਟਰੋਲ ਰੇਟ 'ਚ ਚੇਤਕ ਦਾ ਮੁੱਲ 8200 ਰੁਪਏ ਸੀ। ਜੇ ਜਦੇ ਲੈਣਾ ਹੋਵੇ ਤਾਂ ਬਲੈਕ 'ਚ ਇਹ 16 ਹਜ਼ਾਰ ਦਾ ਮਿਲਦਾ ਸੀ। ਸਾਰੇ ਪੰਜਾਬ 'ਚ ਇੱਕੋ ਇੱਕ ਸਕੂਟਰਾਂ ਦੀ ਹੱਟੀ ਜਲੰਧਰ 'ਚ ਪੀ.ਐਸ. ਜੈਨ ਵਾਲਿਆਂ ਦੀ ਸੀ। ਹਾਂ! ਗੱਲ ਬੁਲੇਟ ਦੀ ਕਰੀਏ ਤਾਂ ਅੱਜ-ਕੱਲ੍ਹ ਸ਼ਾਇਦ ਹੀ ਕਿਸੇ ਮੁੰਡੇ ਨੂੰ ਇਹ ਪਤਾ ਹੋਣਾ ਹੈ ਕਿ ਬੁਲੇਟ ਮੋਟਰਸਾਇਕਲ ਲਗਭਗ 13-14 ਵਰ੍ਹੇ ਪੰਜਾਬ ਦੀਆਂ ਸੜਕਾਂ ਤੋਂ ਗਾਇਬ ਰਿਹਾ ਸੀ। 1981 'ਚ ਸ਼ੁਰੂ ਹੋਏ ਖਾੜਕੂਵਾਦ ਦੇ ਦੌਰ 'ਚ ਖਾੜਕੂਆਂ ਨੇ ਬੁਲੇਟ ਮੋਟਰਸਾਇਕਲ ਦੀ ਖ਼ੂਬ ਵਰਤੋਂ ਕੀਤੀ। ਜਾਣਕਾਰੀ ਅਨੁਸਾਰ 9 ਸਤੰਬਰ 1981 ਨੂੰ ਲੁਧਿਆਣਾ ਨੇੜੇ ਅਖ਼ਬਾਰ 'ਜੱਗ ਬਾਣੀ' ਦੇ ਮਾਲਕ ਲਾਲਾ ਜਗਤ ਨਰਾਇਣ ਦੇ ਹੋਏ ਕਤਲ ਵਿੱਚ ਖਾੜਕੂਆਂ ਨੇ ਬੁਲੇਟ ਮੋਟਰਸਾਇਕਲ ਦਾ ਪਹਿਲੀ ਵਾਰ ਇਸਤੇਮਾਲ ਕੀਤਾ। ਉਸ ਤੋਂ ਬਾਅਦ ਹੋਏ ਬਹੁਤ ਸਾਰੇ ਗੋਲੀ ਕਾਂਡਾਂ ਵਿੱਚ ਵੀ ਬੁਲੇਟ ਦੀ ਹੀ ਵਰਤੋਂ ਕੀਤੀ ਗਈ। ਉਦੋਂ ਪੰਜਾਬ 'ਚ ਦਰਬਾਰਾ ਸਿੰਘ ਦੀ ਸਰਕਾਰ ਹੁੰਦੀ ਸੀ।

ਪੰਜਾਬ ਸਰਕਾਰ ਨੇ ਬੁਲੇਟਾਂ 'ਤੇ ਚੜ੍ਹਦੇ ਖਾੜਕੂਆਂ ਦਾ ਪਿੱਛਾ ਕਰਨ ਲਈ ਪੰਜਾਬ ਪੁਲਿਸ ਨੂੰ ਨਵੇਂ ਬੁਲੇਟ ਮੋਟਰਸਾਇਕਲ ਖਰੀਦ ਕੇ ਦਿੱਤੇ। ਜਦੋਂ ਬੁਲੇਟ ਮੋਟਰਸਾਇਕਲਾਂ ਵਾਲੇ ਖਾੜਕੂ ਫਿਰ ਵੀ ਕਾਬੂ ਨਾ ਆਏ ਤਾਂ ਸਰਕਾਰ ਨੇ ਬਾਵਰਦੀ ਪੁਲਿਸ ਮੁਲਾਜ਼ਮਾਂ ਤੋਂ ਇਲਾਵਾ ਬਾਕੀ ਸਭ ਵਾਸਤੇ ਸਾਢੇ ਤਿੰਨ ਹਾਰਸ ਪਾਵਰ ਵਾਲੇ ਮੋਟਰਸਾਇਕਲ ਚਲਾਉਣ 'ਤੇ ਪਾਬੰਦੀ ਲਾ ਦਿੱਤੀ। ਸਾਢੇ ਤਿੰਨ ਹਾਰਸ ਪਾਵਰ ਵਾਲੀ ਜੱਦ ਵਿੱਚ ਬੁਲੇਟ ਮੋਟਰਸਾਇਕਲ ਹੀ ਆਉਂਦਾ ਸੀ। ਜਦਕਿ ਦੂਜੇ ਮੋਟਰਸਾਇਕਲ ਇਸ ਤੋਂ ਛੋਟੀ ਪਾਵਰ ਦੇ ਸਨ। ਇਹ ਸੋਚ ਕੇ ਕਿ ਖਾੜਕੂ ਪੁਲਿਸ ਵਰਦੀਆਂ ਵਿੱਚ ਬੁਲੇਟ ਦੀ ਵਰਤੋਂ ਕਰ ਸਕਦੇ ਨੇ, ਸਰਕਾਰ ਨੇ ਪੁਲਿਸ ਦੇ ਮੋਟਰਸਾਇਕਲਾਂ ਨੂੰ ਪੀਲਾ ਰੰਗ ਕਰਾ ਦਿੱਤਾ। ਪ੍ਰਾਈਵੇਟ ਬੰਦਿਆਂ ਦੇ ਮੋਟਰਸਾਇਕਲਾਂ ਨੂੰ ਪੀਲੇ ਰੰਗ ਕਰਾਉਣ 'ਤੇ ਰੋਕ ਲਾ ਦਿੱਤੀ। ਠਾਣਿਆਂ ਵਾਲੇ ਪੀਲੇ ਮੋਟਰਸਾਇਕਲ ਸਿਰਫ਼ ਵਰਦੀ ਧਾਰੀ ਪੁਲਿਸ ਮੁਲਾਜ਼ਮ ਹੀ ਚਲਾ ਸਕਦੇ ਸਨ।

ਏਨੀਆਂ ਪਾਬੰਦੀਆਂ ਤੋਂ ਬਾਅਦ ਖਾੜਕੂ ਸਕੂਟਰਾਂ ਦੀ ਵਰਤੋਂ ਕਰਨ ਲੱਗੇ। ਸਰਕਾਰ ਨੇ ਫਿਰ ਰਾਤ ਨੂੰ ਸਕੂਟਰ ਚਲਾਉਣ 'ਤੇ ਵੀ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ। ਇੱਕ ਵੇਲਾ ਇਹ ਵੀ ਆਇਆ ਕਿ ਸਕੂਟਰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੀ ਚੱਲ ਸਕਦੇ ਸਨ। ਇਸ ਸਮੇਂ ਦੌਰਾਨ ਵੀ ਜਦੋਂ ਖਾੜਕੂਆਂ ਦੀਆਂ ਵਾਰਦਾਤਾਂ ਨਾ ਰੁਕੀਆਂ ਤਾਂ ਸਕੂਟਰਾਂ 'ਤੇ ਦੂਹਰੀ ਸਵਾਰੀ ਬੈਠਾਉਣ 'ਤੇ ਵੀ ਪਾਬੰਦੀ ਲੱਗਦੀ ਰਹੀ। ਸਕੂਟਰਾਂ 'ਤੇ ਵੀ ਮੁਕੰਮਲ ਪਾਬੰਦੀ ਕਦੇ ਖੁੱਲ੍ਹ ਜਾਣੀ ਤੇ ਕਦੇ ਬੰਦ ਹੋ ਜਾਣੀ ਇੱਕ ਆਮ ਗੱਲ ਸੀ। ਜਦੋਂ ਸਕੂਟਰ ਚੱਲਣ ਦੀ ਵੀ ਮਨਾਹੀ ਹੋ ਜਾਂਦੀ ਤਾਂ ਉਦੋਂ ਲੋਕ ਜ਼ਰੂਰੀ ਕੰਮਕਾਜ ਮੋਪਿਡਾਂ (ਸਕੂਟਰੀਆਂ) 'ਤੇ ਕਰਦੇ ਹੁੰਦੇ ਸਨ। ਉਦੋਂ ਸਕੂਟਰੀਆਂ ਅੱਜ-ਕੱਲ੍ਹ ਵਰਗੀਆਂ ਨਹੀਂ ਸਨ ਹੁੰਦੀਆਂ ਬਲਕਿ ਸਾਇਕਲਾਂ ਵਰਗੀਆਂ ਹੀ ਹੁੰਦੀਆਂ ਸਨ। ਇਨ੍ਹਾਂ ਵਿੱਚ ਪੈਡਲ ਮਾਰ ਕੇ ਸਟਾਰਟ ਹੋਣ ਵਾਲੀਆਂ ਟੀ.ਵੀ.ਐਸ., ਲੂਨਾ ਤੇ ਕਿੱਕ ਨਾਲ ਸਟਾਰਟ ਹੋਣ ਵਾਲੀ ਬਜਾਜ ਐਮ-50 ਵਰਗੀਆਂ ਸਕੂਟਰੀਆਂ ਮਸ਼ਹੂਰ ਹੁੰਦੀਆਂ ਸਨ।

ਇੱਕ ਦੌਰ ਐਸਾ ਵੀ ਆਇਆ ਕਿ ਸਕੂਟਰੀਆਂ 'ਤੇ ਵੀ ਪਾਬੰਦੀ ਲੱਗ ਗਈ। ਜਦੋਂ ਰੇਡਿਓ 'ਤੇ ਇਸ ਪਾਬੰਦੀ ਦਾ ਐਲਾਨ ਸੁਣਿਆ ਤਾਂ ਸਵੇਰੇ ਸਕੂਟਰੀਆਂ ਰਾਹੀਂ ਡਿਊਟੀਆਂ 'ਤੇ ਗਏ ਬੰਦੇ ਸ਼ਾਮ ਨੂੰ ਰਿਕਸ਼ਿਆਂ ਜਾਂ ਟਰਾਲੀਆਂ ਵਿੱਚ ਸਕੂਟਰੀਆਂ ਲੱਦ ਕੇ ਘਰੋ-ਘਰੀ ਪਹੁੰਚੇ। ਬੁਲੇਟ 'ਤੇ ਪਾਬੰਦੀ ਤਾਂ ਇਸ ਦੌਰਾਨ ਕਦੇ ਖੁੱਲ੍ਹੀ ਹੀ ਨਹੀਂ। ਲੋਕਾਂ ਨੇ ਬੁਲੇਟ ਮੋਟਰਸਾਇਕਲ ਬਾਹਰਲੇ ਸੂਬਿਆਂ ਵਿੱਚ ਜਾ ਕੇ ਵੇਚਣੇ ਸ਼ੁਰੂ ਕਰ ਦਿੱਤੇ। ਜੇ ਕਿਸੇ ਨੇ ਨਹੀਂ ਵੀ ਵੇਚਿਆ ਤਾਂ ਉਹਨੇ ਬੁਲੇਟ ਨੂੰ ਨੀਰੇ-ਆਲੇ ਯਾਨਿ ਤੂੜੀ ਵਾਲੇ ਕੋਠੇ ਲਾ ਦਿੱਤਾ। 1994-95 'ਚ ਮਾਹੌਲ ਸ਼ਾਂਤ ਹੋਣ ਤੋਂ ਬਾਅਦ ਪੰਜਾਬ 'ਚ ਬੁਲੇਟਾਂ ਦੀ ਨਵੀਂ ਖਰੀਦ ਸ਼ੁਰੂ ਹੋਈ। ਉਦੋਂ ਇਹਦੀ ਕੀਮਤ 35 ਹਜ਼ਾਰ ਰੁਪਏ ਸੀ।

ਇੱਕ ਗੱਲ ਹੋਰ ਦੱਸ ਦਿਆਂ ਕਿ ਪਹਿਲਾਂ ਬੁਲੇਟ ਮੋਟਰਸਾਇਕਲ ਦੇ ਗੇਅਰ ਸੱਜੇ ਪੈਰ ਥੱਲੇ ਤੇ ਬਰੇਕ ਖੱਬੇ ਪੈਰ ਥੱਲੇ ਹੁੰਦੇ ਸਨ। ਬਾਕੀ ਸਾਰੇ ਮੋਟਰਸਾਇਕਲਾਂ ਦੇ ਗੇਅਰ ਖੱਬੇ ਤੇ ਬਰੇਕ ਸੱਜੇ ਪਾਸੇ ਹੁੰਦੇ ਸਨ। ਸੰਨ 2010 'ਚ ਬੁਲੇਟ ਕੰਪਨੀ ਨੇ ਵੀ ਗੇਅਰ ਤੇ ਬਰੇਕ ਹੋਰ ਕੰਪਨੀਆਂ ਦੇ ਮੋਟਰਸਾਇਕਲਾਂ ਵਾਂਗ ਹੀ ਕਰ ਦਿੱਤੇ। ਸਾਡੇ ਪਿੰਡ ਮੰਡਿਆਣੀ ਦੀ ਤਖਤੂ ਪੱਤੀ 'ਚ ਇੱਕ ਨੌਜੁਆਨ ਕਮਲ ਸਿੰਘ ਜੌਹਲ ਕੋਲ ਦੋਵੇਂ ਕਿਸਮ ਦੇ ਬੁਲੇਟ ਮੋਟਰਸਾਇਕਲ ਹੈਗੇ। ਪਹਿਲਾ ਬੁਲੇਟ ਮੋਟਰਸਾਇਕਲ 1978 ਮਾਡਲ ਹੈ, ਜੋ ਕਿ 1982 ਤੋਂ ਲਗਾਤਾਰ 13 ਸਾਲ ਨੀਰੇ-ਆਲੇ ਖੜ੍ਹਾ ਰਿਹਾ ਤੇ 1995 'ਚ ਬਾਹਰ ਕੱਢਿਆ। 1971-72 'ਚ ਸਾਰੇ ਬਜ਼ੁਰਗ ਮੋਟਰਸਾਇਕਲ ਨੂੰ ਭਿਟ-ਭਿਟੀਆ ਹੀ ਕਹਿੰਦੇ ਹੁੰਦੇ ਸਨ।






## ਜੁਗ ਜੁਗ ਜੀਓ... (4)

### ਸਿਹਤ ਲਈ ਜਾਣਕਾਰੀ

ਡਾ. ਹਰਬੰਸ ਕੌਰ ਦਿਓਲ



# ਰਹਿ ਨਾ ਸਕਾਂ ਇਨ੍ਹਾਂ ਬਿਨਾ...

ਮੈਂ ਮਾਝੇ ਦੀ ਮੁਟਿਆਰ
ਲੱਕ ਮੇਰਾ ਪਤਲਾ ਜਿਹਾ...।
ਮੈਂ ਚੱਲਦੀ ਪੱਬਾਂ ਦੇ ਭਾਰ
ਮੈਂ ਨੱਚ ਨੱਚ ਪਾ'ਤੀ ਧਮਾਲ
ਭਜਾ'ਤੀ ਫੈਟ ਸਮੁੰਦਰੋਂ ਪਾਰ
ਕਿ ਲੱਕ ਮੇਰਾ ਪਤਲਾ ਜਿਹਾ...।

"ਚਾਚੀ ਜੀ, ਇਹ ਕੌਣ ਹੈ ਬੇਸੁਰਾ ਜਿਹਾ ਗਾ ਰਿਹਾ?" ਚੰਨੀ ਨੇ ਆਉਂਦਿਆਂ ਹੀ ਪੁੱਛਿਆ।

"ਚੰਨੀਏ ਹੋਰ ਕੌਣ ਹੋ ਸਕਦਾ ਏ, ਪ੍ਰੀਤ ਤੋਂ ਬਿਨਾ!"

"ਅੱਜ ਤਾਂ ਬੜੀਆਂ ਲੁੱਡੀਆਂ ਪਾਉਣ ਲੱਗੀ ਐ, ਇਹਨੂੰ ਤਾਂ ਬਿਨਾ ਪੀਤੀ ਹੀ ਚੜ੍ਹੀ ਲੱਗਦੀ ਏ!"

"ਕਹਿੰਦੀ ਸੀ, ਜਦੋਂ ਤੋਂ ਖੁਰਾਕ ਬਦਲੀ ਹੈ ਅਤੇ ਸਪਲੀ (ਸਪਲੀਮੈਂਟਸ) ਲੈਂਦੀ ਆਂ, ਬਹੁਤ ਹੀ ਜੋਸ਼ ਆ ਗਿਐ। ਸਾਰਾ ਦਿਨ ਹਵਾ ਵਿੱਚ ਉਡੀ ਫਿਰੀ ਜਾਂਦੀ ਐ, ਭੰਬੀਰੀ ਬਣ ਕੇ। ਜਾਹ ਅੰਦਰ ਜਾ ਕੇ ਤੂੰ ਹੀ ਦੇਖ ਲੈ!"

"ਪ੍ਰੀਤ, ਕੀ ਹੋ ਰਿਹਾ ਐ?"

"ਦੀਦੀ, ਮਿੱਤਰਾਂ ਦੀ ਕਾਟੋ ਫੁੱਲਾਂ 'ਤੇ ਐ, ਬਿਲਕੁਲ ਟੀਸੀ 'ਤੇ। ਮੈਂ ਤਾਂ ਜਸ਼ਨ ਮਨਾਉਣ ਦੇ ਮੂਡ ਵਿੱਚ ਹਾਂ, ਮੇਰਾ ਭਾਰ ਪਹਿਲਾਂ ਜਿੰਨਾ ਹੋ ਗਿਆ ਹੈ। ਹੁਣ ਮੈਂ ਪਹਿਲਾਂ ਤੋਂ ਵੀ ਜ਼ਿਆਦਾ ਚੰਗਾ ਮਹਿਸੂਸ ਕਰਦੀ ਆਂ।"

"ਇਹ ਤਾਂ ਬਹੁਤ ਹੀ ਖੁਸ਼ੀ ਦੀ ਗੱਲ ਹੈ, ਪਰ ਦੇਖੀਂ ਮੁੜ ਕੇ ਬਾਕੀ ਲੋਕਾਂ ਵਾਂਗ ਦੁਬਾਰਾ ਵਜ਼ਨ ਨਾ ਵਧਾ ਲਈਂ ਆਪਣੀ ਖੁਰਾਕ ਦੀ ਅਣਗਹਿਲੀ ਕਰ ਕੇ!"

"ਬਿਲਕੁਲ ਨਹੀਂ! ਮੇਰੀ ਚਮੜੀ ਥੋੜ੍ਹੀ ਖੁਸ਼ਕ ਜਿਹੀ ਹੈ ਅਤੇ ਮੂੰਹ ਦੇ ਕੋਨਿਆਂ 'ਤੇ ਥੋੜ੍ਹੇ ਚੀਰ ਜਿਹੇ ਲੱਗਦੇ ਨੇ।" ਪ੍ਰੀਤ ਨੇ ਫਿਕਰਮੰਦ ਹੋ ਕੇ ਕਿਹਾ।

"ਪ੍ਰੀਤ, ਮੈਨੂੰ ਦਿਖਾ ਤਾਂ ਸਹੀ।"

ਚੰਨੀ ਨੇ ਦੇਖਣ ਤੋਂ ਬਾਅਦ ਦੱਸਿਆ, "ਕੋਈ ਇਨਫੈਕਸ਼ਨ ਤਾਂ ਨਹੀਂ, ਮੈਨੂੰ ਲੱਗਦਾ ਤੈਨੂੰ ਆਪਣੇ ਵਿਟਾਮਿਨਜ਼ ਵੱਲ ਧਿਆਨ ਦੇਣਾ ਚਾਹੀਦਾ ਏ, ਕੋਈ ਫਿਕਰ ਦੀ ਗੱਲ ਨਹੀਂ।"

"ਦੀਦੀ, ਕਿਉਂ ਨਾ ਆਪਾਂ ਅੱਜ ਸਪਲੀਮੈਂਟਸ 'ਤੇ ਹੀ ਗੱਲ ਕਰੀਏ! ਮੈਨੂੰ ਇਨ੍ਹਾਂ ਬਾਰੇ ਜਾਣਕਾਰੀ ਨਹੀਂ ਜ਼ਿਆਦਾ ਅਤੇ ਜਿਹੜੇ ਤੁਸੀਂ ਦੱਸੇ ਸੀ, ਉਹ ਵੀ ਰੋਜ਼ਾਨਾ ਨਹੀਂ ਲੈਂਦੀ।"

"ਜ਼ਰੂਰ! ਚੱਲ ਸੁਣ ਧਿਆਨ ਨਾਲ ਫਿਰ:

1. ਇੱਕ ਗੱਲ ਯਾਦ ਰੱਖੀਂ ਇਹ ਸਪਲੀਮੈਂਟਸ ਚੰਗੀ ਖੁਰਾਕ ਦੀ ਥਾਂ ਨਹੀਂ ਖਾਣੇ, ਕਿਉਂਕਿ ਖੁਰਾਕ ਵਿੱਚੋਂ ਤਾਂ ਢੇਰ ਸਾਰੀਆਂ ਚੀਜ਼ਾਂ ਜਿਵੇਂ ਵਿਟਾਮਿਨਜ਼, ਮਿਨਰਲਜ਼ ਅਤੇ ਟਰੇਸ ਮੈਟਲਜ਼ ਵਗੈਰਾ ਮਿਲਦੇ ਹਨ, ਪਰ ਸਪਲੀਮੈਂਟਸ ਵਿੱਚ ਤਾਂ ਉਹੀ ਇੱਕੋ ਚੀਜ਼ ਮਿਲੇਗੀ।

2. ਦੂਜਾ, ਹਰ ਇੱਕ ਦੀ ਜ਼ਰੂਰਤ ਵੱਖਰੀ ਵੱਖਰੀ ਹੈ। ਨਿਰਭਰ ਹੈ ਕਿ ਕਿੰਨੀ ਉਮਰ ਹੈ, ਕਿਸ ਤਰ੍ਹਾਂ ਦੇ ਮੌਸਮ ਵਿੱਚ ਰਹਿੰਦੇ ਹੋ, ਤੁਹਾਨੂੰ ਕੋਈ ਬਿਮਾਰੀ ਤਾਂ ਨਹੀਂ ਜਿਸ ਨਾਲ ਤੁਹਾਡੀ ਜ਼ਰੂਰਤ ਜ਼ਿਆਦਾ ਹੋ ਸਕਦੀ ਐ ਅਤੇ ਕਿਸ ਤਰ੍ਹਾਂ ਦੀ ਤੁਹਾਡੀ ਖੁਰਾਕ ਹੈ?

ਜੇ ਤੁਹਾਡੀ ਖੁਰਾਕ ਚੰਗੀ ਹੈ, ਸੰਤੁਲਿਤ ਹੈ ਅਤੇ ਕੋਈ ਬਿਮਾਰੀ ਨਹੀਂ ਤਾਂ ਤੁਹਾਨੂੰ ਬਹੁਤ ਹੀ ਘੱਟ ਜ਼ਰੂਰ ਹੈ ਸਪਲੀਮੈਂਟਸ ਲੈਣ ਦੀ, ਪਰ ਆਪਾਂ ਥੋੜ੍ਹੇ ਜਿਹੇ ਆਮ ਬਾਰੇ ਚਰਚਾ ਕਰ ਲੈਂਦੇ ਹਾਂ।

3. ਤੀਸਰੀ ਗੱਲ, ਕਈ ਵਿਟਾਮਿਨ ਫੈਟ ਸੌਲੂਬਲ (fat soluble) ਹਨ। ਉਹ ਸਿਰਫ ਫੈਟੀ (ਚਰਬੀ ਵਾਲੀ ਖੁਰਾਕ) ਖੁਰਾਕ ਦੇ ਨਾਲ ਹੀ ਲੈਣੇ ਚਾਹੀਦੇ ਨੇ, ਕਿਉਂਕਿ ਜੇ ਖੁਰਾਕ ਵਿੱਚ ਫੈਟ ਨਹੀਂ ਹੋਵੇਗੀ, ਉਹ ਘੁਲ ਨਹੀਂ ਸਕਣਗੇ ਅਤੇ ਨਤੀਜਾ ਹੁੰਦਾ ਏ ਉਹ ਸਰੀਰ ਵਿੱਚ ਐਬਜ਼ਰਬ (absorb) ਨਹੀਂ ਹੋ ਸਕਦੇ ਤੇ ਉਨ੍ਹਾਂ ਦਾ ਸਰੀਰ ਨੂੰ ਕੋਈ ਫਾਇਦਾ ਨਹੀਂ ਹੁੰਦਾ।

ਇਹ ਫੈਟ ਸੌਲੂਬਲ ਵਿਟਾਮਨ ਹਨ: A, E, D ਅਤੇ K.

ਫੈਟ ਵਾਲੀ ਖੁਰਾਕ ਵਿੱਚ ਔਲਿਵ ਓਆਇਲ (ਤੇਲ), ਫਿੱਸ਼ ਓਆਇਲ, ਕੋਕੋਨਟ ਤੇਲ, ਡੇਅਰੀ ਵਾਲੀ ਖੁਰਾਕ, ਅੰਡੇ, ਐਵਾਕਾਡੋ, ਨਟਸ, ਸੀਡਸ ਵਗੈਰਾ ਸ਼ਾਮਲ ਹਨ।

4. ਦੂਜੇ ਤਰ੍ਹਾਂ ਦੇ ਵਿਟਾਮਿਨ B ਅਤੇ C ਤੁਸੀਂ ਕਦੇ ਵੀ ਪਾਣੀ ਨਾਲ ਲੈ ਸਕਦੇ ਹੋ। ਜੇ ਜ਼ਿਆਦਾ ਲੈ ਲਵੋ ਤਾਂ ਇਹ ਪਿਸ਼ਾਬ ਰਾਹੀਂ ਸਰੀਰ 'ਚੋਂ ਬਾਹਰ ਨਿਕਲ ਜਾਂਦੇ ਨੇ। ਫੈਟ ਸੌਲੂਬਲ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ, ਜ਼ਿਆਦਾ ਲੈਣ ਨਾਲ ਟੌਕਸਿਟੀ (toxicity) ਹੋ ਸਕਦੀ ਹੈ।

5. ਆਮ ਤੌਰ 'ਤੇ ਮਲਟੀਵਿਟਾਮਿਨਜ਼, ਕੈਲਸ਼ੀਅਮ, ਵਿਟਾਮਿਨ E, ਟਰੇਸ ਮਿਨਰਲਜ਼ (trace minerals) ਦੀ ਸਪਲੀਮੈਂਟ ਲੈਣ ਦੀ ਜ਼ਰੂਰਤ ਘੱਟ ਹੀ ਪੈਂਦੀ ਐ। ਚੰਗੀ ਖੁਰਾਕ ਖਾਣ ਨਾਲ ਖੁਰਾਕ ਵਿੱਚੋਂ ਹੀ ਮਿਲ ਜਾਂਦੇ ਨੇ।"

"ਦੀਦੀ, ਤੁਸੀਂ ਇੱਕ ਵਾਰੀ ਕਹਿੰਦੇ ਸੀ ਕਿ ਕੁਝ ਸਪਲੀਮੈਂਟਸ ਸ਼ਾਮ ਨੂੰ ਨਹੀਂ ਲੈਣੇ ਚਾਹੀਦੇ।"

"ਹਾਂ, ਤੂੰ ਠੀਕ ਕਿਹੈ। ਪ੍ਰੀਤ, ਜਿਵੇਂ ਵਿਟਾਮਿਨ ਬੀ ਕੰਪਲੈਕਸ (B Complex) ਹੈ, ਉਹ ਤੁਹਾਡੇ ਦਿਮਾਗ ਅਤੇ ਉਸ ਦੀਆਂ ਨਾੜੀਆਂ ਨੂੰ ਸਟਿਮੂਲੇਟ (stimulate) ਕਰਦੇ ਹਨ, ਇਸ ਕਰ ਕੇ ਇਹ ਰਾਤ ਨੂੰ ਨੀਂਦ ਨੂੰ ਖਰਾਬ ਕਰਦੇ ਨੇ। ਵਿਟਾਮਿਨ D ਵੀ ਮੈਲਾਟੋਨੀਨ (melatonin) ਨਾਲ ਪੰਗਾ ਪਾਉਂਦਾ ਹੈ ਅਤੇ ਰਾਤ ਨੂੰ ਸੌਣ ਨਹੀਂ ਦਿੰਦਾ। ਕੈਲਸੀਅਮ ਵੀ ਮੈਗਨੀਸੀਅਮ (magnesium) ਨੂੰ ਆਪਣਾ ਕੰਮ ਨਹੀਂ ਕਰਨ ਦਿੰਦਾ। ਮੈਗਨੀਸੀਅਮ ਮਸਲਜ਼ (muscles) ਰੀਲੈਕਸ ਕਰਨ ਅਤੇ ਮਨ ਨੂੰ ਸ਼ਾਂਤੀ ਦੇਣ ਦਾ ਕੰਮ ਕਰਦੀ। ਮਲਟੀਵਿਟਾਮਿਨ ਵਿੱਚ ਵਿਟਾਮਿਨ K ਹੁੰਦਾ, ਜਿਹੜਾ ਦਿਨ ਵੇਲੇ ਹੀ ਫੈਟੀ ਖੁਰਾਕ ਨਾਲ ਲੈਣਾ ਚਾਹੀਦਾ ਹੈ।

ਇਨ੍ਹਾਂ ਵੱਲ ਤਵੱਜੋ ਦੇਣ ਨਾਲ ਤੁਹਾਡੀ ਨੀਂਦ ਨਹੀਂ ਖਰਾਬ ਹੋਵੇਗੀ।"

"ਦੀਦੀ, ਇਨ੍ਹਾਂ ਤੋਂ ਬਿਨਾ ਹੋਰ ਵੀ ਕੋਈ ਸਪਲੀਮੈਂਟਸ ਹਨ?"

"ਹਾਂ ਪ੍ਰੀਤ!

6. ਪ੍ਰੋਬਾਇਓਟਿਕਸ (probiotics) ਦੀ ਜ਼ਰੂਰਤ ਪੈਂਦੀ ਐ, ਜੇ ਤੁਸੀਂ ਐਂਟੀਬਾਇਓਟਿਕਸ (antibiotics) ਦੇਰ ਤੱਕ ਲੈਣੇ ਨੇ ਜਾਂ ਕੋਈ ਅੰਤੜੀਆਂ ਦੀ ਬਿਮਾਰੀ ਹੋਵੇ, ਪਰ ਤੁਸੀਂ ਇਹ ਅੱਛੀ ਕਿਸਮ ਦੇ ਹੀ ਲਵੋ, ਜਿਵੇਂ ਐਨਟੈਰੋਕੋਟਿਡ (enterocoated) ਜਾਂ ਸਪੋਰ (spore) ਬਣਾਉਣ ਵਾਲੇ। ਨਹੀਂ ਤਾਂ ਉਹ ਮਿਹਦੇ ਦੇ ਐਸਿਡ ਨਾਲ ਮਰ ਜਾਣਗੇ। ਪ੍ਰੋਬਾਇਓਟਿਕ ਖੁਰਾਕ ਵੀ ਖਾਣੀ ਚਾਹੀਦੀ ਹੈ, ਜਿਸ ਵਿੱਚ ਆ ਜਾਂਦੇ ਨੇ- ਦਹੀਂ, ਕੈਫਿਰ (kafir), ਸਾਵਰਕਰੋਟ ਕਿਮਚੀ ਵਗੈਰਾ।

7. ਕੌਲੇਜਨ ਪੈਪਟਾਈਡਜ਼ (collagen peptades) ਬਜ਼ੁਰਗਾਂ ਲਈ ਚਮੜੀ ਅਤੇ ਸਿਹਤ ਲਈ ਲਾਭਦਾਇਕ ਹਨ।"

"ਦੀਦੀ, ਵੱਖਰੇ ਵੱਖਰੇ ਸਪਲੀਮੈਂਟਸ ਬਾਰੇ ਥੋੜ੍ਹੇ ਵਿਸਥਾਰ ਨਾਲ ਦੱਸ ਦੇਵੋ, ਉਨ੍ਹਾਂ ਦਾ ਕੀ ਫਾਇਦਾ ਏ, ਕਿਹੜੀ ਖੁਰਾਕ ਤੋਂ ਮਿਲਦੇ ਨੇ? ਵਗੈਰਾ ਵਗੈਰਾ।"

"ਦੇਖ ਕੁੜੀਏ, ਵਗੈਰਾ ਵਗੈਰਾ ਨੱਥੂ ਖੈਰਾ! ਮੇਰੀ ਤਾਂ ਛੁੱਟੀ ਹੁਣ। ਨਾ ਚਾਹ, ਨਾ ਪਾਣੀ! ਤੇਰੀ ਵੀ ਛੁੱਟੀ ਹੁਣ ਅਤੇ ਐਸ਼ ਕਰ, ਮੈਂ ਚੱਲੀ ਆਪਣੇ ਘਰ।"

"ਪਲੀਜ਼ ਦੀਦੀ ਇਸ ਤਰ੍ਹਾਂ ਨਾ ਕਰੋ। ਹਾਲੇ ਤਾਂ ਮੇਰੇ ਕਈ ਸਵਾਲ ਬਾਕੀ ਨੇ। ...ਖਾਣ ਪੀਣ ਨੂੰ ਵੀ ਆ ਰਿਹਾ। ਸੌਰੀ, ਥੋੜ੍ਹੀ ਜਿਹੀ ਦੇਰ ਹੋ ਗਈ ਅੱਜ।

ਲਓ ਪਹਿਲਾਂ ਪਾਣੀ ਪੀਓ, ਫਿਰ ਚਾਹ ਨਾਲ ਤੁਹਾਡੀ ਪਸੰਦ ਦੀ ਹੈਲਦੀ ਚੀਜ਼ ਆ ਰਹੀ ਹੈ। ਸੇਵਾ ਵੀ ਕੀ ਕਰਾਂ! ਸਨੈਕ ਤੁਸੀਂ ਖਾਂਦੇ ਨਹੀਂ।"

"ਚੱਲ ਪ੍ਰੀਤ, ਗੱਲਾਂ ਵਿੱਚ ਤੂੰ ਨਹੀਂ ਹਾਰਦੀ ਕਿਸੇ ਤੋਂ!"

"ਮੇਰੀ ਪਿਆਰੀ ਦੀਦੀ, ਚਲੋ ਅੱਗੇ ਵਧੋ। ਪਹਿਲਾਂ ਵਿਟਾਮਿਨਜ਼ ਬਾਰੇ ਦੱਸੋ।"

"ਦੱਸ ਤਾਂ ਦਿੰਦੀ ਆਂ, ਤੇਰੇ ਪੱਲੇ ਵੀ ਪੈ ਰਿਹਾ ਕੁਝ? ਯਾਦ ਵੀ ਰੱਖੇਂਗੀ?"

"ਦੀਦੀ, ਦੇਖੋ ਮੈਂ ਪੂਰੀ ਤਰ੍ਹਾਂ ਸਾਰਾ ਕੁਝ ਲਿਖ ਰਹੀ ਹਾਂ ਅਤੇ ਸੁਣ ਵੀ ਰਹੀ ਆਂ ਧਿਆਨ ਨਾਲ।"

"ਆਪਾਂ ਵਿਟਾਮਿਨ A ਤੋਂ ਸ਼ੁਰੂ ਕਰਦੇ ਆਂ:

ਇਹ ਫੈਟ ਸੌਲੂਬਲ ਹੈ, ਇਸ ਨੂੰ ਆਮ ਤੌਰ 'ਤੇ ਖੁਰਾਕ ਵਿੱਚੋਂ ਹੀ ਲੈ ਸਕਦੇ ਹੋ। ਸਪਲੀਮੈਂਟ ਤੌਰ 'ਤੇ ਘੱਟ ਹੀ ਜ਼ਰੂਰਤ ਪੈਂਦੀ ਐ। ਇਹ ਅੱਖਾਂ ਅਤੇ ਨਜ਼ਰ, ਇਮਿਊਨ ਸਿਸਟਮ ਅਤੇ ਵੱਖਰੇ ਵੱਖਰੇ ਅੰਗਾਂ ਲਈ ਲਾਭਦਾਇਕ ਹੈ। ਐਂਟੀਔਕਸੀਡੈਂਟ (antioxidant) ਹੋਣ ਕਰਕੇ ਕੈਂਸਰ ਤੋਂ ਵੀ ਬਚਾਉਂਦਾ ਏ। ਇਹ ਹੁੰਦਾ ਏ ਅੰਡਿਆਂ ਦੇ ਪੀਲੇ ਹਿੱਸੇ ਵਿੱਚ; ਘੀ, ਮੱਛੀ ਅਤੇ ਕੌਡ ਲਿਵਰ ਤੇਲ ਵਿੱਚ; ਸਬਜ਼ੀਆਂ ਜਿਵੇਂ ਹਰੀਆਂ, ਪੱਤਿਆਂ ਵਾਲੀਆਂ, ਗਾਜਰਾਂ, ਸ਼ਕਰਕੰਦੀ, ਪਾਲਕ, ਕੇਲ, ਪਪੀਤਾ ਅਤੇ ਖਰਬੂਜ਼ੇ ਵਿੱਚ ਕਾਫੀ ਮਿਕਦਾਰ ਵਿੱਚ ਮਿਲਦਾ ਏ। ਵਿਟਾਮਿਨ B ਦੇ ਅੱਠ ਹਿੱਸੇ ਹਨ: $B_1$, $B_2$, $B_3$, $B_5$, $B_6$, $B_7$, $B_9$, $B_{12}$; ਚੰਗੀ ਖੁਰਾਕ ਹੋਵੇ ਤਾਂ ਇਹ ਬਾਹਰੋਂ ਲੈਣ ਦੀ ਜ਼ਰੂਰਤ ਨਹੀਂ ਪੈਂਦੀ, ਪਰ ਬਜ਼ੁਰਗਾਂ ਵਿੱਚ ਇਸ ਦੀ ਘਾਟ ਹੋ ਸਕਦੀ ਏ, ਆਮ ਤੌਰ 'ਤੇ $B_{12}$ ਦੀ, ਕਿਉਂਕਿ ਸਰੀਰ $B_{12}$ ਨਹੀਂ ਬਣਾਉਂਦਾ ਉਨੀ ਮਿਕਦਾਰ ਵਿੱਚ, ਜਿੰਨਾ ਚਾਹੀਦਾ ਏ। ਜੇ $B_{12}$ ਦੀ ਜ਼ਰੂਰਤ ਹੈ ਤਾਂ ਉਸ ਨਾਲ ਫੋਲਿਕ ਐਸਿਡ (folic acid) ਵੀ ਲੈਣਾ ਚਾਹੀਦਾ ਹੈ- ਉਸ ਦੀ ਵੀ ਘਾਟ ਹੁੰਦੀ ਏ। ਫੋਲਿਕ ਐਸਿਡ ਤਾਂ ਗਰਭਵਤੀ ਔਰਤਾਂ ਲਈ ਬਹੁਤ ਜ਼ਰੂਰੀ ਹੈ- ਕਲੈਫਟ ਲਿਪ ਤੋਂ ਬੱਚੇ ਨੂੰ ਬਚਾਉਣ ਲਈ। ਇਸ ਲਈ ਉਨ੍ਹਾਂ ਲਈ ਪ੍ਰੀਨੇਟਲ ਵਿਟਾਮਿਨ ਲੈਣੇ ਬਹੁਤ ਹੀ ਜ਼ਰੂਰੀ ਹਨ। ਵਿਟਾਮਿਨ B ਜ਼ਰੂਰੀ ਹੈ- ਸੈਲਾ ਦੇ ਮੈਟਾਬੋਲਿਜ਼ਮ (metabolism), ਨਰਵਸ, ਸਰੀਰ ਦੇ ਐਨਜ਼ਾਈਮਜ਼ (enzymes), ਦਿਮਾਗ ਅਤੇ ਹਾਰਮੋਨਜ਼ (hormones) ਬਣਨ ਲਈ ਖੁਰਾਕ ਵਿੱਚੋਂ ਮਿਲ ਜਾਂਦੈ। ਦੁੱਧ, ਚੀਜ਼, ਅੰਡੇ, ਮੱਛੀ, ਮੀਟ, ਬੀਟਸ, ਐਵਾਕਾਡੋ, ਹਰੀਆਂ ਸਬਜ਼ੀਆਂ, ਬੀਨਜ਼, ਹੋਲ ਗਰੇਨਜ਼, ਸੁੱਕੇ ਮੇਵੇ, ਫਲ, ਕੇਲਾ, ਤਰਬੂਜ਼, nutrition yeast. ਇਸ ਦੀ ਘਾਟ ਕਰਕੇ ਚਮੜੀ 'ਤੇ rash, ਮੂੰਹ ਦੇ ਵਿੱਚ ਜਾਂ ਮੂੰਹ ਦੇ ਕੋਨਿਆਂ ਦੇ ਵਿੱਚ ਕਰੈਕਜ਼ ਬਣ ਜਾਂਦੇ ਨੇ; ਕਮਜ਼ੋਰੀ, neuropathy ਅਤੇ depression ਵਗੈਰਾ ਹੋ ਜਾਂਦੇ ਨੇ। ਜਿਨ੍ਹਾਂ ਨੂੰ ਸ਼ੂਗਰ ਦੀ ਬਿਮਾਰੀ ਹੁੰਦੀ ਹੈ, ਉਨ੍ਹਾਂ ਵਿੱਚ ਵਿਟਾਮਿਨ B ਦੀ ਘਾਟ ਜ਼ਿਆਦਾ ਦੇਖਣ ਨੂੰ ਮਿਲਦੀ ਐ।

ਅਗਲਾ ਵਿਟਾਮਿਨ ਹੈ-ਵਿਟਾਮਿਨ C. ਇਹ ਪਾਣੀ ਵਿੱਚ ਘੁਲ ਜਾਂਦੈ। ਇਸ ਨੂੰ ਆਪਣਾ ਸਰੀਰ ਬਣਾ ਨਹੀਂ ਸਕਦਾ ਅਤੇ ਸਾਰਾ ਖੁਰਾਕ ਤੋਂ ਹੀ ਲੈਣਾ ਪੈਂਦਾ ਹੈ। ਇਹ ਸਰੀਰ ਦੀ ਰਿਪੇਅਰ ਲਈ ਅਤੇ ਇਨਫੈਕਸ਼ਨ ਕੰਟਰੋਲ ਕਰਨ ਲਈ ਬਹੁਤ ਜ਼ਰੂਰੀ ਹੈ। ਮਤਲਬ ਕਿ ਇਮਿਊਨਿਟੀ ਲਈ। ਇਹ ਬਣਾਉਂਦਾ ਏ ਖੂਨ ਦੀਆਂ ਨਾੜੀਆਂ, ਪੱਠੇ (mussels), cartilage, collagen ਅਤੇ ਬਹੁਤ ਚੰਗਾ antioxidant ਹੈ। ਇਸ ਕਰ ਕੇ ਇਹ ਸਰੀਰ ਵਿੱਚ inflammation ਨੂੰ ਖਤਮ ਕਰਦੈ ਅਤੇ ਬਾਕੀ ਬਿਮਾਰੀਆਂ ਲਈ ਵੀ ਚੰਗਾ ਹੈ- ਜਿਵੇਂ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਗਠੀਆ (gout).

ਇਹ ਖੁਰਾਕ ਵਿੱਚੋਂ ਆਇਰਨ ਨੂੰ ਸਰੀਰ ਵਿੱਚ ਜਜ਼ਬ ਕਰਨ ਵਿੱਚ ਵੀ ਮਦਦ ਕਰਦਾ ਏ। ਇਹ ਪਾਣੀ ਵਿੱਚ ਘੁਲਣ ਵਾਲਾ ਹੋਣ ਕਰ ਕੇ ਜ਼ਿਆਦਾ ਦੇਰ ਸਰੀਰ ਵਿੱਚ ਰਹਿੰਦਾ ਨਹੀਂ। ਇਸ ਕਰ ਕੇ ਸਪਲੀਮੈਂਟ ਤੌਰ 'ਤੇ ਇਹਨੂੰ ਲੈ ਲੈਣਾ ਜ਼ਰੂਰੀ ਹੈ- 1000mg time release ਦਿਨ ਵਿੱਚ ਦੋ ਵਾਰੀ ਲਵੋ ਜਾਂ 500mg ਚਾਰ ਵਾਰੀ ਦਿਨ ਵਿੱਚ ਲਵੋ, ਖਾਸ ਕਰ ਕੇ ਜੇ ਤੁਸੀਂ ਕਿਸੇ ਇਨਫੈਕਸ਼ਨ ਦਾ ਸਾਹਮਣਾ ਕਰ ਰਹੇ ਹੋ ਜਾਂ ਤੁਸੀਂ ਕਿਸੇ ਸਰਜਰੀ ਤੋਂ ਰਿਕਵਰ ਕਰ ਰਹੇ ਹੋ। ਇਹ ਖੁਰਾਕ ਵਿੱਚ ਸੰਗਤਰੇ, ਸਟਰਾਬੈਰੀਜ਼, ਕੀਵੀ ਫਰੂਟ, ਮਿਰਚਾਂ, ਕੇਲੇ ਅਤੇ ਪਾਲਕ ਵਿੱਚੋਂ ਮਿਲਦਾ ਏ।

ਵਿਟਾਮਿਨ D - ਇਹ ਫੈਟ ਸੌਲੂਬਲ ਹੈ। ਇਹ ਜ਼ਰੂਰੀ ਹੈ ਹੱਡੀਆਂ, ਦੰਦਾਂ ਦੀ ਸਿਹਤ ਲਈ; ਇਸ ਨਾਲ ਸਰੀਰ ਦੀ ਇਮਿਊਨਿਟੀ ਵਧਦੀ ਹੈ, ਸ਼ੂਗਰ ਦੀ ਬਿਮਾਰੀ ਤੇ ਫਲੂ (flu) ਅਤੇ ਕੈਂਸਰ ਹੋਣ ਦਾ ਰਿਸਕ ਵੀ ਘਟ ਜਾਂਦੈ; ਮੂਡ-ਡਿਪਰੈਸ਼ਨ ਵੀ ਘਟਾ ਦਿੰਦਾ ਹੈ।

ਜੇ ਤੁਹਾਡੇ ਵਾਲ ਝੜਦੇ ਹੋਣ ਅਤੇ ਹੋਰ ਕੋਈ ਕਾਰਨ ਨਾ ਹੋਵੇ- ਹੋ ਸਕਦਾ ਏ ਵਿਟਾਮਿਨ D ਦੀ ਘਾਟ ਹੈ ਅਤੇ ਵਿਟਾਮਿਨ D ਲੈਣ ਨਾਲ ਇਹ ਸਮੱਸਿਆ ਦੂਰ ਹੋ ਜਾਂਦੀ ਹੈ। ਵਿਟਾਮਿਨ D ਆਪਣੀ ਚਮੜੀ ਵਿੱਚ ਬਣ ਸਕਦਾ ਏ, ਜੇ ਅਸੀਂ ਹਰ ਰੋਜ਼ 30 ਮਿੰਟ ਲਈ ਧੁੱਪ ਵਿੱਚ ਰਹੀਏ। ਕਾਫੀ ਹਿੱਸਾ ਆਪਣੀ ਚਮੜੀ ਦਾ ਬਿਨਾ sun screen ਅਤੇ ਬਿਨਾ ਢਕੇ ਜਿਵੇਂ ਹੱਥ, ਪੈਰ, ਬਾਹਵਾਂ, ਲੱਤਾਂ; ਪਰ ਮੌਸਮ ਕਰਕੇ ਇਹ ਮੁਸ਼ਕਿਲ ਹੋ ਸਕਦਾ ਏ ਕਿਉਂਕਿ ਸਰਦੀਆਂ ਵਿੱਚ ਠੰਡ ਦੇ ਕਾਰਨ ਆਪਾਂ ਬਾਹਰ ਨਹੀਂ ਜਾਂਦੇ ਅਤੇ ਗਰਮੀਆਂ ਵਿੱਚ ਗਰਮੀ ਕਰਕੇ, ਨਾਲੇ ਚਮੜੀ ਦੇ ਕੈਂਸਰ ਦਾ ਵੀ ਡਰ ਰਹਿੰਦਾ ਏ। ਇਸ ਕਰ ਕੇ ਵਿਟਾਮਿਨ D ਲੈ ਹੀ ਲੈਣਾ ਚਾਹੀਦਾ ਏ। ਬਹੁਤ ਲੋਕਾਂ ਵਿੱਚ ਇਸ ਦੀ ਘਾਟ ਪਾਈ ਜਾਂਦੀ ਐ। ਐਵਰੇਜ਼ ਲੈਵਲ ਹੈ 40, ਜਦਕਿ ਇਹ 60-70 ਤੱਕ ਹੋਣਾ ਚਾਹੀਦਾ ਏ, ਪਰ ਇਹ 100 ਤੋਂ ਘੱਟ ਹੀ ਰਹਿਣਾ ਚਾਹੀਦਾ।

ਤਕਰੀਬਨ 5-7 ਹਜ਼ਾਰ ਯੂਨਿਟ ਰੋਜ਼ ਹੀ ਲੈਣਾ ਚਾਹੀਦਾ ਏ- ਫੈਟੀ ਖਾਣੇ ਨਾਲ ਸਾਲ ਵਿੱਚ ਦੋ ਕੁ ਵਾਰੀ ਲੈਵਲ ਵੀ ਚੈੱਕ ਕਰਵਾ ਲਓ। ਇਹ ਮਸ਼ਰੂਮਜ਼, ਮੱਛੀ ਤੇ ਮੱਛੀ ਦੇ ਤੇਲ, ਡੇਅਰੀ ਤੇ ਫੋਰਟੀਫਾਈਡ (fortified) ਖੁਰਾਕ, ਅੰਡੇ ਦੇ ਪੀਲੇ ਹਿੱਸੇ ਅਤੇ ਐਵਾਕਾਡੋ ਖੁਰਾਕ ਵਿੱਚ ਮਿਲਦਾ ਹੈ।

ਵਿਟਾਮਿਨ E - ਇਹ ਵੀ ਫੈਟ ਸੌਲੂਬਲ ਹੈ ਅਤੇ ਵਧੀਆ ਐਂਟੀਔਕਸੀਡੈਂਟ ਹੈ। ਵਿਟਾਮਿਨ C ਦੀ ਤਰ੍ਹਾਂ ਇਹ ਇਮਿਊਨ ਸਿਸਟਮ ਲਈ, ਚਮੜੀ ਦੀ ਤੰਦਰੁਸਤੀ ਅਤੇ ਦਿਮਾਗ ਲਈ ਜ਼ਰੂਰੀ ਹੈ। ਇਹ ਖੂਨ ਨੂੰ ਖੂਨ ਦੀਆਂ ਨਾੜੀਆਂ ਵਿੱਚ ਜੰਮਣ ਨਹੀਂ ਦਿੰਦਾ। ਇਹ ਸਾਨੂੰ ਮਿਲਦਾ ਹੈ- ਨਟਸ, ਸੀਡਸ, ਸਬਜ਼ੀਆਂ, ਬਰੋਕਲੀ ਅਤੇ ਪਾਲਕ ਤੋਂ।

ਇਸ ਨੂੰ ਬਾਹਰੋਂ ਲੈਣ ਦੀ ਜ਼ਰੂਰਤ ਘੱਟ ਹੀ ਪੈਂਦੀ ਹੈ, ਇਹ ਖੁਰਾਕ ਤੋਂ ਹੀ ਮਿਲ ਜਾਂਦਾ ਹੈ।"

"ਦੀਦੀ, ਤੁਸੀਂ ਦੱਸਿਆ ਸੀ ਕਿ ਇੱਕ ਵਿਟਾਮਿਨ K ਵੀ ਹੁੰਦਾ ਏ।"

"ਇਹਦੇ ਵਿੱਚ ਇੱਕ ਵਿਟਾਮਿਨ $K_1$ ਅਤੇ ਦੂਜਾ $K_2$ ਹੁੰਦਾ ਹੈ। ਇਨ੍ਹਾਂ ਦੇ ਕੰਮ ਬਿਲਕੁਲ ਵੱਖਰੇ ਵੱਖਰੇ ਨੇ। $K_1$ ਖੂਨ ਦੇ ਨਾ ਜੰਮਣ ਦਾ ਜ਼ਿੰਮੇਵਾਰ ਹੈ ਅਤੇ $K_2$ ਹੱਡੀਆਂ, ਜੋੜਾਂ ਅਤੇ ਦਿਲ ਦੀ ਤੰਦਰੁਸਤੀ ਲਈ। ਵਿਟਾਮਿਨ $K_2$ ਦੀ ਜੋੜੀ ਹੈ ਵਿਟਾਮਿਨ D ਅਤੇ ਮੈਗਨੀਸੀਅਮ ਨਾਲ। ਵਿਟਾਮਿਨ D ਤਾਂ ਕੈਲਸੀਅਮ ਨੂੰ ਖੁਰਾਕ ਦੀਆਂ ਅੰਤੜੀਆਂ ਵਿੱਚੋਂ ਸਰੀਰ ਵਿੱਚ ਲਿਆਉਣ ਦਾ ਕੰਮ ਕਰਦੈ, ਅੱਗੋਂ ਫਿਰ $K_2$ ਮੈਗਨੀਸੀਅਮ ਨਾਲ ਰਲ ਕੇ ਕੈਲਸੀਅਮ ਨੂੰ ਹੱਡੀਆਂ ਵਿੱਚ ਜਮ੍ਹਾਂ ਕਰਦੈ। $K_2$ ਕੈਂਸਰ ਅਤੇ ਆਲਜ਼ਾਈਮਰ (alzheimer) ਦਾ ਰਿਸਕ ਵੀ ਘਟਾਉਂਦੈ।

$K_2$ ਅਤੇ ਮੈਗਨੀਸੀਅਮ ਰਲ ਕੇ ਕੈਲਸੀਅਮ ਨੂੰ tissues ਵਿੱਚੋਂ ਕੱਢ ਕੇ ਹੱਡੀਆਂ ਤੱਕ ਪਹੁੰਚਾਉਂਦੇ ਨੇ। $K_2$ ਕੇਲਿਆਂ, ਮਸਟਰਡ ਅਤੇ ਹੋਰ ਪੱਤਿਆਂ ਵਾਲੀਆਂ ਸਬਜ਼ੀਆਂ, ਪਾਲਕ ਬਰੋਕਲੀ, ਬਰੱਸ਼ਲ, ਸਪਰਾਊਟਜ਼, ਪੱਤ ਗੋਭੀ ਅਤੇ ਐਨੀਮਲ ਫੂਡਜ਼- liver, cheese and natto ਵਿੱਚ।

ਜਿਹੜੇ ਮਾਊਥ ਵਾਸ਼ ਹੁੰਦੇ ਨੇ (ਕੁਰਲੀ ਕਰਨ ਲਈ) ਉਨ੍ਹਾਂ ਨਾਲ ਮੂੰਹ ਵਿੱਚ ਚੰਗੇ ਕਟਾਣੂ ਵੀ ਮਰ ਜਾਂਦੇ ਹਨ। ਇਸ ਲਈ ਉਸ ਦੀ ਥਾਂ ਜੇ ਆਪਾਂ ਵਿਟਾਮਿਨ $K_2$ ਅਤੇ ਪ੍ਰੋਬਾਇਓਟਿਕਸ ਜਿਵੇਂ ਕਿ natto, hard cheese, egg yolk ਵਗੈਰਾ ਦਾ ਇਸਤੇਮਾਲ ਕਰੀਏ ਤਾਂ ਚੰਗਾ ਹੈ।

ਘੱਟ ਫੈਟ ਵਾਲੀ ਖੁਰਾਕ ਖਾਣ ਨਾਲ ਅਤੇ ਕੋਲੈਸਟਰੋਲ ਘਟਾਉਣ ਵਾਲੀਆਂ ਦਵਾਈਆਂ ਨਾਲ ਵਿਟਾਮਿਨ $K_2$ ਘਟ ਜਾਂਦੈ ਸਰੀਰ ਵਿੱਚ। ਇਸ ਲਈ ਇਹ ਲੈਣਾ ਜ਼ਰੂਰੀ ਹੈ, ਖਾਸ ਕਰ ਕੇ ਬਜ਼ੁਰਗਾਂ ਨੂੰ ਹੱਡੀਆਂ ਦੀ ਤੰਦਰੁਸਤੀ ਲਈ।"

"ਦੀਦੀ, ਤੁਹਾਡਾ ਕੀ ਖਿਆਲ ਹੈ, ਓਮੇਗਾ-3 ਬਾਰੇ?"

"ਬਈ ਜੇ ਤੁਸੀਂ ਹਫਤੇ ਵਿੱਚ ਮੱਛੀ ਦੋ ਵਾਰੀ ਖਾਂਦੇ ਹੋ ਤਾਂ ਤੁਹਾਨੂੰ ਓਮੇਗਾ-3 ਲੈਣ ਦੀ ਜ਼ਰੂਰਤ ਨਹੀਂ, ਪਰ ਜੇ ਤੁਸੀਂ ਮੱਛੀ ਨਹੀਂ ਖਾਂਦੇ ਤਾਂ ਤੁਹਾਨੂੰ ਇਹ ਲੈ ਹੀ ਲੈਣਾ ਚਾਹੀਦਾ ਹੈ। ਮੱਛੀ ਖਾਣ ਵੇਲੇ ਧਿਆਨ ਰੱਖੋ ਕਿ ਮੱਛੀ ਮਰਕਰੀ ਘੱਟ ਵਾਲੀ ਹੋਵੇ। ਜ਼ਿਆਦਾ ਮਰਕਰੀ ਵਾਲੀ ਮੱਛੀ ਜਿਵੇਂ ਐਲਵਾਕੋਰ ਟੂਨਾ, ਕਿੰਗ ਮੈਕਰਲ, ਸਵੋਰਡ ਫਿਸ਼, ਟਾਈਲ ਫਿਸ਼ ਨਾ ਖਾਓ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਬੜਾ ਸੰਘਰਸ਼ ਕਰਕੇ ਆਸਟਰੇਲੀਆ ’ਚ ਵਿਗਸੇ ਨੇ ਪੰਜਾਬੀ

**ਪੰਜਾਬੀਆਂ ਨੇ ਆਸਟਰੇਲੀਆ ਵਿੱਚ ਵੀ ਆਪਣੀ ਧਾਕ ਜਮਾਈ ਹੈ ਤੇ ਨਿਰੰਤਰ ਤਰੱਕੀ ਦੇ ਮਾਰਗ ਦੇ ਪਾਂਧੀ ਹੋ ਨਿੱਬੜੇ ਹਨ। ਪਰਵਾਸ ਲਈ ਪਰਵਾਜ਼ ਭਰਨ ਵਾਲੇ ਪੰਜਾਬੀਆਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪੱਗ ਦਾ ਸ਼ਮਲਾ ਉੱਚਾ ਕੀਤਾ ਹੈ। ਇਹ ਸੱਚ ਹੀ ਹੈ ਕਿ ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਹੀ ਮੁਹਿੰਮਾਂ।’ ਪੇਸ਼ ਹੈ, ਆਸਟਰੇਲੀਆ ਵਿੱਚ ਬੜੇ ਸੰਘਰਸ਼ ਨਾਲ ਵਿਗਸੇ ਪੰਜਾਬੀਆਂ ਬਾਰੇ ਇਹ ਲੇਖ...**

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਪੰਜਾਬ ਦੀ ਮਿੱਟੀ ’ਚ ਜਨਮ ਲੈਣ ਵਾਲੇ ਹਰੇਕ ਪੰਜਾਬੀ ਨੂੰ ਨਿੱਤ ਦਿਨ ਹੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਬਿਲਕੁਲ ਵੀ ਨਾ ਘਬਰਾਉਂਦਿਆਂ ਹੋਇਆਂ ਤਕੜਾ ਹੋ ਕੇ ਔਕੜਾਂ ਖ਼ਿਲਾਫ਼ ਸੰਘਰਸ਼ ਕਰਦਾ ਹੈ ਤੇ ਔਕੜਾਂ ਨੂੰ ਮਾਤ ਦੇ ਕੇ ਹੀ ਮੁੜਦਾ ਹੈ। ਕੁਝ ਇਸੇ ਜਜ਼ਬੇ ਨਾਲ ਪੰਜਾਬੀਆਂ ਨੇ ਦੁਨੀਆਂ ਦੇ ਹੋਰ ਮੁਲਕਾਂ ਦੀ ਤਰ੍ਹਾਂ ਆਸਟਰੇਲੀਆ ਵਿੱਚ ਵੀ ਆਪਣੀ ਧਾਕ ਜਮਾਈ ਹੈ ਤੇ ਨਿਰੰਤਰ ਤਰੱਕੀ ਦੇ ਮਾਰਗ ਦੇ ਪਾਂਧੀ ਹੋ ਨਿੱਬੜੇ ਹਨ।

ਆਸਟਰੇਲੀਆ ਵਿੱਚ ਪੰਜਾਬੀਆਂ ਦੀ ਆਮਦ ਦੀ ਜੇ ਗੱਲ ਕੀਤੀ ਜਾਵੇ ਤਾਂ ਇਤਿਹਾਸ ਦੇ ਪੰਨੇ ਫ਼ਰੋਲਦਿਆਂ ਪਤਾ ਲੱਗਦਾ ਹੈ ਕਿ ਸੰਨ 1830 ਦੇ ਆਸ-ਪਾਸ ਪਹਿਲਾ ਪੰਜਾਬੀ ਸ਼ਖਸ ਆਸਟਰੇਲੀਆ ਪੁੱਜਾ ਸੀ ਤੇ ਉਸਨੂੰ ਹੀ ਆਸਟਰੇਲੀਆ ਦੀ ਧਰਤੀ ’ਤੇ ਪੁੱਜਾ ਪਹਿਲਾ ਭਾਰਤੀ ਵੀ ਮੰਨਿਆ ਜਾਂਦਾ ਹੈ। ਇਹ ਸ਼ਖ਼ਸ ਇੱਥੇ ਨਿਊ ਸਾਊਥ ਵੇਲਜ਼ ਇਲਾਕੇ ਵਿੱਚ ਲਿਆਂਦਾ ਗਿਆ ਇੱਕ ਕਾਨੂੰਨੀ ਸਜ਼ਾਯਾਫ਼ਤਾ ਕੈਦੀ ਸੀ। ਚੇਤੇ ਰਹੇ, ਉਸ ਵਕਤ ਇਸ ਇਲਾਕੇ ਵਿੱਚ ਕੁਈਨਜ਼ਲੈਂਡ ਅਤੇ ਵਿਕਟੋਰੀਆ ਜਿਹੇ ਨਾਮਵਰ ਖੇਤਰ ਵੀ ਸ਼ਾਮਿਲ ਸਨ। ਇੱਥੇ ਮਜ਼ਦੂਰਾਂ ਦੀ ਭਾਰੀ ਘਾਟ ਸੀ ਤੇ ਉਸ ਘਾਟ ਨੂੰ ਪੂਰਾ ਕਰਨ ਹਿਤ ਅੰਗਰੇਜ਼ ਹਾਕਮਾਂ ਨੇ ਇੱਥੇ ਸਿੱਖ ਕੈਦੀਆਂ ਨੂੰ ਲਿਆਂਦਾ ਸੀ। ਇਹ ਸਿੱਖ ਜਾਂ ਪੰਜਾਬੀ ਲੋਕ ਅਸਲ ਵਿੱਚ ਖੇਤੀਬਾੜੀ ਪਿਛੋਕੜ ਵਾਲੇ ਸਨ ਤੇ ਮਿਹਨਤ ਇਨ੍ਹਾਂ ਦੇ ਹੱਡਾਂ ਵਿੱਚ ਰਚੀ ਹੋਈ ਸੀ, ਜਿਸ ਕਰਕੇ ਇਹ ਇੱਥੇ ਖੇਤੀ ਅਤੇ ਪਸ਼ੂ ਪਾਲਣ ਦੇ ਕੰਮਾਂ ਵਿੱਚ ਆਸਾਨੀ ਨਾਲ ਅਤੇ ਸਫ਼ਲਤਾਪੂਰਵਕ ਸੈੱਟ ਹੋ ਗਏ। ਸੰਨ 1861 ਦੀ ਜਨਗਣਨਾ ਦਾ ਅੰਕੜਾ ਇੱਥੇ 200 ਭਾਰਤੀਆਂ ਦੇ ਮੌਜੂਦ ਹੋਣ ਦੀ ਪੁਸ਼ਟੀ ਕਰਦਾ ਹੈ, ਜਿਨ੍ਹਾਂ ਵਿੱਚੋਂ ਵਧੇਰੇ ਕਰਕੇ ਪੰਜਾਬੀ ਹੀ ਸਨ। ਇਸ ਤੋਂ ਬਾਅਦ ਵਾਲੇ ਸਾਲਾਂ ਵਿੱਚ ਪੰਜਾਬੀਆਂ ਦਾ ਇੱਥੇ ਆਉਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਤੇ ਇਨ੍ਹਾਂ ਪੰਜਾਬੀਆਂ ਨੇ ਇੱਥੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਪੈਦਲ ਹੀ ਫੇਰੀ ਲਾ ਕੇ ਘਰੇਲੂ ਵਰਤੋਂ ਦਾ ਸਮਾਨ ਵੇਚਣਾ ਸ਼ੁਰੂ ਕਰ ਦਿੱਤਾ ਸੀ। ਦਰਅਸਲ ਫੇਰੀ ਲਾ ਕੇ ਸਮਾਨ ਵੇਚਣ ਵਿੱਚ ਲਾਗਤ ਘੱਟ ਆਉਂਦੀ ਸੀ ਤੇ ਮੁਨਾਫ਼ੇ ਦੇ ਚਾਰ ਪੈਸੇ ਬਚ ਜਾਂਦੇ ਸਨ। ਜਿਹੜੇ ਪੰਜਾਬੀ ਨੌਜਵਾਨ ਚੰਦ ਰੁਪਏ ਜਮ੍ਹਾ ਕਰ ਲੈਂਦੇ ਸਨ, ਉਹ ਪੈਦਲ ਫੇਰੀ ਲਾਉਣ ਦੀ ਥਾਂ ਕਿਸੇ ਘੋੜੇ ਜਾਂ ਟਾਂਗੇ ਦੀ ਵਰਤੋਂ ਕਰਕੇ ਪਿੰਡੋ-ਪਿੰਡ ਸਮਾਨ ਵੇਚਦੇ ਸਨ। ਬੜੀ ਹੀ ਦਿਲਚਸਪ ਗੱਲ ਹੈ ਕਿ ਵੇਅਰਹਾਊਸ ਭਾਵ ਮਾਲ ਨਾਲ ਭਰੇ ਗੁਦਾਮਾਂ ਦੇ ਮਾਲਕ ਹੋਲਸੇਲ ਵਾਲਿਆਂ ਨੂੰ ਮਾਲ ਉਧਾਰ ਦਿੰਦੇ ਸਨ। ਹੋਲਸੇਲ ਵਾਲੇ ਅੱਗੋਂ ਫੇਰੀ ਵਾਲਿਆਂ ਨੂੰ ਮਾਲ ਉਧਾਰ ਦਿੰਦੇ ਸਨ ਤੇ ਫੇਰੀ ਵਾਲੇ ਅੱਗੋਂ ਗਾਹਕਾਂ ਨੂੰ ਮਾਲ ਉਧਾਰ ਦੇ ਦਿਆ ਕਰਦੇ ਸਨ। ਫਿਰ ਹੌਲੀ-ਹੌਲੀ ਵਸੂਲੀ ਕਰਕੇ ਮਾਲ ਦੀ ਕੀਮਤ ਵਾਪਿਸ ਤੋਰਦੇ ਸਨ।

ਇਹ ਵਪਾਰ ਤੇ ਕਮਾਈ ਦਾ ਸਿਲਸਿਲਾ ਬੜਾ ਵਧੀਆ ਚੱਲ ਰਿਹਾ ਸੀ ਕਿ ਸੰਨ 1890 ਵਿੱਚ ਸਮੇਂ ਦੀ ਸਰਕਾਰ ਨੇ ਹੁਕਮ ਦੇ ਦਿੱਤਾ ਕਿ ਫੇਰੀ ਲਾ ਕੇ ਸਮਾਨ ਵੇਚਣ ਦਾ ਕੰਮ ਕਰਨ ਲਈ ਲਾਇਸੈਂਸ ਸਿਰਫ ਬਰਤਾਨੀਆ ਨਾਲ ਜੁੜੇ ਵਿਅਕਤੀਆਂ ਨੂੰ ਹੀ ਦਿੱਤਾ ਜਾਵੇਗਾ। ਇਹ ਹੁਕਮ ਪੰਜਾਬੀਆਂ ਲਈ ਦੇਸੀ ਘਿਓ ਵਰਗਾ ਸਾਬਿਤ ਹੋਇਆ, ਕਿਉਂਕਿ ਇਸ ਹੁਕਮ ਕਰਕੇ ਬਰਤਾਨੀਆ ਨਾਲ ਜੁੜੇ ਪੰਜਾਬੀ ਸਿੱਖਾਂ ਨੂੰ ਛੱਡ ਕੇ ਬਾਕੀ ਸਭ ਦੇਸ਼ਾਂ ਤੋਂ ਆਸਟਰੇਲੀਆ ਵਿੱਚ ਆਏ ਵਿਅਕਤੀਆਂ ਲਈ ਫੇਰੀ ਲਾ ਕੇ ਸਮਾਨ ਵੇਚਣ ਦਾ ਕੰਮ ਖ਼ਤਮ ਹੋ ਗਿਆ। ਪੰਜਾਬੀਆਂ ਨੇ ਇਸ ਨੀਤੀ ਦਾ ਲਾਹਾ ਖੱਟਦਿਆਂ ਢੇਰ ਕਮਾਈ ਕੀਤੀ ਤੇ ਇਹ ਵਿਵਸਥਾ ਸੰਨ 1930 ਤੱਕ ਚੱਲਦੀ ਰਹੀ। ਇਸ ਅਰਸੇ ਦੌਰਾਨ ਪੰਜਾਬੀਆਂ ਨੇ ਢੇਰ ਸਾਰਾ ਪੈਸਾ ਪੰਜਾਬ ’ਚ ਰਹਿੰਦੇ ਆਪਣੇ ਪਰਿਵਾਰਾਂ ਨੂੰ ਭੇਜਣ ਦੇ ਨਾਲ-ਨਾਲ ਆਸਟਰੇਲੀਆ ਵਿੱਚ ਹੀ ਵੱਡੇ-ਵੱਡੇ ਸਟੋਰ ਵੀ ਖੋਲ੍ਹ ਲਏ ਤੇ ਖੇਤੀ ਲਈ ਜ਼ਮੀਨਾਂ ਵੀ ਖਰੀਦ ਲਈਆਂ। ਇਨ੍ਹਾਂ ਸਫ਼ਲ ਪੰਜਾਬੀ ਵਪਾਰੀਆਂ ਵਿੱਚੋਂ ਬਾਬਾ ਰਾਮ ਸਿੰਘ ਅਤੇ ਉੱਤਮ ਸਿੰਘ ਦਾ ਜ਼ਿਕਰ ਵਿਸ਼ੇਸ਼ ਤੌਰ ’ਤੇ ਕਰਨਾ ਬਣਦਾ ਹੈ, ਜਿਨ੍ਹਾਂ ਨੇ ਸੰਨ 1890 ਦੇ ਆਸ-ਪਾਸ ਫੇਰੀ ਲਾ ਕੇ ਸਮਾਨ ਵੇਚਣ ਤੋਂ ਸ਼ੁਰੂਆਤ ਕਰਕੇ ਸੰਨ 1907 ਵਿੱਚ ‘ਦਿ ਪੀਪਲਜ਼ ਸਟੋਰ’ ਨਾਮਕ ਸ਼ਾਪਿੰਗ ਮਾਲ ਦੀ ਸਥਾਪਨਾ ਕਰਨ ’ਚ ਸਫ਼ਲਤਾ ਹਾਸਿਲ ਕੀਤੀ ਸੀ।




**ਪੰਜਾਬੀਆਂ ਨੇ ਸੰਨ 1968 ਵਿੱਚ ਆਸਟਰੇਲੀਆ ਦੀ ਕੇਲਾ ਸਨਅਤ ਦੇ ਮੁੱਖ ਸ਼ਹਿਰ ‘ਵੂਲਗੂਲਗਾ’ ਵਿਖੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਕੇ ਇਸ ਵਿਦੇਸ਼ੀ ਧਰਤੀ ’ਤੇ ਖ਼ਾਲਸਾਈ ਪਰਚਮ ਲਹਿਰਾ ਦਿੱਤਾ ਸੀ।**

ਇੱਥੇ ਹੀ ਬਸ ਨਹੀਂ! ਬਾਬਾ ਰਾਮ ਸਿੰਘ ਤਾਂ 106 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ, ਪਰ ਆਪਣੇ ਜਾਣ ਤੋਂ ਪਹਿਲਾਂ ਉਹ ਸੰਨ 1920 ਦੇ ਆਸ-ਪਾਸ ਸਭ ਤੋਂ ਪਹਿਲਾਂ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਨੂੰ ਆਸਟਰੇਲੀਆ ਵਿੱਚ ਲਿਆਉਣ ਦਾ ਮਹਾਂਕਾਜ ਨੇਪਰੇ ਚਾੜ੍ਹ ਗਏ ਸਨ। ਸਰਦਾਰ ਉੱਤਮ ਸਿੰਘ ਵੀ ਉਨ੍ਹਾਂ ਵੇਲਿਆਂ ਵਿੱਚ ਆਪਣੀ ਅਣਥੱਕ ਮਿਹਨਤ ਸਦਕਾ ਦਸ ਹਜ਼ਾਰ ਪੌਂਡ ਤੋਂ ਵੀ ਵੱਧ ਦੀ ਰਾਸ਼ੀ ਜਮ੍ਹਾ ਕਰਨ ਵਿੱਚ ਕਾਮਯਾਬ ਰਹੇ ਸਨ। ਇਨ੍ਹਾਂ ਦੋਵਾਂ ਪੰਜਾਬੀਆਂ ਦੇ ਪਰਿਵਾਰ ਪਿੱਛੇ ਭਾਰਤ ਵਿੱਚ ਸਨ, ਇਸ ਲਈ ਇਹ ਅਕਸਰ ਭਾਰਤ ਆਉਂਦੇ-ਜਾਂਦੇ ਰਹਿੰਦੇ ਸਨ। ਆਸਟਰੇਲੀਆ ਆ ਕੇ ਵੱਸਣ ਵਾਲੇ ਸ਼ੁਰੂਆਤੀ ਪੰਜਾਬੀਆਂ ਵਿੱਚੋਂ ਜੇਕਰ ਚੰਦ ਕੁ ਦਾ ਜ਼ਿਕਰ ਕਰਨਾ ਹੋਵੇ ਤਾਂ ਸੰਨ 1885 ਵਿੱਚ ਇੱਥੇ ਪੁੱਜੇ ਜਲੰਧਰ ਜ਼ਿਲੇ ਦੇ ਸੁਰਜਨ ਸਿੰਘ ਤੇ ਮਹਾਂ ਸਿੰਘ ਗਰੇਵਾਲ; ਸੰਨ 1893 ਵਿੱਚ ਆਏ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭਲੋਜਲਾ ਦੇ ਪ੍ਰੇਮ ਸਿੰਘ ਪੂਨੀ; ਸੰਨ 1890 ਵਿੱਚ ਆਏ ਨਵਾਂ ਸ਼ਹਿਰ ਨੇੜਲੇ ਪਿੰਡ ਮਾਹਿਲਪੁਰ ਅਰਕਾਂ ਦੇ ਊਧਮ ਸਿੰਘ ਅਤੇ ਸੰਨ 1897 ਵਿੱਚ ਇੱਥੇ ਪੁੱਜੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਲੱਲੀਆਂ ਦੇ ਵਸਨੀਕ ਜਵਾਲਾ ਸਿੰਘ ਲੱਲੀ ਦਾ ਜ਼ਿਕਰ ਵਿਸ਼ੇਸ਼ ਤੌਰ ’ਤੇ ਕਰਨਾ ਬਣਦਾ ਹੈ।

ਸੰਨ 1901 ਤੋਂ ਬਾਅਦ ਅਤੇ ਸੰਨ 1973 ਤੱਕ ‘ਵਾਈਟ ਆਸਟਰੇਲੀਆ ਪਾਲਿਸੀ’ ਤਹਿਤ ਗ਼ੈਰ-ਗੋਰੇ ਲੋਕਾਂ ਦਾ ਆਸਟਰੇਲੀਆ ਵਿੱਚ ਦਾਖ਼ਲਾ ਬੰਦ ਕਰ ਦਿੱਤਾ ਗਿਆ ਸੀ, ਜਿਸ ਕਰਕੇ ਪੰਜਾਬੀਆਂ ਦਾ ਇੱਥੇ ਆਉਣਾ ਮੁਸ਼ਕਿਲ ਹੋਣ ਲੱਗ ਪਿਆ ਸੀ। ਪੰਜਾਬੀ ਵਿਦਿਆਰਥੀਆਂ ਅਤੇ ਵਪਾਰੀਆਂ ਨੂੰ ਕੁਝ ਇੱਕ ਪਾਬੰਦੀਆਂ ਤਹਿਤ ਥੋੜ੍ਹੇ ਸਮੇਂ ਲਈ ਇੱਥੇ ਆਉਣ ਦੀ ਆਗਿਆ ਸੀ, ਪਰ ਇੱਥੇ ਪਹਿਲਾਂ ਤੋਂ ਵੱਸ ਰਹੇ ਪੰਜਾਬੀਆਂ ਦਾ ਪੰਜਾਬ ਪਰਤਣਾ ਮੁਸ਼ਕਿਲ ਹੋ ਗਿਆ ਸੀ, ਕਿਉਂਕਿ ਆਸਟਰੇਲੀਆ ਤੋਂ ਪੰਜਾਬ ਆ ਕੇ ਵਾਪਿਸ ਆਸਟਰੇਲੀਆ ਜਾਣ ਦੀ ਆਗਿਆ ਨਾ ਮਿਲਣ ਦਾ ਖ਼ਤਰਾ ਸੀ। ਸਿੱਟਾ ਇਹ ਨਿਕਲਿਆ ਕਿ ਸੰਨ 1901 ਦੇ ਆਸ-ਪਾਸ ਆਸਟਰੇਲੀਆ ਵਿੱਚ ਪੰਜਾਬੀਆਂ ਦੀ ਜਿਹੜੀ ਆਬਾਦੀ ਸੱਤ ਹਜ਼ਾਰ ਦੇ ਕਰੀਬ ਸੀ, ਉਹ ਸੰਨ 1911 ਵਿੱਚ ਘਟ ਕੇ 3698 ਤੇ ਸੰਨ 1921 ਵਿੱਚ 2200 ਦੇ ਕਰੀਬ ਰਹਿ ਗਈ ਸੀ।

ਇਸੇ ਦੌਰਾਨ ਪਹਿਲੇ ਵਿਸ਼ਵ ਯੁੱਧ ਦੌਰਾਨ ਸਿੱਖ ਸੈਨਿਕਾਂ ਵੱਲੋਂ ਵਿਖਾਈ ਸੂਰਮਗਤੀ ਤੋਂ ਬਰਤਾਨਵੀ ਹਾਕਮ ਬੜੇ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਬਰਤਾਨਵੀ ਫ਼ੌਜ ਵਿੱਚ ਸਿੱਖਾਂ ਦੀ ਵਿਸ਼ੇਸ਼ ਭਰਤੀ ਕਰਨ ਦੇ ਨਾਲ-ਨਾਲ ‘ਸਿੱਖ ਰੈਜੀਮੈਂਟ’ ਵੀ ਖੜ੍ਹੀ ਕਰ ਦਿੱਤੀ ਤੇ ਫਿਰ ਆਪਣੇ ਸਾਮਰਾਜ ਅਧੀਨ ਆਉਂਦੇ ਮੁਲਕਾਂ ਵਿੱਚ ਸੈੱਟ ਹੋਣ ਦੇ ਮੌਕੇ ਵੀ ਪ੍ਰਦਾਨ ਕੀਤੇ। ਸੰਨ 1925 ਤੋਂ 1929 ਦੇ ਅਰਸੇ ਦੌਰਾਨ ਦੂਜੇ ਏਸ਼ੀਆਈ ਲੋਕਾਂ ਦੇ ਮੁਕਾਬਲਤਨ ਆਸਟਰੇਲੀਆ ਵਿੱਚ ਪੰਜਾਬੀਆਂ ਨੂੰ ਵੱਧ ਸਹੂਲਤਾਂ ਤੇ ਹੱਕ ਪ੍ਰਦਾਨ ਕਰ ਦਿੱਤੇ ਗਏ ਸਨ, ਜਿਨ੍ਹਾਂ ਵਿੱਚ ਜ਼ਮੀਨ-ਜਾਇਦਾਦ ਖ਼ਰੀਦਣ ਅਤੇ ਵੋਟ ਪਾਉਣ ਜਿਹੇ ਮਹੱਤਵਪੂਰਨ ਹੱਕ ਵੀ ਸ਼ਾਮਿਲ ਸਨ।

ਸੰਨ 1930 ਤੋਂ ਬਾਅਦ ਪੰਜਾਬੀਆਂ ਨੇ ਆਸਟਰੇਲੀਆ ਵਿੱਚ ਖੇਤੀਬਾੜੀ, ਉਦਯੋਗਾਂ ਅਤੇ ਰੇਲਵੇ ਨਿਰਮਾਣ ਦੇ ਕਾਰਜਾਂ ਵਿੱਚ ਸਰਗਰਮ ਭੂਮਿਕਾ ਅਦਾ ਕਰਨੀ ਸ਼ੁਰੂ ਕਰ ਦਿੱਤੀ ਸੀ ਤੇ ਫਿਰ ਉਹ ਆਸਟਰੇਲੀਆ ਵਿੱਚ ਮਹੱਤਵਪੂਰਨ ਸਮਝੇ ਜਾਂਦੇ ‘ਕੇਲੇ ਦੇ ਵਪਾਰ’ ਵਿੱਚ ਸ਼ਾਮਿਲ ਹੋ ਗਏ। ਸੰਨ 1960 ਤੱਕ ਆਉਂਦਿਆਂ-ਆਉਂਦਿਆਂ ਪੰਜਾਬੀਆਂ ਨੇ ਕੇਲੇ ਦੇ ਆਪਣੇ ਫ਼ਾਰਮ ਸਥਾਪਿਤ ਕਰ ਲਏ ਸਨ, ਪਰ ਇਸ ਦੌਰਾਨ ਸੰਨ 1947 ਵਿੱਚ ਹੋਈ ਭਾਰਤ-ਪਾਕਿ ਵੰਡ ਕਰਕੇ ਕੁਝ ਇੱਕ ਪੰਜਾਬੀਆਂ ਨੂੰ ਆਪਣੇ ਪਰਿਵਾਰਾਂ ਦੀ ਫ਼ਿਕਰਮੰਦੀ ਵਿੱਚ ਭਾਰਤ ਪਰਤਣਾ ਪਿਆ ਸੀ ਤੇ ਆਪਣੇ ਪਰਿਵਾਰਾਂ ਤੇ ਘਰਾਂ ਦੀ ਤਬਾਹੀ ਦੇ ਸਿਆਹ ਮੰਜ਼ਰ ਵੇਖਣੇ ਪਏ ਸਨ। ਜ਼ਿਕਰਯੋਗ ਹੈ ਕਿ ਪੰਜਾਬੀਆਂ ਨੇ ਸੰਨ 1968 ਵਿੱਚ ਆਸਟਰੇਲੀਆ ਦੀ ਕੇਲਾ ਸਨਅਤ ਦੇ ਮੁੱਖ ਸ਼ਹਿਰ ‘ਵੂਲਗੂਲਗਾ’ ਵਿਖੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਕੇ ਇਸ ਵਿਦੇਸ਼ੀ ਧਰਤੀ ’ਤੇ ਖ਼ਾਲਸਾਈ ਪਰਚਮ ਲਹਿਰਾ ਦਿੱਤਾ ਸੀ।

ਸੰਨ 2000 ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਆਸਟਰੇਲੀਆ ਦਾ ਮੈਲਬੌਰਨ ਖੇਤਰ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖ ਵੱਸੋਂ ਦਾ ਗੜ੍ਹ ਬਣਨਾ ਸ਼ੁਰੂ ਹੋ ਗਿਆ ਸੀ। ਇੱਥੇ ਸਟੱਡੀ ਵੀਜ਼ਾ ’ਤੇ ਆਉਣ ਵਾਲੇ ਪੰਜਾਬੀਆਂ ਦੀ ਵੱਡੀ ਤਾਦਾਦ ਮੌਜੂਦ ਹੈ। ਸਾਲ 2006 ਦੀ ਜਨਗਣਨਾ ਅਨੁਸਾਰ ਆਸਟਰੇਲੀਆ ਵਿੱਚ ਪੰਜਾਬੀਆਂ ਦੀ ਸੰਖਿਆ 26 ਹਜ਼ਾਰ, ਸੰਨ 2011 ਵਿੱਚ 71 ਹਜ਼ਾਰ ਅਤੇ ਸੰਨ 2016 ਵਿੱਚ 1,32,499 ਸੀ। ਸੰਨ 2016 ਵਿੱਚ ਪੰਜਾਬੀਆਂ ਦੀ ਸਭ ਤੋਂ ਵੱਧ ਵੱਸੋਂ ਵਿਕਟੋਰੀਆ ਇਲਾਕੇ ਵਿੱਚ ਸੀ, ਜੋ ਕਿ 56,171 ਸੀ। ਪੰਜਾਬੀਆਂ ਦੀ ਸਭ ਤੋਂ ਘੱਟ ਆਬਾਦੀ ਤਸਮਾਨੀਆ ਵਿੱਚ ਸੀ, ਜੋ ਸਿਰਫ 489 ਸੀ। ਉਸ ਵੇਲੇ ਪੰਜਾਬੀਆਂ ਦੀ ਆਸਟਰੇਲੀਆ ਦੀ ਕੁੱਲ ਆਬਾਦੀ ਵਿੱਚੋਂ 55.6 ਫ਼ੀਸਦੀ ਪੁਰਸ਼ ਅਤੇ 44.4 ਫ਼ੀਸਦੀ ਔਰਤਾਂ ਸਨ ਅਤੇ ਪੰਜਾਬੀਆਂ ਦੀ ਔਸਤਨ ਹਫ਼ਤਾਵਾਰੀ ਆਮਦਨੀ 800 ਤੋਂ 1000 ਡਾਲਰ ਦੇ ਕਰੀਬ ਸੀ। ਪੰਜਾਬੀਆਂ ਦੀ ਕੁੱਲ ਆਬਾਦੀ ਵਿੱਚੋਂ 83 ਫ਼ੀਸਦੀ ਦੇ ਕਰੀਬ ਸਿੱਖ ਸਨ। ਸੰਨ 2021 ਵਿੱਚ ਸਿੱਖਾਂ ਦੀ ਆਬਾਦੀ 2,10,400 ਹੋ ਗਈ ਸੀ, ਜੋ ਕਿ ਆਸਟਰੇਲੀਆ ਦੀ ਕੁੱਲ ਆਬਾਦੀ ਦਾ 0.80 ਫ਼ੀਸਦੀ ਬਣਦੀ ਸੀ ਤੇ ਇੱਥੇ ਸਿੱਖੀ ਪੰਜਵਾਂ ਸਭ ਤੋਂ ਤੇਜ਼ੀ ਨਾਲ ਵਧਦਾ ਧਰਮ ਸੀ। ਸੰਨ 2021 ਵਿੱਚ ਵਿਕਟੋਰੀਆ ਇਲਾਕੇ ਵਿੱਚ ਸਿੱਖਾਂ ਦੀ ਆਬਾਦੀ 91,745 ਸੀ, ਜੋ ਵਿਕਟੋਰੀਆ ਦੀ ਕੁੱਲ ਆਬਾਦੀ ਦਾ 1.41 ਫ਼ੀਸਦੀ ਸੀ।

ਆਸਟਰੇਲੀਆ ਵਿੱਚ ਪੰਜਾਬੀਆਂ ਦੀ ਰਿਹਾਇਸ਼ ਨਾਲ ਜੁੜੇ ਕੁਝ ਹੋਰ ਅਤਿ ਮਹੱਤਵਪੂਰਨ ਤੱਥਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੰਨ 1988 ਵਿੱਚ ਇੱਥੇ ‘ਸਿੱਖ ਗੇਮਜ਼’ ਦੀ ਸ਼ੁਰੂਆਤ ਕੀਤੀ ਗਈ ਸੀ ਤੇ ਹੁਣ ਇਨ੍ਹਾਂ ਖੇਡਾਂ ਵਿੱਚ ਹਾਕੀ, ਕਬੱਡੀ, ਨੈੱਟਬਾਲ, ਫੁੱਟਬਾਲ, ਕ੍ਰਿਕਟ ਅਤੇ ਰੱਸਾਕਸ਼ੀ ਆਦਿ ਖੇਡਾਂ ਵੀ ਸ਼ਾਮਿਲ ਹਨ। ਇੱਥੇ ਜੇ ਮਹਾਨ ਸ਼ਖ਼ਸੀਅਤ ਸਰਦਾਰ ਮਨਮੋਹਨ ਸਿੰਘ ਦੀ ਗੱਲ ਨਾ ਕੀਤੀ ਜਾਵੇ ਤਾਂ ਬੜੀ ਹੀ ਨਾਇਨਸਾਫ਼ੀ ਹੋਵੇਗੀ। ਸ. ਮਨਮੋਹਨ ਸਿੰਘ ਦਰਅਸਲ ਭਾਰਤੀ ਹਵਾਈ ਫ਼ੌਜ ਦੇ ਬੜੇ ਹੀ ਬਹਾਦਰ ਤੇ ਜਾਂਬਾਜ਼ ਪਾਇਲਟ ਅਫ਼ਸਰ ਸਨ ਅਤੇ ਦੂਜੇ ਵਿਸ਼ਵ ਯੁੱਧ ਦੌਰਾਨ ਸਵੈ-ਇੱਛਾ ਨਾਲ ਉਨ੍ਹਾਂ ਨੇ ‘ਰਾਇਲ ਏਅਰ ਫ਼ੋਰਸ’ ਦੀ ‘ਕੋਸਟਲ ਕਮਾਂਡ’ ਵਿੱਚ ਸ਼ਮੂਲੀਅਤ ਕੀਤੀ ਸੀ ਤੇ ‘ਅਟਲਾਂਟਿਕ ਯੁੱਧ’ ਦੌਰਾਨ ਕਮਾਨ ਵੀ ਸੰਭਾਲੀ ਸੀ।

ਫਿਰ ਸੰਨ 1942 ਵਿੱਚ ਉਹ ‘ਬ੍ਰਿਟਿਸ਼ ਏਅਰ ਫੋਰਸ’ ਵਿੱਚ ਆ ਗਏ ਸਨ ਤੇ ਪੱਛਮੀ ਆਸਟਰੇਲੀਆ ਦੇ ਬਰੂਮ ਇਲਾਕੇ ਵਿੱਚ ਪੁੱਜੇ ਸਨ, ਜਿੱਥੇ ਜਾਪਾਨੀ ਫ਼ੌਜ ਦੁਆਰਾ ਕੀਤੇ ਜ਼ਬਰਦਸਤ ਹਮਲੇ ਵਿੱਚ ਉਨ੍ਹਾਂ ਦੀ ਸਾਰੀ ਯੂਨਿਟ ਤਬਾਹ ਹੋ ਗਈ ਸੀ, ਪਰ ਸਰਦਾਰ ਮਨਮੋਹਨ ਸਿੰਘ ਬੜੀ ਬਹਾਦਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਇਕੱਲੇ ਹੀ ਜ਼ਿੰਦਾ ਬਚੇ ਸਨ। ਉਨ੍ਹਾਂ ਦਾ ਨਾਂ ‘ਡਾਰਵਿਨ ਮਿਲਟਰੀ ਮਿਊਜ਼ੀਅਮ ਮੈਮੋਰੀਅਲ ਵਾੱਲ’ ਉਤੇ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ ਤੇ ਸਿੰਗਾਪੁਰ ਵਿਖੇ ਵੀ ਉਨ੍ਹਾਂ ਦੀ ਇੱਕ ਯਾਦਗਾਰ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਸਮੂਹ ਪੰਜਾਬੀਆਂ ਨੂੰ ਉਨ੍ਹਾਂ ’ਤੇ ਬਹੁਤ ਫ਼ਖ਼ਰ ਹੈ।

# ਰਹਿ ਨਾ ਸਕਾਂ ਇਨ੍ਹਾਂ ਬਿਨਾ...

ਸਪਲੀਮੈਂਟ ਤੁਸੀਂ ਚੰਗੀ ਕੁਆਲਿਟੀ ਦਾ ਫਿਸ਼ ਓਆਇਲ, ਜੋ ਮਰਕਰੀ ਲਈ ਚੈੱਕ ਕੀਤਾ ਹੋਵੇ, ਓਹੀ ਲਵੋ। ਜਿਨ੍ਹਾਂ ਨੇ ਮੱਛੀ ਦਾ ਤੇਲ (fish oil) ਨਹੀਂ ਲੈਣਾ, ਉਹ algae oil, sea weed, chlorella (ਕਲੋਰੈਲਾ) ਜਾਂ spirulina (ਸਪਾਰੂਲੀਨਾ) ਲੈ ਸਕਦੇ ਨੇ। ਓਮੇਗਾ-3 ਦੇ ਕਾਫੀ ਫਾਇਦੇ ਨੇ, ਇਹ ਦਿਮਾਗ ਅਤੇ ਦਿਲ ਦੀ ਤੰਦਰੁਸਤੀ ਲਈ ਜ਼ਰੂਰੀ ਨੇ, ਲਿਵਰ ਵਿੱਚੋਂ ਫੈਟ ਘਟਾਉਂਦੇ ਨੇ, ADHD ਅਤੇ ਐਸਥਮਾ ਲਈ ਕਾਫੀ ਫਾਇਦੇਮੰਦ ਹਨ ਤੇ ਕੋਲੈਸਟਰੌਲ ਨੂੰ ਵੀ ਠੀਕ ਕਰਦੇ ਨੇ। ਇਹ cell membrane ਬਣਾਉਣ ਦੇ ਕੰਮ ਆਉਂਦੇ ਨੇ ਅਤੇ ਸਰੀਰ ਵਿੱਚ inflammation ਘਟਾਉਂਦੇ ਨੇ। ਇਹ ਬਲੱਡ ਪ੍ਰੈਸ਼ਰ ਲਈ ਖ਼ੂਨ ਦੀਆਂ ਨਾੜੀਆਂ ਵਿੱਚ ਪਲੈਕ ਵੀ ਘਟ ਕਰਦੇ ਹਨ। ਇਨ੍ਹਾਂ ਨੂੰ ਚਾਨਣ ਤੋਂ ਪਰੇ ਅਤੇ ਫਰਿਜ ਵਿੱਚ ਰੱਖਣਾ ਚਾਹੀਦਾ ਹੈ।

ਮੈਗਨੀਸੀਅਮ ਵੀ ਜ਼ਰੂਰੀ ਹੈ ਅਤੇ ਕਾਫੀ ਲੋਕਾਂ ਵਿੱਚ ਇਸ ਦੀ ਘਾਟ ਪਾਈ ਜਾਂਦੀ ਹੈ। ਇਹ 300 ਤੋਂ ਜ਼ਿਆਦਾ ਐਨਜਾਈਮ (enzyme) ਦੇ ਕੰਮ ਕਰਨ ਵਿੱਚ ਮਦਦ ਕਰਦਾ ਹੈ। ਇਹ ਪੱਠੇ (muscle) ਸ਼ਾਂਤ ਕਰਨ (relax) ਲਈ ਅਤੇ ਮਨ ਦੀ ਸ਼ਾਂਤੀ (calmness) ਲਈ ਜ਼ਰੂਰੀ ਹੈ।

ਮੈਗਨੀਅਮ ਔਕਸਾਈਡ ਪਾਣੀ ਵਿੱਚ ਚੰਗੀ ਤਰ੍ਹਾਂ ਘੁਲ਼ਦਾ ਨਹੀਂ, ਉਹ ਨਾ ਲਵੋ, ਪਰ ਮੈਗਨੀਸੀਅਮ ਗਲਾਈਸੀਨੇਟ (glycinate) {ਸ਼ਾਂਤੀ ਲਈ} ਪਰ ਜੇ ਕਬਜ਼ ਹੋਵੇ ਤਾਂ ਮੈਗਨੀਸੀਅਮ ਸਿਟਰੇਟ (citrate) ਬਿਹਤਰ ਹਨ। ਇਨ੍ਹਾਂ ਦੇ ਖੁਰਾਕ ਹਨ- ਨਟਸ, ਸੀਡਸ, ਬਰੋਕਲੀ, ਛੋਲੇ, ਐਵਾਕਾਡੋ, soy sauce, fatty fish, dark chocolate, greek yogurt, peanut butter ਆਦਿ।

ਬਾਕੀ ਦੀਆਂ ਚੀਜ਼ਾਂ ਅੱਛੀ ਸੰਤੁਲਿਤ ਖੁਰਾਕ ਵਿੱਚੋਂ ਮਿਲ ਜਾਂਦੀਆਂ ਹਨ। ਸਿਰਫ ਵਿਟਾਮਿਨ C, $D_3$, $K_2$ ਅਤੇ ਫਿਸ਼ ਓਆਇਲ ਹੀ ਚਾਹੀਦਾ ਹੈ। ਤੁਸੀਂ ਆਪਣੇ ਹਾਲਾਤ ਦੇ ਹਿਸਾਬ ਨਾਲ ਫੈਸਲਾ ਕਰ ਸਕਦੇ ਹੋ।

ਚੱਲ ਪ੍ਰੀਤ ਤੈਨੂੰ ਅੱਜ ਜ਼ਿਆਦਾ ਹੀ ਜਾਣਕਾਰੀ ਮਿਲ ਗਈ ਐ ਸਪਲੀਮੈਂਟਸ ਦੀ। ਚੱਲ ਦੇਖਦੇ ਆਂ ਤੇਰੇ ’ਤੇ ਕਿੰਨਾ ਕੁ ਅਸਰ ਹੁੰਦੈ ਇਨ੍ਹਾਂ ਗੱਲਾਂ ਦਾ! ਬਾਕੀ ਫਿਰ ਅਗਲੀ ਵਾਰੀ...।

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਮਣਾਂ ਮੂੰਹੀਂ ਮੈਡਲ ਜਿੱਤਣ ਵਾਲਾ ਮਹਿੰਦਰ ਸਿੰਘ ਗਿੱਲ

**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਇਸ ਕਾਲਮ ਵਿੱਚ ਲੇਖਕ ਨੇ ਅਥਲੈਟਿਕਸ ਫੀਲਡ ਵਿੱਚ ਮੈਡਲਾਂ ਦੇ ਮੱਥੇ ਚੁੰਮਣ ਵਾਲੇ 'ਅਲਸੀ ਦੇ ਫੁੱਲ' ਵਰਗੇ ਅਥਲੀਟ ਮਹਿੰਦਰ ਸਿੰਘ ਗਿੱਲ ਦੀਆਂ ਪ੍ਰਾਪਤੀਆਂ ਗਿਣਾਈਆਂ ਹਨ।**

**ਖਿਡਾਰੀ ਪੰਜ-ਆਬ ਦੇ (6)**



**ਨਵਦੀਪ ਸਿੰਘ ਗਿੱਲ**
ਫੋਨ: +91-9780036216

ਮਹਿੰਦਰ ਸਿੰਘ ਗਿੱਲ ਅਮਰੀਕਾ ਦੀ ਧਰਤੀ ਉਤੇ ਵਸਿਆ ਉਹ ਅਥਲੀਟ ਹੈ, ਜਿਸ ਨੇ ਅਥਲੈਟਿਕਸ ਫੀਲਡ ਵਿੱਚ ਭਾਰਤ ਲਈ ਮਣਾਂ ਮੂੰਹੀਂ ਮੈਡਲ ਜਿੱਤੇ ਹਨ। ਸੱਤਰਵਿਆਂ ਦੇ ਦਹਾਕੇ ਵਿੱਚ ਉਸ ਦੀ ਗੁੱਡੀ ਇੰਨੀ ਚੜ੍ਹੀ ਸੀ ਕਿ ਏਸ਼ੀਆ ਵਿੱਚ ਉਸ ਦੇ ਮੁਕਾਬਲੇ ਦਾ ਕੋਈ ਅਥਲੀਟ ਨਹੀਂ ਸੀ। ਤੀਹਰੀ ਛਾਲ ਵਿੱਚ ਉਸ ਦਾ ਕੋਈ ਸਾਨੀ ਨਹੀਂ ਸੀ। ਪੰਜਾਬ ਦੀਆਂ ਸਕੂਲ ਨੈਸ਼ਨਲ ਖੇਡਾਂ ਤੋਂ ਪ੍ਰੀ ਓਲੰਪਿਕ ਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਦੀ ਨੈਸ਼ਨਲ ਤੋਂ ਇਨਵੀਟੇਸ਼ਨ ਟੂਰਨਾਮੈਂਟ ਅਤੇ ਏਸ਼ੀਅਨ ਗੇਮਜ਼ ਤੋਂ ਏਸ਼ੀਅਨ ਚੈਂਪੀਅਨਸ਼ਿਪ ਤੇ ਰਾਸ਼ਟਰਮੰਡਲ ਖੇਡਾਂ ਤੱਕ ਮਹਿੰਦਰ ਸਿੰਘ ਗਿੱਲ ਨੇ ਡੇਢ ਦਹਾਕੇ ਦੇ ਕਰੀਅਰ ਵਿੱਚ ਮੈਡਲਾਂ ਦਾ ਸੈਂਕੜਾ ਪਾਰ ਕਰ ਦਿੱਤਾ। ਸਾਢੇ ਸਤਵੰਜਾ ਫੁੱਟ ਦੀ ਛਾਲ ਨਾਲ ਉਸ ਨੇ ਵਿਸ਼ਵ ਰਿਕਾਰਡ ਨੂੰ ਵੀ ਤੋੜ ਦਿੱਤਾ ਸੀ, ਜੇ ਵਿਵਾਦਮਈ ਫਾਊਲ ਉਸ ਦੇ ਉਲਟ ਨਾ ਗਿਆ ਹੁੰਦਾ। ਸ. ਗਿੱਲ ਨੇ 19 ਨਵੇਂ ਮੀਟ ਰਿਕਾਰਡ ਵੀ ਸਥਾਪਤ ਕੀਤੇ। ਸਾਰੀ ਉਮਰ ਉਹ ਆਪਣੇ ਦਮ 'ਤੇ ਅਮਰੀਕਾ ਰਹਿ ਕੇ ਪ੍ਰੈਕਟਿਸ ਕਰਦਾ ਰਿਹਾ, ਪਰ ਤਮਗਿਆਂ ਨਾਲ ਝੋਲੀ ਭਾਰਤ ਦੀ ਭਰਦਾ ਰਿਹਾ।

ਅਮਰੀਕਾ ਪੜ੍ਹਦਾ ਹੋਇਆ ਉਹ ਪੰਜ ਵਾਰ ਤਾਂ ਅਮਰੀਕਾ ਦਾ ਚੈਂਪੀਅਨ ਬਣਿਆ। ਇੱਥੋਂ ਤੱਕ ਕਿ ਲੰਬੀ ਛਾਲ ਦੇ 52 ਵਰ੍ਹਿਆਂ ਤੋਂ ਵਿਸ਼ਵ ਰਿਕਾਰਡ ਹੋਲਡਰ ਚੱਲੇ ਆ ਰਹੇ ਵਿਸ਼ਵ ਦੇ ਮਹਾਨ ਅਥਲੀਟ ਬਾਬ ਬੀਮਨ ਦਾ ਤੀਹਰੀ ਛਾਲ ਦਾ ਰਿਕਾਰਡ ਮਹਿੰਦਰ ਸਿੰਘ ਗਿੱਲ ਨੇ ਹੀ ਤੋੜਿਆ। ਭਾਰਤ ਦਾ ਝੰਡਾ ਬੁਲੰਦ ਕਰਨ ਵਾਲੇ ਇਸ ਮਹਾਨ ਅਥਲੀਟ ਦੀ ਉਸ ਵੇਲੇ ਦੇ ਅਥਲੈਟਿਕਸ ਫੈਡਰੇਸ਼ਨ ਦੇ ਕਰਤਾ ਧਰਤਾਵਾਂ ਨੇ ਕਦਰ ਤਾਂ ਕੀ ਪਾਉਣੀ ਸੀ, ਬਲਕਿ ਸਾਰਾ ਜ਼ੋਰ ਉਸ ਦਾ ਕਰੀਅਰ ਤਬਾਹ ਕਰਨ ਉਤੇ ਲਾਈ ਰੱਖਿਆ, ਪਰ ਮਾਂ ਦਾ ਸ਼ੇਰ ਮਹਿੰਦਰ ਵੀ ਹਰ ਧੱਕੇ ਤੋਂ ਬਾਅਦ ਹੋਰ ਤਕੜਾ ਹੋ ਕੇ ਅਥਲੈਟਿਕਸ ਫੀਲਡ ਵਿੱਚ ਨਿਤਰਦਾ ਅਤੇ ਆਪਣੀ ਛਾਲ ਵਿੱਚ ਇਜ਼ਾਫਾ ਕਰਕੇ ਜਵਾਬ ਦਿੰਦਾ। ਭਾਰਤ ਦਾ ਖੇਡਾਂ ਵਿੱਚ ਨਾਂ ਚਮਕਾਉਣ ਲਈ ਉਸ ਨੂੰ ਅਮਰੀਕਾ ਵਿੱਚ ਆਪਣੀ ਨੌਕਰੀ ਵੀ ਗਵਾਉਣੀ ਪਈ। ਉਸ ਨੂੰ ਖੇਡਾਂ ਵਿੱਚ ਕੁਝ ਕਰ ਦਿਖਾਉਣ ਲਈ ਖੇਡ ਮੈਦਾਨ ਦੀ ਬਜਾਏ ਬਾਹਰ ਖੇਡਾਂ ਦੇ ਅਲੰਬਰਦਾਰਾਂ ਨਾਲ ਜਦੋਂ ਜਹਿਦ ਵਿੱਚ ਵੱਧ ਪਸੀਨਾ ਵਹਾਉਣਾ ਪਿਆ।

ਮਹਿੰਦਰ ਨੂੰ ਦੇਖ ਕੇ ਅਮਰੀਕਾ ਤੇ ਕੈਨੇਡਾ- ਦੋਵਾਂ ਦੇਸ਼ਾਂ ਨੇ ਉਸ ਨੂੰ ਆਪਣੇ ਦੇਸ਼ ਵੱਲੋਂ ਖੇਡਣ ਲਈ ਸਿਟੀਜ਼ਨਸ਼ਿਪ ਦੀ ਆਫਰ ਕੀਤੀ। ਮਹਿੰਦਰ ਨੇ ਵੀ ਧਿਆਨ ਚੰਦ ਵਾਂਗ ਤਾਉਮਰ ਭਾਰਤ ਵੱਲੋਂ ਕੌਮਾਂਤਰੀ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ ਕੀਤੀ। ਤ੍ਰਾਸਦੀ ਦੇਖੋ, ਭਾਰਤੀ ਅਥਲੈਟਿਕਸ ਦਾ ਸੁਨਹਿਰੀ ਪੰਨਾ ਲਿਖਣ ਵਾਲੇ ਇਸ ਅਥਲੀਟ ਨੂੰ ਕਦੇ ਵੀ ਉਸ ਦੀਆਂ ਪ੍ਰਾਪਤੀਆਂ ਕਰਕੇ ਬਣਦਾ ਮਾਣ ਸਤਿਕਾਰ ਨਹੀਂ ਮਿਲਿਆ।

ਮਹਿੰਦਰ ਸਿੰਘ ਗਿੱਲ ਦਾ ਸੰਘਰਸ਼ ਉਸ ਦੇ ਜਨਮ ਤੋਂ ਕੁੱਝ ਸਮੇਂ ਬਾਅਦ ਹੀ ਸ਼ੁਰੂ ਹੋ ਗਿਆ ਸੀ। ਕਾਗਜ਼ਾਂ ਵਿੱਚ ਉਸ ਦੀ ਜਨਮ ਮਿਤੀ 12 ਅਪਰੈਲ 1947 ਹੈ, ਪਰ ਅਸਲ ਵਿੱਚ ਉਸ ਦਾ ਜਨਮ ਦਸੰਬਰ 1944 ਜਾਂ ਜਨਵਰੀ 1945 ਦਾ ਹੈ, ਜਿਸ ਬਾਰੇ ਪੱਕਾ ਪਤਾ ਉਸ ਨੂੰ ਹੁਣ ਤੱਕ ਵੀ ਨਹੀਂ ਲੱਗਿਆ। ਇੰਨਾ ਕੁ ਪਤਾ ਸੰਤਾਲੀ ਦੀ ਵੰਡ ਵੇਲੇ ਜਦੋਂ ਉਸਦਾ ਪਰਿਵਾਰ ਪਾਕਿਸਤਾਨ ਤੋਂ ਉਜੜ ਕੇ ਭਾਰਤ ਆਇਆ ਸੀ ਤਾਂ ਉਹ ਢਾਈ-ਪੌਣੇ ਦੋ ਸਾਲਾਂ ਦਾ ਸੀ, ਜਿਸ ਤੋਂ ਉਹ ਆਪਣੀ ਜਨਮ ਮਿਤੀ ਦਾ ਅੰਦਾਜ਼ਾ ਲਾਉਂਦਾ ਹੈ। ਅਥਲੀਟ ਮਿਲਖਾ ਸਿੰਘ ਤੇ ਫੁਟਬਾਲਰ ਜਰਨੈਲ ਸਿੰਘ ਵਾਂਗ ਉਹ ਵੀ ਮਸਾਂ ਬਚਦਾ ਬਚਾਉਂਦਾ ਭਾਰਤ ਆਇਆ ਸੀ। ਧੰਨਾ ਸਿੰਘ ਗਿੱਲ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਜਨਮੇ ਮਹਿੰਦਰ ਸਿੰਘ ਦੇ ਵੱਡੇ ਵਡੇਰਿਆਂ ਦਾ ਪਿੰਡ ਜਲੰਧਰ ਛਾਉਣੀ ਦੀ ਬੁੱਕਲ ਵਿੱਚ ਵਸਿਆ ਪਿੰਡ ਜਮਸ਼ੇਰ ਸੀ। ਉਸ ਦਾ ਦਾਦਾ-ਪੜਦਾਦਾ ਨਨਕਾਣਾ ਸਾਹਿਬ ਦੇ ਨੇੜੇ ਜੜ੍ਹਾਂ ਆਲੀ ਕੋਲ ਲਾਇਲਪੁਰ ਦੇ ਚੱਕ 95/96 ਵਿੱਚ ਜਾ ਵਸੇ ਸਨ।

ਵੱਢ-ਟੁੱਕ ਦੇ ਮਾਹੌਲ ਵਿੱਚ ਮਹਿੰਦਰ ਦੇ ਮਾਸੜ ਦੇ ਪਿਉ ਦਾ ਕਤਲ ਹੋ ਗਿਆ। ਪਰਿਵਾਰ ਨੇ ਗੱਡਿਆਂ ਉਤੇ ਭਾਂਡੇ-ਟੀਂਡੇ ਲੈ ਕੇ ਚਾਲੇ ਪਾ ਦਿੱਤੇ। ਨਿੱਕੇ ਨਿਆਣੇ ਗੱਡਿਆਂ ਵਿੱਚ ਸਮਾਨ ਹੇਠਾਂ ਲੁਕਾ ਕੇ ਬਿਠਾ ਦਿੱਤੇ। ਜਿਸ ਗੱਡੇ ਉਤੇ ਨਿੱਕਾ ਮਹਿੰਦਰ ਬੈਠਾ ਆ ਰਿਹਾ ਸੀ, ਉਸੇ ਉਤੇ ਬੈਠਾ ਇੱਕ ਵੱਡਾ ਨਿਆਣਾ ਹਜੂਮੀਆਂ ਦਾ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋ ਬੈਠਾ। ਰਾਵੀ ਦਰਿਆ ਵਿੱਚ ਹੜ੍ਹ ਆਉਣ ਕਾਰਨ ਉਨ੍ਹਾਂ ਦੇ ਗੱਡੇ ਰਾਵੀ ਦੇ ਕੰਢੇ ਬੱਲੋਂ ਦੇ ਹੈਡ ਕੋਲ ਮਹੀਨਾ ਭਰ ਰੁਕੇ ਰਹੇ। ਮਸਾਂ ਕਿਤੇ ਜਾ ਕੇ ਉਨ੍ਹਾਂ ਦਾ ਪਰਿਵਾਰ ਭਾਰਤ ਆਇਆ, ਜਿੱਥੇ ਉਨ੍ਹਾਂ ਜਲੰਧਰ ਦੀ ਬੁੱਕਲ ਵਿੱਚ ਹੀ ਪਿੰਡ ਫੋਲੜੀਵਾਲ ਡੇਰਾ ਲਾ ਲਿਆ। ਮਹਿੰਦਰ ਹੁਰੀਂ ਛੇ ਭਰਾ ਤੇ ਇੱਕ ਭੈਣ ਹਨ। ਸੱਤਾਂ ਜੀਆਂ ਵਿੱਚੋਂ ਉਹ ਚੌਥੇ ਨੰਬਰ 'ਤੇ ਹੈ। ਦੋ ਭਰਾ ਤੇ ਇਕੱਲੀ ਭੈਣ ਵੱਡੀ ਹੈ। ਛੋਟੇ ਹੁੰਦਿਆਂ ਤਾਂ ਉਸ ਦਾ ਕੁਝ ਸਮਾਂ ਬੰਗਾਲ ਵੀ ਬੀਤਿਆ ਜਦੋਂ ਘਰਦਿਆਂ ਨੇ ਟਰਾਂਸਪੋਰਟ ਦਾ ਕੰਮ ਸ਼ੁਰੂ ਕੀਤਾ ਸੀ।



ਛੋਟੇ ਹੁੰਦੇ ਮਹਿੰਦਰ ਦੀ ਚੋਣ ਸਪੋਰਟਸ ਸਕੂਲ ਜਲੰਧਰ ਵਿੱਚ ਵਾਲੀਬਾਲ ਖੇਡ ਵਿੱਚ ਹੋਈ ਸੀ। ਵਾਲੀਬਾਲ ਵਾਲੇ ਉਸ ਨੂੰ ਬਾਹਰ ਬਿਠਾ ਦਿੰਦੇ, ਜਿਸ ਕਾਰਨ ਉਸ ਨੇ ਬੇਇੱਜ਼ਤੀ ਮਹਿਸੂਸ ਕਰਨੀ। ਉਸ ਦਾ ਦਿਲ ਅਥਲੈਟਿਕਸ ਸ਼ੁਰੂ ਕਰਨ ਲਈ ਲੋਚਣਾ, ਪਰ ਉਸ ਦੀ ਚੋਣ ਵਾਲੀਬਾਲ ਵਿੱਚ ਹੋਈ ਹੋਣ ਕਰਕੇ ਅਥਲੈਟਿਕਸ ਵਾਲੇ ਉਸ ਨੂੰ ਮੂੰਹ ਨਾ ਲਾਉਂਦੇ। ਉਨ੍ਹਾਂ ਦਿਨਾਂ ਵਿੱਚ ਜਲੰਧਰ ਦੇ ਭਾਰਗੋ ਕੈਂਪ ਮਿਡਲ ਸਕੂਲ ਵਿੱਚ ਖੇਡਾਂ ਹੋਈਆਂ ਤਾਂ ਮਹਿੰਦਰ ਨੂੰ ਫੁਟਬਾਲ ਟੀਮ ਵਿੱਚ ਗੋਲ ਕੀਪਰ ਬਣਾ ਕੇ ਲੈ ਗਏ। ਉਥੇ ਜਾ ਕੇ ਉਸ ਨੇ ਸਾਢੇ 34 ਫੁੱਟ ਦੀ ਤੀਹਰੀ ਛਾਲ ਅਤੇ ਸਵਾ ਪੰਜ ਫੁੱਟ ਦੀ ਉਚੀ ਛਾਲ ਲਾ ਕੇ ਪਹਿਲਾ ਸਥਾਨ ਹਾਸਲ ਕਰ ਲਿਆ। ਇੰਝ ਉਹ ਅਥਲੈਟਿਕਸ ਦੇ ਰਾਹ ਪੈ ਗਿਆ।

ਸਪੋਰਟਸ ਸਕੂਲ ਜਲੰਧਰ ਤੋਂ ਕਪੂਰਥਲਾ ਵਾਲੇ ਪਾਸੇ ਟਿੱਬੇ ਹੁੰਦੇ ਸਨ, ਜਿੱਥੇ ਉਹ ਨਿਰੰਤਰ ਅਭਿਆਸ ਕਰਦਾ। ਪਹਿਲੇ ਦਿਨ ਉਹ ਇੱਕ ਲੱਤ ਉਤੇ 100 ਮੀਟਰ ਤੱਕ ਟੱਪਦਾ ਤੇ ਦੂਜੇ ਦਿਨ ਦੂਜੀ ਲੱਤ ਉਤੇ। ਪੰਜਾਬ ਸਟੇਟ ਖੇਡਾਂ ਹੋਈਆਂ ਤਾਂ ਮਹਿੰਦਰ ਨੇ ਉਚੀ ਛਾਲ ਵਿੱਚ ਪਹਿਲਾ ਤੇ ਤੀਹਰੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਮਹਿੰਦਰ ਨੇ ਸਕੂਲੀ ਦਿਨਾਂ ਵਿੱਚ 48 ਫੁੱਟ ਸਾਢੇ ਚਾਰ ਇੰਚ ਦੀ ਤੀਹਰੀ ਛਾਲ ਲਗਾ ਦਿੱਤੀ ਸੀ। ਸਕੂਲੇ ਪੜ੍ਹਦਾ ਉਹ ਜੂਨੀਅਰ ਨੈਸ਼ਨਲ ਲਈ ਚੁਣਿਆ ਗਿਆ। ਉਸ ਨੇ ਕੁਰੂਕਸ਼ੇਤਰਾ ਯੂਨੀਵਰਸਿਟੀ ਵਿਖੇ ਇਕਨਾਮਿਕਸ ਦੀ ਗਰੈਜੂਏਸ਼ਨ ਵਿੱਚ ਦਾਖਲਾ ਲੈ ਲਿਆ। ਉਸ ਨੇ ਪਹਿਲੇ ਹੀ ਸਾਲ ਅਨਾਮਲਾਈ ਨਗਰ ਵਿਖੇ ਹੋਈ ਆਲ ਇੰਡੀਆ ਇੰਟਰ 'ਵਰਸਿਟੀ ਵਿੱਚ 51 ਫੁੱਟ ਦੀ ਤੀਹਰੀ ਛਾਲ ਲਗਾ ਕੇ ਨਵਾਂ ਰਿਕਾਰਡ ਰੱਖ ਦਿੱਤਾ। ਉਸ ਨੇ ਉਚੀ ਤੇ ਲੰਬੀ ਛਾਲ ਵਿੱਚ ਵੀ ਸੋਨ ਤਮਗਾ ਜਿੱਤ ਲਿਆ। ਦੂਜੇ ਸਾਲ ਜੈਪੁਰ ਅਤੇ ਤੀਜੇ ਸਾਲ ਪਟਿਆਲਾ ਵਿਖੇ ਤਿੰਨੇ ਈਵੈਂਟ ਜਿੱਤੇ। ਪਟਿਆਲਾ ਵਿਖੇ ਤਾਂ ਉਸ ਲਈ ਤੀਹਰੀ ਛਾਲ ਦੀ ਪਿੱਟ ਵੀ ਛੋਟੀ ਪੈ ਗਈ ਅਤੇ ਉਹ ਰੇਤੇ ਤੋਂ ਅਗਾਂਹ ਜਾ ਕੇ ਡਿੱਗਿਆ।

ਯੂਨੀਵਰਸਿਟੀ ਪੜ੍ਹਦਿਆਂ ਹੀ ਉਹ ਭਾਰਤੀ ਟੀਮ ਵਿੱਚ ਚੁਣਿਆ ਗਿਆ ਸੀ। 1965 ਵਿੱਚ ਭਾਰਤ-ਰੂਸ ਦੁਵੱਲੀ ਅਥਲੈਟਿਕਸ ਮੀਟ ਵਿੱਚ ਤਿੰਨ ਥਾਂਈਂ ਮੁਕਾਬਲੇ ਹੋਏ। ਮਹਿੰਦਰ ਨੇ ਦੋ ਸੋਨੇ ਤੇ ਇੱਕ ਚਾਂਦੀ ਦਾ ਤਮਗਾ ਜਿੱਤਿਆ। ਮਹਾਨ ਅਥਲੀਟ ਗੁਰਬਚਨ ਸਿੰਘ ਰੰਧਾਵਾ ਦੇ ਕੌਮਾਂਤਰੀ ਅਥਲੈਟਿਕਸ ਕਰੀਅਰ ਦਾ ਆਖਰੀ ਸਮਾਂ ਸੀ ਅਤੇ ਮਹਿੰਦਰ ਦਾ ਸ਼ੁਰੂਆਤੀ। ਦੋਵੇਂ ਇਸ ਮੀਟ ਦੌਰਾਨ ਰੂਮ ਮੇਟ ਸਨ। ਇੱਕ ਭਾਰਤੀ ਅਥਲੈਟਿਕਸ ਦਾ ਸਿਖਰ ਦੇਖ ਚੁੱਕਾ ਸੀ ਤੇ ਦੂਜੇ ਨੇ ਸਿਖਰ ਲਈ ਹਾਲੇ ਉਡਾਣ ਭਰੀ ਸੀ। 1966 ਵਿੱਚ ਕੋਲੰਬੋ ਵਿਖੇ ਹੋਈ ਏਸ਼ੀਅਨ ਅਥੈਲਟਿਕਸ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤਿਆ। ਮਹਿੰਦਰ ਨੂੰ ਨੈਸ਼ਨਲ ਚੈਂਪੀਅਨਸ਼ਿਪ ਦੌਰਾਨ ਰੇਲਵੇ ਵਾਲਿਆਂ ਨੇ ਉਸ ਨੂੰ ਧੱਕੇ ਨਾਲ ਲਿਜਾ ਕੇ ਰੇਲਵੇ ਵੱਲੋਂ ਖੇਡਣ ਲਈ ਸ਼ਰੋਅਰ ਭੇਜੇ। ਮਹਿੰਦਰ ਦਾ ਮਨ ਸਟੀਲ ਦੀ ਨੌਕਰੀ ਲਈ ਬਣ ਗਿਆ। ਟਾਟਾ ਸਟੀਲ ਵੱਲੋਂ ਉਸ ਨੂੰ ਖੁੱਲ੍ਹੀ ਆਫਰ ਸੀ। 1967 ਵਿੱਚ ਭਾਰਤ-ਜਰਮਨੀ ਮੀਟ ਦੌਰਾਨ ਮਹਿੰਦਰ ਨੇ ਲੰਬੀ ਛਾਲ ਵਿੱਚ ਸੋਨੇ ਦਾ ਤਮਗਾ ਜਿੱਤ ਲਿਆ। ਤੀਹਰੀ ਛਾਲ ਦਾ ਤਾਂ ਉਹ ਪਹਿਲਾ ਹੀ ਤਕੜਾ ਦਾਅਵੇਦਾਰ ਸੀ। ਐਨ ਆਖਰੀ ਮੌਕੇ ਇਹ ਈਵੈਂਟ ਰੱਦ ਕਰ ਦਿੱਤਾ। ਮਹਿੰਦਰ ਇਸ ਧੱਕੇ ਤੋਂ ਗੁੱਸੇ ਵਿੱਚ ਪੂਰਾ ਭਰਿਆ ਪੀਤਾ ਚੰਡੀਗੜ੍ਹ ਆਪਣੇ ਅੰਕਲ ਕੋਲ ਆ ਗਿਆ। ਉਸ ਦੇ ਅੰਕਲ ਨੇ ਉਸ ਨੂੰ ਸ਼ਾਂਤ ਕਰਦਿਆਂ ਦੱਸਿਆ, "ਤੈਨੂੰ ਅਮਰੀਕਾ ਦੀਆਂ ਛੇ ਯੂਨੀਵਰਸਿਟੀਆਂ ਤੋਂ ਸਕਾਲਰਸ਼ਿਪ ਦੀ ਆਫਰ ਆਈ ਹੈ।" ਕਿਸਮਤ ਨੇ ਇੱਕ ਰਾਹ ਬੰਦ ਕੀਤਾ ਸੀ, ਛੇ ਹੋਰ ਖੋਲ੍ਹ ਦਿੱਤੇ।

1968 ਵਿੱਚ ਮਹਿੰਦਰ ਨੇ ਅਮਰੀਕਾ ਦੀ ਉਡਾਣ ਭਰ ਲਈ। ਮਹਿੰਦਰ ਨੇ ਸੈਨ ਲੁਇਸ ਓਬਿਸਪੋ ਸਥਿਤ ਕੈਲੀਫੋਰਨੀਆ ਸਟੇਟ ਪੋਲੀਟੈਕਨਿਕ ਯੂਨੀਵਰਸਿਟੀ (ਕੈਲ ਪੋਲੀ) ਵਿੱਚ ਬੀ.ਐਸ. (ਬਿਜਨਸ ਐਡਮਨਿਸਟ੍ਰੇਸ਼ਨ) ਵਿੱਚ ਦਾਖਲਾ ਲੈ ਲਿਆ। ਪਹਿਲੇ ਸਾਲ ਹੀ ਉਸ ਨੇ ਐਨ.ਸੀ.ਏ.ਏ. (ਅਮਰੀਕਾ ਦੇ ਕਾਲਜਾਂ ਦੀ ਨੈਸ਼ਨਲ ਚੈਂਪੀਅਨਸ਼ਿਪ) ਜਿੱਤ ਲਈ ਅਤੇ ਫੇਰ ਲਗਾਤਾਰ ਪੰਜ ਸਾਲ ਉਹ ਜਿੱਤਦਾ ਹੀ ਰਿਹਾ। 1970 ਵਿੱਚ ਸਕਾਟਲੈਂਡ ਦੇ ਸ਼ਹਿਰ ਇਡਨਬਰਗ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਮਹਿੰਦਰ ਸਿੰਘ ਨੇ 52 ਫੁੱਟ ਪੌਣੇ ਦੋ ਇੰਚ ਤੀਹਰੀ ਛਾਲ ਲਗਾ ਕੇ ਕਾਂਸੀ ਦਾ ਤਮਗਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿੱਚ ਇਹ ਭਾਰਤੀ ਅਥਲੈਟਿਕਸ ਟੀਮ ਵੱਲੋਂ ਜਿੱਤਿਆ ਇਹ ਤੀਜਾ ਤਮਗਾ ਸੀ। ਇਸ ਤੋਂ ਪਹਿਲਾਂ 1958 ਵਿੱਚ



ਕਾਰਡਿਫ ਵਿਖੇ ਮਿਲਖਾ ਸਿੰਘ ਨੇ ਸੋਨੇ ਅਤੇ 1966 ਵਿੱਚ ਕਿੰਗਸਟਨ ਵਿਖੇ ਪਰਵੀਨ ਕੁਮਾਰ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ। ਇਸੇ ਸਾਲ ਬੈਂਕਾਕ ਏਸ਼ੀਅਨ ਗੇਮਜ਼ ਵਿੱਚ ਪੌਣੇ 53 ਫੁੱਟ ਤੀਹਰੀ ਛਾਲ ਮਾਰ ਕੇ ਮਹਿੰਦਰ ਨੇ ਨਵੇਂ ਏਸ਼ੀਅਨ ਰਿਕਾਰਡ ਨਾਲ ਸੋਨੇ ਦਾ ਤਮਗਾ ਜਿੱਤਿਆ।

ਵੈਨਕੂਵਰ ਵਿਖੇ ਕੈਨੇਡੀਅਨ ਚੈਂਪੀਅਨਸ਼ਿਪ ਵਿੱਚ ਮਹਿੰਦਰ ਨੇ ਤੀਹਰੀ ਤੇ ਲੰਬੀ ਛਾਲ- ਦੋਵਾਂ ਦਾ ਸੋਨ ਤਮਗਾ ਜਿੱਤ ਕੇ ਬੈਸਟ ਅਥਲੀਟ ਦਾ ਖਿਤਾਬ ਜਿੱਤਿਆ। ਤੀਹਰੀ ਛਾਲ ਵਿੱਚ ਤਾਂ ਉਸ ਨੇ ਨਵਾਂ ਰਿਕਾਰਡ ਵੀ ਕਾਇਮ ਕੀਤਾ। ਕੈਨੇਡਾ ਵੱਲੋਂ ਉਸ ਨੂੰ ਸਿਟੀਜਨਸ਼ਿਪ ਦੀ ਆਫਰ ਵੀ ਹੋਈ। ਉਤਰੀ ਅਮਰੀਕਾ ਤੋਂ ਬਾਹਰ ਯੂਰਪ ਦੀਆਂ ਮੀਟਾਂ ਵਿੱਚ ਵੀ ਉਸ ਦੀਆਂ ਧੁੰਮਾਂ ਪੈ ਗਈਆਂ। ਆਸਟਰੀਆ, ਸਿਆਨਾ, ਬ੍ਰੁਨ, ਫਰੈਂਕਫਰਟ, ਬਾਰਸੀਲੋਨਾ, ਇਡਨਬਰਗ- ਜਿਧਰੇ ਵੀ ਕੋਈ ਮੀਟ ਹੋਈ, ਮਹਿੰਦਰ ਨੇ ਸੋਨੇ ਦਾ ਤਮਗਾ ਜਿੱਤਣਾ, ਉਹ ਵੀ ਨਵੇਂ ਰਿਕਾਰਡ ਦੇ ਨਾਲ। ਸਿਆਨਾ ਇਨਵੀਟੇਸ਼ਨਲ ਮੀਟ ਵਿੱਚ 54 ਫੁੱਟ 10 ਇੰਚ ਦੀ ਛਾਲ ਲਗਾ ਕੇ ਨਵਾਂ ਰਿਕਾਰਡ ਰੱਖਣ ਲਈ ਮਹਿੰਦਰ ਨੂੰ ਸ਼ੁੱਧ ਸੋਨੇ ਦਾ ਮੈਡਲ ਅਤੇ ਸ਼ੁੱਧ ਚਾਂਦੀ ਦੀ ਟਰਾਫੀ ਮਿਲੀ।

1971 ਵਿੱਚ ਮਿਊਨਿਖ ਵਿਖੇ ਪ੍ਰੀ ਓਲੰਪਿਕਸ ਵਿੱਚ ਮਹਿੰਦਰ ਨੇ ਆਪਣਾ ਜਲਵਾ ਦਿਖਾਉਂਦਿਆਂ ਚਾਂਦੀ ਦਾ ਤਮਗਾ ਜਿੱਤ ਕੇ ਪੂਰੇ ਦੇਸ਼ ਵਿੱਚ ਸਨਸਨੀ ਮਚਾ ਦਿੱਤੀ। ਪ੍ਰੀ ਓਲੰਪਿਕਸ ਦੇ ਇਤਿਹਾਸ ਵਿੱਚ ਵੀ ਇਹ ਭਾਰਤ ਦਾ ਅਥਲੈਟਿਕਸ ਵਿੱਚ ਪਹਿਲਾ ਤਮਗਾ ਸੀ। ਅਮਰੀਕਾ ਵੱਲੋਂ 1960, 1964 ਤੇ 1968 ਦੀਆਂ ਓਲੰਪਿਕ ਖੇਡਾਂ ਦੇ ਲੰਬੀ ਛਾਲ ਮੁਕਾਬਲਿਆਂ ਵਿੱਚ ਕ੍ਰਮਵਾਰ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤਣ ਵਾਲਾ ਰੈਲਫ ਬੋਸਟਨ ਖੇਡ ਕੁਮੈਂਟੇਟਰ ਵਜੋਂ ਮਿਊਨਿਖ ਓਲੰਪਿਕਸ ਵਿੱਚ ਆਇਆ ਸੀ। ਉਹ ਉਚੇਚੇ ਤੌਰ 'ਤੇ ਓਲੰਪਿਕਸ ਖੇਡਣ ਆਏ ਮਹਿੰਦਰ ਨੂੰ ਮਿਲਿਆ ਅਤੇ ਉਸ ਕੋਲੋਂ ਪ੍ਰੈਕਟਿਸ ਸ਼ਡਿਊਲ ਪੁੱਛਿਆ। ਮਹਿੰਦਰ ਵੱਲੋਂ ਦੱਸਣ 'ਤੇ ਉਸ ਨੇ ਵੇਟ ਟਰੇਨਿੰਗ ਤੋਂ ਵਰਜਦਿਆਂ ਕਿਹਾ ਕਿ ਹੁਣ ਉਹ ਸਿਰਫ ਜੌਗਿੰਗ ਕਰੇ, ਜ਼ਿਆਦਾ ਜ਼ੋਰ ਵਾਲੀਆਂ ਕਸਰਤਾਂ ਨਾ ਕਰੇ। ਵੱਡੇ ਅਥਲੀਟ ਦੇ ਕਹੇ ਬੋਲਾਂ ਤੋਂ ਬਾਅਦ ਮਹਿੰਦਰ ਦਾ ਮੱਥਾ ਉਸੇ ਵੇਲੇ ਠਣਕ ਗਿਆ। ਮੁਕਾਬਲੇ ਵਾਲੇ ਦਿਨ ਤੋਂ ਪਹਿਲਾਂ ਮਹਿੰਦਰ ਦਾ ਜ਼ਿਆਦਾ ਵੇਟ ਟਰੇਨਿੰਗ ਕਰਕੇ ਹੈਮਸਟਰਿੰਗ ਪੁੱਲ ਹੋ ਗਿਆ। ਮਹਿੰਦਰ ਨੇ ਰਿਕਵਰੀ ਲਈ ਜੀਅ ਜਾਨ ਲਾਈ। ਤੈਰਾਕੀ ਪੂਲ ਵਿੱਚ ਵੀ ਉਹ ਤੈਰਿਆ। ਮਹਿੰਦਰ ਨੇ ਜਿਵੇਂ ਕਿਵੇਂ ਆਪਣੇ ਆਪ ਨੂੰ ਮੁਕਾਬਲੇ ਲਈ ਤਿਆਰ ਤਾਂ ਕਰ ਲਿਆ, ਪਰ ਛਾਲਾਂ ਲਾਉਂਦੇ ਸਮੇਂ ਉਸ ਕੋਲੋਂ ਪਹਿਲਾ ਵਾਲੀ ਗੱਲ ਨਾ ਬਣੀ ਅਤੇ ਫਾਊਲ ਜੰਪਾਂ ਕਰਕੇ ਫਾਈਨਲ ਲਈ ਕੁਆਲੀਫਾਈ ਨਾ ਕਰ ਸਕਿਆ। ਮਹਿੰਦਰ ਨੂੰ ਮਿਊਨਿਖ ਦੇ ਉਹ ਦਿਨ ਸਾਰੀ ਉਮਰ ਲਈ ਡਰਾਉਣੇ ਸੁਫਨੇ ਵਾਂਗ ਲੱਗਦੇ ਹਨ। ਫਾਈਨਲ ਲਈ ਕੁਆਲੀਫਾਈ ਹੋਣ ਵਾਲੇ ਆਖਰੀ ਜੰਪਰ ਨੇ ਸਵਾ 53 ਫੁੱਟ ਛਾਲ ਲਗਾਈ ਸੀ, ਜਦਕਿ ਮਹਿੰਦਰ ਪ੍ਰੈਕਟਿਸ ਕਰਦਾ ਹੀ 55 ਫੁੱਟ ਦੇ ਕਰੀਬ ਛਾਲ ਲਗਾ ਦਿੰਦਾ ਸੀ। ਕਾਂਸੀ ਦਾ ਤਮਗਾ ਜਿੱਤਣ ਵਾਲੇ ਅਥਲੀਟ ਨੇ ਪੌਣੇ 56 ਫੁੱਟ ਦੀ ਛਾਲ ਲਗਾਈ, ਜਿਹੜੀ ਕਿ ਮਹਿੰਦਰ ਨੂੰ ਆਪਣੀ ਤਿਆਰੀ ਦੇ ਹਿਸਾਬ ਨਾਲ ਪਹੁੰਚ ਵਿੱਚ ਲੱਗਦੀ ਸੀ।

ਮਿਊਨਿਖ ਤੋਂ ਬਾਅਦ ਮਹਿੰਦਰ ਇੱਕ ਵਾਰ ਫੇਰ ਅਗਲੀ ਤਿਆਰੀ ਵਿੱਚ ਜੁੱਟ ਗਿਆ। ਕੈਨੇਡੀ ਗੇਮਜ਼, ਮਾਊਂਟ ਸਾਕ ਰਿਲੇਅ, ਇਨਵੀਟੇਸ਼ਨਲ ਮੀਟ ਐਰੀਜ਼ੋਨਾ ਵਿਖੇ ਮਹਿੰਦਰ ਨੇ ਫੇਰ ਸੋਨੇ ਦੇ ਤਮਗੇ ਜਿੱਤੇ। ਟੈਕਸਸ ਵਿਖੇ ਹੋਈ ਯੂ.ਟੀ.ਈ.ਪੀ. ਇਨਵੀਟੇਸ਼ਨਲ ਮੀਟ ਵਿੱਚ ਉਸ ਨੇ ਨਵੇਂ ਰਿਕਾਰਡ ਨਾਲ ਸੋਨ ਤਮਗਾ ਜਿੱਤਿਆ। ਇਸੇ ਮੀਟ ਵਿੱਚ ਦੁਨੀਆਂ ਦੇ ਸਭ ਤੋਂ ਵੱਡੇ ਪੋਲ ਵਾਲਟਰ ਸਰਗੇਈ ਬਬੂਕਾ ਨੇ ਵੀ ਨਵਾਂ ਵਿਸ਼ਵ ਰਿਕਾਰਡ ਬਣਾਇਆ। ਲੰਡਨ ਵਿਖੇ ਕੋਕਾ ਕੋਲਾ ਇਨਵੀਟੇਸ਼ਨਲ ਮੀਟ, ਆਲ ਅਮਰੀਕਨ ਇਨਡੋਰ ਗੇਮਜ਼ ਵਿੱਚ ਵੀ ਉਸ ਨੇ ਸੋਨੇ ਦਾ ਤਮਗਾ ਜਿੱਤਿਆ। ਲਾਂਸ ਏਂਜਲਸ ਇਨਡੋਰ ਮੀਟ ਜਿੱਥੇ ਉਦੋਂ ਤੱਕ ਸੌ ਤੋਂ ਵੀ ਵੱਧ ਓਲੰਪਿਕ ਚੈਂਪੀਅਨ ਹਿੱਸਾ ਲੈ ਚੁੱਕੇ ਸਨ, ਵਿੱਚ ਉਸ ਨੇ ਪਹਿਲੇ ਸਾਲ ਚਾਂਦੀ ਤੇ ਦੂਜੇ ਸਾਲ ਸੋਨੇ ਦਾ ਤਮਗਾ ਜਿੱਤਿਆ।

1973 ਵਿੱਚ ਮਨੀਲਾ ਵਿਖੇ ਹੋਈ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਮਹਿੰਦਰ ਨੇ ਭਾਰਤ ਲਈ ਫੇਰ ਸੋਨੇ ਦਾ ਤਮਗਾ ਜਿੱਤਿਆ। 1974 ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸਾਡੇ ਨਾਇਕ ਅੰਬਰਾਂ ਵਿੱਚ ਨਹੀਂ ਰਹਿੰਦੇ

**ਛੱਤੀਸਗੜ, ਜਿਹੜਾ 'ਵੋਟਾਂ' ਅਤੇ 'ਗੱਪਾਂ' ਕਾਰਨ ਚਰਚਾ ਵਿੱਚ ਰਿਹਾ ਹੈ, ਦੇ ਬਸਤਰ ਜ਼ਿਲ੍ਹੇ 'ਚ ਬਾਸਾਗੁੜਾ ਇੱਕ ਛੋਟਾ ਕਸਬਾ ਹੈ। ਇੱਥੇ ਪੁਲਿਸ ਸਟੇਸ਼ਨ ਹੈ ਅਤੇ ਇਨਕਲਾਬੀ ਲਹਿਰ ਨੂੰ ਕੁਚਲਣ ਲਈ ਸਪੈਸ਼ਲ ਪੁਲਿਸ ਫੋਰਸ ਵੀ। ਬਾਸਾਗੁੜਾ ਦੇ ਖੇਤਰ ਵਿੱਚ ਇੱਕ ਸਮੇਂ ਸਿੰਜਾਈ ਪ੍ਰਾਜੈਕਟ ਮੌਜੂਦ ਸੀ। ਦਰਅਸਲ ਇਹ ਇੱਕ ਛੋਟਾ ਜਿਹਾ ਬਰਸਾਤੀ ਪਾਣੀ ਕਮਾਊ ਬੰਧ (ਮਸਨੂਈ ਤਾਲਾਬ) ਸੀ, ਜਿਸਨੂੰ ਸਥਾਨਕ ਲੋਕ ਡੈਮ ਕਹਿੰਦੇ ਸਨ। ਜਿਨ੍ਹਾਂ ਵੇਲਿਆਂ ਦੀ ਇਹ ਕਹਾਣੀ ਹੈ, ਉਸਨੂੰ ਬੀਤਿਆਂ ਢਾਈ ਦਹਾਕੇ ਹੋ ਚੁੱਕੇ ਹਨ, ਪਰ ਇਹ ਅੱਜ ਵੀ ਸਾਰਥਿਕ ਹੈ, ਸਗੋਂ ਉਨ੍ਹਾਂ ਵੇਲਿਆਂ ਤੋਂ ਵੀ ਕਿਤੇ ਜ਼ਿਆਦਾ।**

ਬੂੰਦ-ਬੂੰਦ ਦੇ ਮੋਤੀ

**ਵਿਜੈ ਬੰਬੇਲੀ**
ਫੋਨ: +91-9463439075



ਜਲ-ਸੰਕਟ ਹੁਣ ਹੱਟੀਆਂ-ਭੱਠੀਆਂ ਦੀ ਵੀ ਕਹਾਣੀ ਹੈ; ਪਰ ਅਸੀਂ ਕਹਿੰਦੇ-ਸੁਣਦੇ, ਨਘੋਚਾਂ ਕੱਢਦੇ, ਖਿਝਦੇ-ਖੱਪਦੇ ਅਤੇ ਮਿਹਣੋ-ਮਿਹਣੀ ਹੁੰਦੇ ਹਾਂ, ਨਿਵਾਰਣ ਲਈ ਹੱਥੀਂ ਕੁੱਝ ਨਹੀਂ ਕਰਦੇ। ਅਸਲ ਵਿੱਚ ਤੁਹਾਡੇ ਕੋਲ ਤਾਂ ਹਾਲੇ ਮੇਲਿਆਂ-ਮੁਸੱਬਿਆਂ, ਲੰਗਰਾਂ-ਛਬੀਲਾਂ, ਨਗਰ-ਕੀਰਤਨਾਂ, ਸੋਭਾ-ਯਾਤਰਾਵਾਂ, ਚਾਲਿਆਂ ਅਤੇ ਫਰਸ਼ ਧੋਣ ਵਾਲੇ 'ਜ਼ਰੂਰੀ ਕਾਰਜਾਂ' ਤੋਂ ਹੀ ਵਿਹਲ ਨਹੀਂ ਕਿ ਤੁਸੀਂ ਮੇਰੀ ਰਾਮ-ਕਥਾ ਸੁਣ ਸਕੋ। ਫਿਰ ਵੀ ਮੈਂ ਤੁਹਾਨੂੰ ਕਹਾਣੀਆਂ ਸੁਣਾਵਾਂਗਾ; ਅੰਬਰੀਂ ਨਹੀਂ, ਧਰਤ ਉੱਤਲੀਆ। ਇਸ ਕਰਕੇ ਨਹੀਂ ਕਿ ਕੋਈ ਇਨ੍ਹਾਂ ਦਾ ਚਸ਼ਮਦੀਦ ਗਵਾਹ ਹੈ, ਸਗੋਂ ਇਸ ਕਰਕੇ ਕਿ ਇਹ ਸਾਡਾ ਮਾਰਗ-ਦਰਸ਼ਨ ਕਰਦੀਆਂ ਹਨ:

ਕੁਦਰਤੀ-ਸੋਮਿਆਂ ਨਾਲ ਸਬੰਧਿਤ ਵਿਭਾਗ 'ਚ ਮੈਂ ਲੰਬੀ ਨੌਕਰੀ ਕੀਤੀ ਹੈ। ਜਲ-ਸੰਕਟ ਮੇਰਾ ਟੁੰਬਵਾਂ ਵਿਸ਼ਾ ਰਿਹਾ ਹੈ, ਹੁਣ ਵੀ ਹੈ, ਜਿਹੜਾ ਮੈਨੂੰ ਨੌਕਰੀ ਦੇ 'ਹੱਦਾਂ-ਬੰਨੇ' ਭੰਨਣ ਲਈ ਵੀ ਉਕਸਾਉਂਦਾ ਰਿਹਾ। ਜਗਿਆਸੂ ਬਿਰਤੀ ਦਾ ਹੋਣ ਕਾਰਨ ਮੈਨੂੰ ਸਰਕਾਰੀ ਜਾਂ ਨਿੱਜੀ ਖੋਜ-ਭਰਮਣ ਕਰਨ ਅਤੇ ਸਵਾਲਾਂ ਦੀ ਵਾਛੜ ਕਰਨ ਦਾ ਮੌਕਾ ਵੀ ਮਿਲਦਾ ਰਿਹਾ। ਹੁਣ ਕਦੇ-ਕਦੇ ਮੇਰੇ ਦਿਲ ਵਿੱਚ ਆਉਂਦਾ ਹੈ ਕਿ ਮੈਂ ਇੱਕ-ਇੱਕ ਕਰਕੇ ਉਹ ਸਾਰੀਆਂ ਕਹਾਣੀਆਂ ਬਿਆਨ ਦਿਆਂ, ਜਿਹੜੀਆਂ ਮੈਂ ਅੱਖੀ ਵੇਖੀਆਂ ਅਤੇ ਕੰਨੀ ਸੁਣੀਆਂ ਹਨ।

ਛੱਤੀਸਗੜ, ਜਿਹੜਾ ਹੁਣ 'ਵੋਟਾਂ' ਅਤੇ 'ਗੱਪਾਂ' ਕਾਰਨ ਚਰਚਾ ਵਿੱਚ ਹੈ, ਦੇ ਬਸਤਰ ਜ਼ਿਲ੍ਹੇ 'ਚ ਬਾਸਾਗੁੜਾ ਇੱਕ ਛੋਟਾ ਕਸਬਾ ਹੈ। ਇੱਥੇ ਪੁਲਿਸ ਸਟੇਸ਼ਨ ਹੈ ਅਤੇ ਇਨਕਲਾਬੀ ਲਹਿਰ ਨੂੰ ਕੁਚਲਣ ਲਈ ਸਪੈਸ਼ਲ ਪੁਲਿਸ ਫੋਰਸ ਵੀ। ਬਾਸਾਗੁੜਾ ਦੇ ਖੇਤਰ ਵਿੱਚ ਇੱਕ ਸਮੇਂ ਸਿੰਜਾਈ ਪ੍ਰਾਜੈਕਟ ਮੌਜੂਦ ਸੀ। ਦਰਅਸਲ ਇਹ ਇੱਕ ਛੋਟਾ ਜਿਹਾ ਬਰਸਾਤੀ ਪਾਣੀ ਕਮਾਊ ਬੰਧ (ਮਸਨੂਈ ਤਾਲਾਬ) ਸੀ, ਜਿਸਨੂੰ ਸਥਾਨਕ ਲੋਕ ਡੈਮ ਕਹਿੰਦੇ ਸਨ। ਜਿਨ੍ਹਾਂ ਵੇਲਿਆਂ ਦੀ ਇਹ ਕਹਾਣੀ ਹੈ, ਉਸਨੂੰ ਬੀਤਿਆਂ ਢਾਈ ਦਹਾਕੇ ਹੋ ਚੁੱਕੇ ਹਨ, ਪਰ ਇਹ ਅੱਜ ਵੀ ਸਾਰਥਿਕ ਹੈ, ਸਗੋਂ ਉਨ੍ਹਾਂ ਵੇਲਿਆਂ ਤੋਂ ਵੀ ਕਿਤੇ ਜ਼ਿਆਦਾ।

ਇਹ ਡੈਮ ਬਾਸਾਗੁੜਾ ਤੇ ਹੋਰ 5-7 ਪਿੰਡਾਂ ਨੂੰ ਯਥਾ-ਮੁਜਬ ਪਾਣੀ ਸਪਲਾਈ ਕਰਦਾ ਹੁੰਦਾ ਸੀ। ਕੋਈ ਵੀਹ ਸਾਲ ਪਹਿਲਾਂ ਮੌਨਸੂਨ ਦੌਰਾਨ ਹੜ੍ਹਾਂ ਨਾਲ ਡੈਮ ਟੁੱਟ ਗਿਆ। ਕਿਸੇ ਵੀ ਸਰਕਾਰ ਨੇ ਇਸ ਇਲਾਕੇ ਦੀਆਂ ਅਰਜਾਂ ਵੱਲ ਧਿਆਨ ਨਹੀਂ ਦਿੱਤਾ। ਮਾਰਚ 1998 ਵਿੱਚ ਨੌਂ ਪਿੰਡਾਂ ਦੇ ਲੋਕਾਂ ਨੇ ਇੱਕ ਇਨਕਲਾਬੀ ਸੰਗਠਨ ਦੀ ਗੁਪਤ ਅਗਵਾਈ ਹੇਠ ਤਲਾਬ ਉਸਾਰੀ ਕਮੇਟੀ ਬਣਾਈ। ਕਮੇਟੀ 'ਚ ਕੁਝ ਆਦਿਵਾਸੀ ਸਰਪੰਚਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

ਇਸ ਕਮੇਟੀ ਦੀ ਸਥਾਨਕ ਅਗਵਾਈ ਹੇਠ ਨੌਂ ਪਿੰਡਾਂ ਦੇ ਚਾਰ ਸੌ ਲੋਕਾਂ ਨੇ ਛੱਬੀ ਦਿਨਾਂ ਤੱਕ ਤਲਾਬ ਦਾ ਬੰਨ੍ਹ ਉਸਾਰਣ ਵਿੱਚ ਹਿੱਸਾ ਲਿਆ। ਦੂਰ ਦੇ ਪਿੰਡਾਂ 'ਚੋਂ ਆਉਣ ਵਾਲਿਆਂ ਨੇ ਉਸਾਰੀ ਦੀ ਥਾਂ ਉੱਤੇ ਤੰਬੂ ਲਾ ਲਏ। ਆਮ ਤੌਰ 'ਤੇ ਸਾਰਾ ਕੰਮ ਕਾਰ-ਸੇਵੀ (ਮੁਫ਼ਤ-ਮੁਸ਼ੱਕਤ) ਕੀਤਾ ਜਾਂਦਾ, ਪਰ ਕਿਉਂਕਿ 1997-98 ਦਾ ਸਾਲ ਦਹਾਕਿਆਂ 'ਚ ਸਭ ਤੋਂ ਸਖ਼ਤ ਅਕਾਲ ਦਾ ਸਾਲ ਸੀ, ਇਸ ਲਈ ਪਾਰਟੀ ਨੇ ਹਰ ਕੰਮ ਦਿਨ ਲਈ ਇੱਕ ਕਿੱਲੋ ਚੌਲ ਪ੍ਰਤੀ ਕਾਮਾ ਦੇਣ ਦਾ ਫੈਸਲਾ ਕੀਤਾ।

ਸੋਕੇ ਦੀਆਂ ਹਾਲਤਾਂ ਕਾਰਨ ਇਲਾਕਾ ਕਮੇਟੀ ਨੇ ਸੋਕਾ ਰਾਹਤ ਲਈ ਲੋਕ-ਫੰਡ ਤਹਿਤ 'ਕੱਠੇ ਹੋਏ 40,000 ਰੁਪਏ ਜਾਰੀ ਕੀਤੇ, ਜਿਹੜੀ 52 ਕੁਇੰਟਲ ਚੌਲਾਂ ਦੀ ਖਰੀਦ ਕੀਮਤ ਸੀ। ਤਲਾਬ ਉਸਾਰੀ ਕਮੇਟੀ ਨੇ ਸਥਾਨਕ ਧਨੀ ਕਿਸਾਨਾਂ ਅਤੇ ਜਾਗੀਰਦਾਰਾਂ ਤੋਂ ਹੋਰ 18 ਕੁਇੰਟਲ ਚੌਲ ਇੱਕਠੇ ਕੀਤੇ। ਹੜ੍ਹਾਂ ਦੇ ਦਬਾਅ ਤੋਂ ਮਿੱਟੀ ਦੇ ਡੈਮ ਨੂੰ ਬਚਾਉਣ ਲਈ ਕਮੇਟੀ ਨੇ ਬੰਨ੍ਹ 'ਚ ਤਰੇੜ ਆਉਣ ਨੂੰ ਰੋਕਣ ਲਈ ਪੱਥਰ ਅਤੇ ਸੀਮੈਂਟ



ਲਾਉਣ ਦਾ ਫੈਸਲਾ ਕੀਤਾ। ਇਸ ਵਾਸਤੇ ਚਾਰ ਪਿੰਡਾਂ ਦੀਆਂ ਪੰਚਾਇਤਾਂ, ਜਿਨ੍ਹਾਂ ਨੂੰ ਇਸ ਝੀਲ-ਤਲਾਬ ਤੋਂ ਕੁੱਝ-ਵੱਧ ਪਾਣੀ ਮਿਲਣਾ ਸੀ, ਤੋਂ ਯਥਾਂ-ਮੁਜਬ ਸੱਠ ਹਜ਼ਾਰ ਰੁਪਏ (ਪੰਦਰਾਂ ਹਜ਼ਾਰ ਔਸਤਨ) ਇੱਕਠੇ ਕੀਤੇ ਗਏ।

ਹਾਂ, ਚਾਰ ਸੌ ਸਵੈ-ਸੇਵੀ ਕਾਮਿਆਂ ਨੇ 26 ਦਿਨਾਂ ਤੱਕ ਕੰਮ ਕਰਕੇ ਦਸ ਹਜ਼ਾਰ ਚਾਰ ਸੌ ਮਨੁੱਖੀ ਦਿਨ ਕੰਮ ਕੀਤਾ। ਜੇ 'ਸਰਕਾਰ ਜੀ' ਜਾਂ ਇਸ ਦੇ ਠੇਕੇਦਾਰਾਂ ਨੇ ਇਹ ਕੰਮ ਕਰਨਾ ਹੁੰਦਾ ਤਾਂ ਉਨ੍ਹਾਂ ਨੂੰ ਸ਼ਾਇਦ ਦੁਗਣੇ ਤੋਂ ਵੀ ਵੱਧ ਕੰਮ ਦਿਨਾਂ ਦੀ ਲੋੜ ਪੈਂਦੀ। ਦਰ-ਹਕੀਕਤ ਸਮਾਜਕ ਚੇਤਨਾ ਅਤੇ ਸਵੈ-ਇੱਛਾ ਨਾਲ ਕੀਤੇ ਕੰਮ ਆਮ ਤੌਰ 'ਤੇ ਦਿਹਾੜੀਦਾਰ ਮਜ਼ਦੂਰਾਂ ਵਲੋਂ ਕੀਤੇ ਕੰਮ ਤੋਂ ਦੁਗਣਾ ਨਤੀਜਾ ਕੱਢਦਾ ਹੈ। ਜੇ ਵੇਲੇ ਦੀ ਘੱਟੋ-ਘੱਟ ਦਿਹਾੜੀ ਪੰਜਾਹ ਰੁਪਏ ਰੋਜ਼ਾਨਾ ਵੀ ਲਾਈ ਜਾਵੇ ਤਾਂ ਇਸੇ ਕੰਮ ਲਈ ਦਸ ਲੱਖ ਰੁਪਏ (10400 ਦਿਨ ਜਰਬ 50 ਰੁਪਏ ਜਰਬ 2 ਗੁਣਾਂ ਕੰਮ) ਲੱਗਦੇ।

ਦਿਲਚਸਪ ਗੱਲ ਇਹ ਰਹੀ ਕਿ ਲੋਕਾਂ ਦੇ ਜਨਤਕ ਉਤਸ਼ਾਹ ਤੇ ਉਨ੍ਹਾਂ ਦੀ ਰਚਨਾਤਮਕਤਾ ਨੂੰ ਦੇਖ ਕੇ ਸਰਕਾਰ ਸ਼ਸ਼ੋਪੰਜ 'ਚ ਪੈ ਗਈ। ਉਸ ਨੇ ਲੋਕਾਂ ਦੇ ਯਤਨਾਂ ਅਤੇ ਸਿਰੜ ਦੀ ਹਵਾ ਕੱਢਣ ਲਈ ਇਸ ਝੀਲ ਦੀ ਉਸਾਰੀ ਲਈ ਵੀਹ ਲੱਖ ਰੁਪਏ ਜਾਰੀ ਕਰਨ ਦੀ 'ਮੋਦੀ-ਛਾਪ ਖ਼ਬਰ' ਉਛਾਲ ਦਿੱਤੀ। ਪਰ ਲੋਕਾਂ, ਜਿਨ੍ਹਾਂ ਸਵੈ-ਨਿਰਭਰਤਾ ਅਤੇ ਸਮੂਹਕ ਤਾਕਤ ਨੂੰ ਅੱਖੀਂ ਦੇਖ ਲਿਆ ਸੀ, ਇਹ ਜਾਣਦਿਆਂ ਵੀ ਕਿ 'ਲੀਡਰਾਂ' ਦੀ ਬਜਾਏ ਇਹ ਲੋਕਾਂ ਦਾ ਪੈਸਾ (ਟੈਕਸ ਰੂਪੀ) ਹੈ, ਫਿਰ ਵੀ ਸਰਕਾਰੀ ਗ੍ਰਾਂਟ ਲੈਣ ਤੋਂ ਨਾਂਹ ਕਰ ਦਿੱਤੀ। ਅਸਲ ਵਿੱਚ ਇਸ ਨਾਂਹ ਮਗਰ ਬਹੁ-ਪਰਤੀ ਕਾਰਨ ਸਨ। ਇਨਕਲਾਬੀ ਧਿਰਾਂ ਲੋਕਾਂ ਨੂੰ ਉਸਦੀ ਮੂਕ-ਤਾਕਤ ਅਤੇ ਜਥੇਬੰਦਕ ਏਕੇ ਤੋਂ ਜਾਣੂੰ ਕਰਵਾਉਣਾ ਚਾਹੁੰਦੀਆਂ ਸਨ। ਕਾਰਜ ਅਤੇ ਮੰਤਵ ਬੇਹੱਦ ਸਫਲ ਰਿਹਾ।

ਉਪਰੰਤ; ਦੱਖਣੀ ਬਸਤਰ ਦੇ ਹੋਰ 12 ਪਿੰਡਾਂ 'ਚ ਲੋਕਾਂ ਨੇ ਨਵੇਂ ਜਾਂ ਪੁਰਾਣਿਆਂ ਤਲਾਬਾਂ/ਝੀਲਾਂ ਨੂੰ ਬਣਾਉਣ ਜਾਂ ਮੁਰੰਮਤ ਦਾ ਫੈਸਲਾ ਕੀਤਾ। ਕੰਮ 1999 ਦੀ ਗਰਮੀ ਰੁੱਤੇ ਸ਼ੁਰੂ ਕੀਤਾ ਗਿਆ, ਜਿਹੜਾ ਜੂਨ 2000 'ਚ ਪੂਰਾ ਹੋਇਆ, ਕੰਮ ਸਿਰਫ਼ ਵਿਹਲੇ ਮੌਸਮ 'ਚ ਕੀਤਾ ਜਾਂਦਾ। ਇਹ ਫੈਸਲਾ ਕੀਤਾ ਗਿਆ ਕਿ ਹਰੇਕ ਟੱਬਰ ਕੰਮ 'ਚ ਹਿੱਸਾ ਲਵੇਗਾ। 12 ਪਿੰਡਾਂ ਦੇ ਹਰ ਇੱਕ ਪਰਿਵਾਰਾਂ ਦੇ ਮੈਂਬਰਾਂ ਨੇ ਸਵੈ-ਇੱਛਤ ਮਿਹਨਤ ਰਾਹੀਂ ਸਥਾਨਕ 'ਗੋਥੀ ਸਿਸਟਮ' ਜਿਸ 'ਚ ਹਰ ਪਰਿਵਾਰ, ਇਕਾਈ ਪੰਜ ਜੀਅ ਨੂੰ 10 ਮੀਟਰ ਜਰਬ 4 ਮੀਟਰ ਜਰਬ 1 ਮੀਟਰ ਡੂੰਘੀ ਆਇਤ ਜ਼ਮੀਨ ਦਾ ਹਿੱਸਾ ਪੁੱਟਣਾ ਪੈਂਦਾ, ਮੁਤਾਬਿਕ ਜ਼ਮੀਨ ਖੋਦੀ।

ਅਗਲੇ ਸਾਲ ਉਨ੍ਹਾਂ ਨੇ ਗੰਨਾ ਢੰਗ, ਇੱਕ ਹੋਰ ਸਥਾਨਕ/ਸਮਾਜਿਕ ਸਿਸਟਮ, ਜਿਸ 'ਚ ਪਰਿਵਾਰਾਂ ਦੀ ਗਿਣਤੀ ਦੇ ਆਧਾਰ 'ਤੇ ਹਰੇਕ ਪਿੰਡ ਨੂੰ ਕੰਮ ਦੇ ਦਿੱਤਾ ਜਾਂਦਾ ਹੈ, 'ਤੇ ਚੱਲਣ ਦਾ ਫੈਸਲਾ ਲਿਆ। ਤਲਾਬ ਦਾ ਕੰਮ ਪੂਰਾ ਕਰਨ ਦਾ ਸਮਾਂ ਤੈਅ ਕਰ ਦਿੱਤਾ ਜਾਂਦਾ। ਗੋਥੀ ਸਿਸਟਮ ਵਿੱਚ ਪਰਿਵਾਰਾਂ ਕੋਲ ਇਹ ਫੈਸਲਾ ਕਰਨ ਦੀ ਲਚਕ ਰਹਿੰਦੀ ਹੈ ਕਿ ਉਨ੍ਹਾਂ ਨੇ ਆਪਣੀ ਹਿੱਸੇ ਦਾ ਕੰਮ ਕਦੋਂ ਪੂਰਾ ਕਰਨਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕੁਝ ਪਰਿਵਾਰ ਨਿਸ਼ਚਿਤ ਸਮੇਂ 'ਚ ਆਪਣੇ ਕੰਮ ਦਾ ਹਿੱਸਾ ਪੂਰਾ ਨਾ ਕਰਦੇ; ਪਰ ਗੰਨਾ ਸਿਸਟਮ ਵਿੱਚ ਐਨੀ ਲਚਕ ਨਹੀਂ ਸੀ।

ਇਸ ਨਾਲ ਤਾਲਮੇਲ ਕਰ ਰਹੀ ਕਮੇਟੀ ਲਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ। ਪੇਂਡੂਆਂ ਵੱਲੋਂ ਇੱਕ ਸਮੂਹ ਵਜੋਂ ਫ਼ੈਸਲੇ ਲਏ ਜਾਂਦੇ। ਸਮਾਜਿਕ-ਸ਼ਰਮ/ਮਰਿਆਦਾ ਕਾਰਨ ਕੋਈ ਵੀ ਪਰਿਵਾਰ ਕੰਮ ਤੋਂ ਬਚ ਨਹੀਂ ਸੀ ਸਕਦਾ। ਇੰਜ ਕਮੇਟੀ ਲਈ ਕੰਮ ਦਾ ਤਾਲਮੇਲ ਕਰਨਾ ਸੌਖਾ ਹੋ ਜਾਂਦਾ ਹੈ; ਪਰ ਇਸ ਸਿਸਟਮ ਨਾਲ ਕੁਝ ਪਰਿਵਾਰਾਂ ਨੂੰ ਤਕਲੀਫ ਹੋ ਜਾਂਦੀ। ਸਮੱਸਿਆਵਾਂ ਦੇ ਹੱਲ ਲਈ ਪੇਂਡੂ ਅਪਨਾਏ ਜਾਣ ਵਾਲੇ ਸਿਸਟਮ ਬਾਰੇ ਫ਼ੈਸਲਾ ਖ਼ੁਦ ਕਰਦੇ। ਕੁੱਲ ਮਿਲਾ ਕਿ ਸਿੱਟੇ ਸਾਰਥਿਕ ਨਿਕਲੇ। ਕਿਵੇਂ? ਮੈਂ ਇੱਕ ਉਦਾਹਰਣ ਦੇਵਾਂਗਾ:

ਕੋਂਢਾਂ ਖਿੱਤੇ ਦੇ ਬਾਰਾਂ ਪਿੰਡਾਂ ਦੀ ਮੀਟਿੰਗ 'ਚ ਲੋਕਾਂ ਨੂੰ ਉਦਾਹਰਣਾਂ ਸਹਿਤ ਜਚਾਇਆ ਗਿਆ, "ਸਾਡੀ ਰੱਖਿਆ ਕਰਨ ਵਾਲੀ ਕੋਈ 'ਅਗੰਮੀ-ਸ਼ਕਤੀ ਜਾਂ ਸਰਕਾਰ' ਨਹੀਂ ਹੈ, ਸਾਨੂੰ ਆਪਣੇ ਭਵਿੱਖ ਦੀ ਉਸਾਰੀ ਲਈ ਇੱਕ ਦੂਜੇ 'ਤੇ ਨਿਰਭਰ ਕਰਨਾ ਹੋਵੇਗਾ। ਸੋ, ਇਸ ਮੌਕੇ 'ਤੇ ਸਾਨੂੰ ਇਸ ਪਿੰਡ ਦਾ ਤਲਾਬ ਉਸਾਰਨ ਲਈ ਉੱਥੋਂ ਦੇ ਲੋਕਾਂ ਦੀ ਲਾਜ਼ਮੀ ਹੀ ਸਹਾਇਤਾ ਕਰਨੀ ਚਾਹੀਦੀ ਹੈ। ਹੋਰਨਾਂ ਮੌਕਿਆਂ 'ਤੇ ਜਦੋਂ ਸਾਨੂੰ ਸਹਾਇਤਾ ਦੀ ਲੋੜ ਹੋਵੇਗੀ ਤਾਂ ਦੂਜੇ ਸਾਡੀ ਮਦਦ ਲਈ ਅਵੱਸ਼ ਆਉਣਗੇ।"

12 ਪਿੰਡਾਂ ਦੇ ਕੁੱਲ 355 ਲੋਕ ਇਸ ਕੰਮ 'ਚ ਸ਼ਾਮਿਲ ਹੋਏ, ਉਸਾਰੀ ਦਾ ਕੰਮ 260 ਦਿਨ ਚੱਲਿਆ, ਇਸ 'ਚ ਚੌਦਾਂ ਹਜ਼ਾਰ ਕੰਮ ਦਿਨ ਲੱਗੇ। ਇਸ 'ਚ 100 ਰੁਪਏ ਦਿਹਾੜੀ ਦੇ ਹਿਸਾਬ ਮਜ਼ਦੂਰੀ ਦਾ ਭੁਗਤਾਨ ਕਰਨ 'ਤੇ 14 ਲੱਖ ਰੁਪਏ ਖਰਚ ਆਉਣੇ ਸੀ। ਅਖੀਰ 'ਚ ਜੋ ਤਲਾਬ ਬਣਿਆ, ਉਸਦੀ ਲੰਬਾਈ ਕਰੀਬ ਇੱਕ ਕਿਲੋਮੀਟਰ, ਚੌੜਾਈ 250 ਮੀਟਰ ਅਤੇ ਸਭ ਤੋਂ ਡੂੰਘੀ ਥਾਂ 'ਤੇ ਉਸਦੀ ਡੂੰਘਾਈ 20 ਮੀਟਰ ਸੀ। ਕੱਚਾ ਬੰਨ੍ਹ ਆਪਣੇ ਆਧਾਰ 'ਤੇ 30 ਤੋਂ 35 ਮੀਟਰ ਚੌੜਾ ਸੀ। ਇਸਦੀ ਸਮਰੱਥਾ ਪੰਜ ਸੌ ਏਕੜ ਜ਼ਮੀਨ ਦੀ ਸਿੰਜਾਈ ਕਰਨ ਦੀ ਸੀ। ਚਾਹੇ ਸਿੰਜਾਈ ਇੱਕ ਪਿੰਡ ਦੀ ਜ਼ਮੀਨ ਦੀ ਹੋਣੀ ਸੀ, ਪਰ ਗਰਮੀਆਂ ਦੇ ਮਹੀਨਿਆਂ 'ਚ ਇਸ ਨੇ ਵੀਹ ਪਿੰਡਾਂ ਦੇ ਪਸ਼ੂਆਂ ਨੂੰ ਪਾਣੀ ਪਿਲਾਉਣਾ ਅਤੇ ਤਾ-ਇਲਾਕੇ ਦੀ ਆਬੋ-ਹਵਾ ਸਿੱਲੀ ਕਰਨੀ ਸੀ।

ਇਸ ਤਲਾਬ ਨੇ ਪੇਂਡੂਆਂ ਵਿੱਚ ਡੂੰਘੇ ਅਤੇ ਤੁਰਤ-ਫੁਰਤ ਵਾਲੇ ਸਹਿਯੋਗੀ ਸਬੰਧ ਪੈਦਾ ਕਰ ਦਿੱਤੇ। ਇੱਕ ਮਿਸਾਲ, ਕਾਫੀ ਰਹੇਗੀ: ਹੋਇਆ ਇਹ, 2001 ਦੀ ਮੌਨਸੂਨ ਦੀਆਂ ਭਾਰੀ ਬਰਸਾਤਾਂ ਵਿੱਚ ਬੰਨ੍ਹ ਦਾ ਇੱਕ ਹਿੱਸਾ ਵਹਿ ਗਿਆ। ਤਰੁੰਤ ਹੀ ਸਮੁੱਚਾ ਪਿੰਡ ਵਰ੍ਹਦੇ ਮੀਂਹ 'ਚ ਹੀ ਉਸ ਟੁੱਟੇ ਹਿੱਸੇ ਦੀ ਮੁੜ-ਉਸਾਰੀ ਕਰਨ ਲਈ ਸਾਰੀ ਰਾਤ ਕੰਮ 'ਚ ਰੁੱਝਾ ਰਿਹਾ। ਹਾਂ, ਤਲਾਬ ਦੇ ਪੂਰਾ ਹੋਣ ਤੋਂ ਪਹਿਲਾਂ, ਸਾਲ-ਭਰ ਪਹਿਲਾਂ ਹੀ, ਗਰਮੀਆਂ 'ਚ ਪੇਂਡੂਆਂ ਨੇ ਸਾਂਝੇ ਤੌਰ 'ਤੇ ਤਲਾਬ ਦੇ ਪੜਛਲ (ਬੈਡ) ਵਿੱਚ ਸਬਜ਼ੀਆਂ ਬੀਜ ਦਿੱਤੀਆਂ ਸਨ। ਉਪਰੰਤ; ਰਾਖਵੀਆਂ ਸਬਜ਼ੀਆਂ ਦਾ ਇੱਕ ਵੱਡਾ ਹਿੱਸਾ ਹਰ ਇੱਕ ਪਰਿਵਾਰ 'ਚ, ਜਿਨ੍ਹਾਂ ਨੇ ਫ਼ਸਲ ਉਗਾਉਣ ਲਈ ਇੱਕ-ਇੱਕ ਬੰਦਾ ਦਿੱਤਾ ਸੀ, ਵੰਡ ਦਿੱਤਾ ਗਿਆ। ਬਾਕੀ ਫ਼ਸਲ ਨੂੰ ਵੇਚ ਦਿੱਤਾ ਗਿਆ। ਵਿਕਰੀ ਦੇ ਪੈਸਿਆਂ ਨਾਲ ਤਿੰਨ ਹਜ਼ਾਰ ਰੁਪਏ ਦੀਆਂ ਮੱਛੀ ਦੀਆਂ ਪੂੰਗਾਂ ਖਰੀਦੀਆਂ ਗਈਆਂ ਅਤੇ ਤਲਾਬ ਵਿੱਚ ਪਾ ਦਿੱਤੀਆਂ ਗਈਆਂ ਅਤੇ ਪਲ ਜਾਣ 'ਤੇ ਮੱਛੀਆਂ ਨੂੰ, ਤਲਾਬ ਵੀ ਸਾਂਝਾ ਅਤੇ ਮੱਛੀਆਂ ਵੀ, ਇਵੇਂ ਹੀ ਵੰਡਿਆ-ਵੇਚਿਆ ਗਿਆ।

ਮੁੱਕਦੀ ਗੱਲ! ਤਾਲਾਬ ਰੁਜ਼ਗਾਰ ਅਤੇ ਭੋਜਨ ਦੇਣ ਲੱਗਾ ਅਤੇ ਸਾਂਵਾ ਪੌਣ-ਪਾਣੀ ਵੀ। 'ਪੌਣ-ਪਾਣੀ', ਜਿਹੜਾ 'ਸਰਕਾਰਾਂ' ਅਤੇ ਧੰਨ-ਕਬੇਰਾਂ ਨੇ ਖੋਹ ਲਿਆ ਸੀ ਅਤੇ ਉਨ੍ਹਾਂ ਦੀ ਸਹਿਜ-ਜ਼ਿੰਦਗੀ ਵੀ। ਜਿਸ ਬਾਰੇ ਉਨ੍ਹੀਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ। ਦਰਅਸਲ ਉਨ੍ਹੀਂ ਸਰਬੱਤ ਦਾ ਭਲਾ ਅਤੇ ਸਾਂਝੀਵਾਲਤਾ ਦੇ ਸਹਾਰੇ, ਸਹਿਜ ਜ਼ਿੰਦਗੀ ਜਿਉਣ ਦਾ ਰਾਹ ਲੱਭ ਲਿਆ ਸੀ। ਪਰ ਤੱਤ-ਰੂਪ ਵਿੱਚ ਉਨ੍ਹੀਂ ਇੱਕ ਲੰਬੀ ਲੜਾਈ ਲੜਨੀ ਸੀ, ਕੁਦਰਤ ਵਿਰੁੱਧ ਨਹੀਂ, ਕੁਦਰਤੀ ਨਿਆਂ ਦੇ ਦੁਸ਼ਮਣਾਂ ਵਿਰੁੱਧ!

## ਮਣਾਂ ਮੂੰਹੀਂ ਮੈਡਲ ਜਿੱਤਣ ਵਾਲਾ ਮਹਿੰਦਰ ਸਿੰਘ ਗਿੱਲ

ਕ੍ਰਾਈਸਟਚਰਚ ਵਿਖੇ ਰਾਸ਼ਟਰਮੰਡਲ ਖੇਡਾਂ ਵਿੱਚ ਉਹ ਭਾਰਤ ਦੇ ਪ੍ਰਧਾਨ ਮੰਤਰੀ ਦੇ ਦਖਲ ਨਾਲ ਹਿੱਸਾ ਲੈਣ ਗਿਆ। ਅਮਰੀਕਾ ਵਿੱਚ ਉਸ ਨੂੰ ਕੰਪਨੀ ਤੋਂ ਛੁੱਟੀ ਨਾ ਮਿਲੀ ਤਾਂ ਉਹ ਸੱਟ ਦਾ ਬਹਾਨਾ ਲੈ ਕੇ ਛੁੱਟੀ ਉੱਤੇ ਗਿਆ। 20 ਘੰਟਿਆਂ ਦੀ ਫਲਾਈਟ ਤੋਂ ਬਾਅਦ ਥੱਕੇ ਟੁੱਟੇ ਮਹਿੰਦਰ ਨੇ ਪੌਣੇ 54 ਫੁੱਟ ਤੋਂ ਵੱਧ ਛਾਲ ਲਗਾ ਕੇ ਚਾਂਦੀ ਦਾ ਤਮਗਾ ਜਿੱਤਿਆ। ਮਹਿੰਦਰ ਅਮਰੀਕਾ ਪੁੱਜਦਿਆਂ ਹੀ ਆਪਣੀ ਲੱਤ ਉਤੇ ਪੱਟੀ ਬੰਨ੍ਹ ਕੇ ਦਫਤਰ ਹਾਜ਼ਰ ਹੋਇਆ। ਅਥਲੈਟਿਕਸ ਫੀਲਡ ਵਿੱਚ 'ਲੁੱਕ ਲੁੱਕ ਲਾਈਆਂ ਪ੍ਰੀਤਾਂ' ਦੇ ਢੋਲ ਨਗਾਰੇ ਖੁੱਲ੍ਹੇਆਮ ਵੱਜ ਗਏ। ਅਖ਼ਬਾਰਾਂ ਦੀਆਂ ਸੁਰਖੀਆਂ ਨਾਲ ਉਸ ਦਾ ਚੋਰੀ ਛਿਪੇ ਜਾਣਾ ਕਿੱਥੇ ਲੁੱਕਿਆ ਜਾਣਾ ਸੀ! ਬੌਸ ਨੇ ਮਹਿੰਦਰ ਨੂੰ ਕਿਹਾ ਕਿ ਉਸ ਨੇ ਝੂਠ ਬੋਲਿਆ ਅਤੇ ਸੱਟ ਦਾ ਬਹਾਨਾ ਲਗਾ ਕੇ ਨਿਊਜ਼ੀਲੈਂਡ ਜਾ ਕੇ ਖੇਡਾਂ ਵਿੱਚ ਹਿੱਸਾ ਲਿਆ, ਜਿਸ ਕਰਕੇ ਕੰਪਨੀ ਨੂੰ ਉਸ ਦੀ ਕੋਈ ਲੋੜ ਨਹੀਂ। ਮਹਿੰਦਰ ਨੂੰ ਟਰਮੀਨੇਟ ਕਰ ਦਿੱਤਾ। ਉਹ ਕੰਪਨੀ ਦੇ ਦਫਤਰ ਤੋਂ ਸਿੱਧਾ ਸਟੇਡੀਅਮ ਗਿਆ, ਜਿੱਥੇ ਜਾ ਕੇ ਉਹ ਟਰੈਕ ਉਤੇ ਲੰਬਾ ਲੇਟ ਗਿਆ।

ਮਹਿੰਦਰ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਵੱਲੋਂ 1970 ਵਿੱਚ ਅਰਜੁਨਾ ਐਵਾਰਡ ਲਈ ਚੁਣਿਆ ਗਿਆ। ਅਥਲੈਟਿਕਸ ਫੈਡਰੇਸ਼ਨ ਨਾਲ ਖਟਾਸ ਦੇ ਰਿਸ਼ਤਿਆਂ ਦੇ ਚੱਲਦਿਆਂ ਉਹ ਇਹ ਐਵਾਰਡ ਲੈਣ ਵੀ ਭਾਰਤ ਨਾ ਗਿਆ। ਅਰਜੁਨਾ ਐਵਾਰਡ ਦੀ ਟਰਾਫੀ ਉਸ ਨੂੰ ਚਾਰ ਵਰ੍ਹਿਆਂ ਬਾਅਦ 1974 ਦੀਆਂ ਤਹਿਰਾਨ ਏਸ਼ਿਆਈ ਖੇਡਾਂ ਵਿੱਚ ਮਿਲਣੀ ਸੀ। ਤਹਿਰਾਨ ਵਿਖੇ ਮਹਿੰਦਰ ਨੇ ਸਵਾ 53 ਫੁੱਟ ਤੀਹਰੀ ਛਾਲ ਲਗਾ ਕੇ ਏਸ਼ੀਅਨ ਗੇਮਜ਼ ਵਿੱਚ ਚਾਂਦੀ ਦਾ ਤਮਗਾ ਜਿੱਤਿਆ। 1975 ਵਿੱਚ ਸੀਊ ਆਈਲੈਂਡ ਵਿਖੇ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਮੈਡਲ ਜਿੱਤ ਕੇ ਤਹਿਰਾਨ ਵਿਖੇ ਖੁੰਝੀ ਆਪਣੀ ਬਾਦਸ਼ਾਹਤ ਹਾਸਲ ਕੀਤੀ। ਇਸ ਦੇ ਨਾਲ ਹੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਉਸ ਦੀ ਗੋਲਡਨ ਹੈਟ੍ਰਿਕ ਵੀ ਪੂਰੀ ਹੋ ਗਈ। ਇਹ ਮਹਿੰਦਰ ਦਾ ਆਖ਼ਰੀ ਵੱਡਾ ਟੂਰਨਾਮੈਂਟ ਸੀ ਅਤੇ 1976 ਵਿੱਚ ਮਾਸਟਰ ਡਿਗਰੀ ਕਰਨ ਤੋਂ ਬਾਅਦ ਉਸ ਨੇ ਕੁੱਲਵਕਤੀ ਬਿਜ਼ਨਸ ਸ਼ੁਰੂ ਕਰ ਲਿਆ।

ਮਹਿੰਦਰ ਦੇ ਕਾਇਮ ਕੀਤੇ ਰਿਕਾਰਡ ਕਈ ਸਾਲ ਲਈ ਨਹੀਂ ਟੁੱਟੇ। ਤੀਹਰੀ ਛਾਲ ਵਿੱਚ ਮਹਿੰਦਰ ਦਾ ਕੌਮੀ ਰਿਕਾਰਡ 40 ਸਾਲ ਉਸ ਦੇ ਨਾਂ ਰਿਹਾ। ਕੈਲੀਫੋਰਨੀਆ ਪੋਲੀਟੈਕਨਿਕ ਸਟੇਟ ਯੂਨੀਵਰਸਿਟੀ ਵੱਲੋਂ ਉਸ ਨੂੰ 1993 ਵਿੱਚ 'ਹਾਲ ਆਫ ਫੇਮ' ਵਿੱਚ ਸ਼ਾਮਲ ਕੀਤਾ ਗਿਆ। 'ਹਾਲ ਆਫ ਫੇਮ' ਵਿੱਚ ਸ਼ਾਮਲ ਹੋਣ ਵਾਲਾ ਉਹ ਏਸ਼ੀਆ ਦਾ ਇਕਲੌਤਾ ਅਥਲੀਟ ਹੈ। ਮਹਿੰਦਰ ਇਲੱਸਟ੍ਰੇਟਿਡ ਵੀਕਲੀ ਪੰਨੇ ਦੇ ਟਾਈਟਲ ਪੰਨੇ ਉਤੇ ਵੀ ਛਪਦਾ ਰਿਹਾ। ਇੱਕ ਵਾਰ ਇਸ ਮੈਗਜ਼ੀਨ ਵੱਲੋਂ 10 ਚੋਟੀ ਦੇ ਜੱਟ ਸਿੱਖ ਕੱਢੇ ਗਏ, ਜਿਨ੍ਹਾਂ ਵਿੱਚੋਂ ਮਹਿੰਦਰ ਸਿੰਘ ਗਿੱਲ ਇੱਕ ਸੀ। ਸਿਲੀਕਨ ਵੈਲੀ ਵਿੱਚ 2015 'ਚ ਗਲੋਬ ਫਿਲਮ ਫੈਸਟੀਵਲ ਵਿੱਚ ਲਾਈਫ ਟਾਈਮ ਅਚੀਵਮੈਂਟ ਐਵਾਰਡ ਮਿਲਿਆ। ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਦਿੱਤਾ ਹੈ। ਅਮਰੀਕਾ ਰਹਿੰਦਿਆਂ ਉਸ ਨੇ ਭਾਰਤ ਦੇ 15 ਅਥਲੀਟਾਂ ਨੂੰ ਅਮਰੀਕਾ ਲਈ ਸਕਾਲਰਸ਼ਿਪ ਦਿਵਾਈ। ਪ੍ਰਿੰਸੀਪਲ ਸਰਵਣ ਸਿੰਘ ਉਸ ਨੂੰ 'ਅਲਸੀ ਦਾ ਫੁੱਲ' ਕਹਿੰਦੇ ਹਨ।

# ਸੰਤ ਸਿੰਘ ਸੇਖੋਂ ਦਾ ਨਾਟਕ-ਸਿਧਾਂਤ

ਆਧੁਨਿਕ ਪੰਜਾਬੀ ਸਾਹਿਤ ਤੇ ਆਲੋਚਨਾ ਦੇ ਇਤਿਹਾਸ ਵਿੱਚ ਸੰਤ ਸਿੰਘ ਸੇਖੋਂ ਨੂੰ ਇੱਕ ਬਹੁ-ਪੱਖੀ ਸਾਹਿਤਕਾਰ ਅਤੇ ਇੱਕ ਪ੍ਰਬੁੱਧ ਆਲੋਚਕ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਅਦਬ ਦੀ ਸਿਰਜਣਾ ਅਤੇ ਸਮੀਖਿਆ ਦੇ ਖੇਤਰ ਵਿੱਚ ਉਹ ਨਵੀਆਂ ਪੈੜਾਂ ਛੱਡਣ ਵਾਲਾ ਇੱਕ ਇਤਿਹਾਸਕ ਵਿਅਕਤੀ ਸਿੱਧ ਹੋਇਆ ਹੈ। ਸਾਹਿਤ-ਸ਼ਾਸਤਰ ਬਾਰੇ ਲਿਖੀ ਉਸਦੀ ਪੁਸਤਕ 'ਸਾਹਿਤਿਆਰਥ' ਅੱਜ ਵੀ ਖੋਜਾਰਥੀਆਂ ਲਈ ਪਵਿੱਤਰ ਗ੍ਰੰਥ ਦਾ ਦਰਜਾ

**ਡਾ. ਰਾਮ ਮੂਰਤੀ**

ਰੱਖਦੀ ਹੈ। ਸਾਹਿਤ ਦੇ ਮਨੋਰਥ, ਸਾਹਿਤ ਵਿੱਚ ਕਲਾ, ਪੁਰਾਣੇ ਤੇ ਨਵੇਂ ਸਾਹਿਤ ਆਦਿ ਪੱਖਾਂ ਬਾਰੇ ਮੌਲਿਕ ਧਾਰਨਾਵਾਂ ਨੂੰ ਪ੍ਰਸਤੁਤ ਕਰਦੀ ਇਸ ਪੁਸਤਕ ਦੇ ਜ਼ਿਕਰ ਤੋਂ ਬਿਨਾਂ ਪੰਜਾਬੀ ਆਲੋਚਨਾ ਦੇ ਇਤਿਹਾਸ ਦੀ ਗੱਲ ਅਧੂਰੀ ਸਮਝੀ ਜਾਂਦੀ ਹੈ।

ਸਿਰਜਣਾ ਦੇ ਖੇਤਰ ਵਿੱਚ ਵੀ ਉਸਨੇ ਨਵੇਂ ਮੀਲ-ਪੱਥਰ ਸਥਾਪਿਤ ਕੀਤੇ ਹਨ। ਪੰਜਾਬੀ ਕਹਾਣੀ ਨੂੰ ਜੋ ਸੂਖਮਤਾ ਉਸ ਨੇ ਬਖ਼ਸ਼ੀ ਹੈ, ਵਿਰਕ ਨੂੰ ਛੱਡ ਕੇ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਉਹ ਇੱਕ ਸਫ਼ਲ ਨਾਵਲਕਾਰ ਵੀ ਹੈ। 'ਲਹੂ-ਮਿੱਟੀ' ਨਾਵਲ ਦੇ ਹਾਣ ਦੀ ਯਥਾਰਥਵਾਦੀ ਰਚਨਾ ਪੰਜਾਬੀ ਨਾਵਲ ਦੇ ਇਤਿਹਾਸ ਵਿੱਚੋਂ ਲੱਭਣੀ ਬੜੀ ਮੁਸ਼ਕਿਲ ਹੈ। ਉਸਦੀ ਪ੍ਰਤੀਬੱਧਤਾ ਲੋਕ ਕਲਿਆਣ ਨਾਲ ਜੁੜੀ ਹੋਈ ਸੀ, ਇਸੇ ਕਰਕੇ ਉਹ ਸਾਰੀ ਉਮਰ ਮਾਰਕਸਵਾਦੀ ਵਿਚਾਰਧਾਰਾ ਦਾ ਅਨੁਯਾਈ ਤੇ ਪ੍ਰਚਾਰਕ ਰਿਹਾ, ਕਿਉਂਕਿ ਇਹ ਵਿਚਾਰਧਾਰਾ ਸਮਾਜਕ ਬਰਾਬਰੀ ਦੇ ਆਦਰਸ਼ ਨੂੰ ਪ੍ਰਨਾਈ ਹੋਈ ਵਿਚਾਰਧਾਰਾ ਹੈ। ਇਸ ਲਈ ਸੇਖੋਂ ਅਨੁਸਾਰ ਉਹ ਰਚਨਾ ਹੀ ਉੱਤਮ ਤੇ ਅਮਰ ਹੋ ਸਕਦੀ ਹੈ, ਜਿਸ ਦਾ ਕਿਰਦਾਰ ਲੋਕ-ਕਲਿਆਣ ਹੋਵੇ। ਉਸ ਦੀ ਸਾਰੀ ਸਿਰਜਣਾ 'ਚੋਂ ਇਹੋ ਸਿਧਾਂਤ ਬੋਲਦਾ ਰਿਹਾ। ਉਸ ਦੇ ਨਾਟਕਾਂ ਦਾ ਧੁਰਾ ਵੀ ਇਹੋ ਵਿਚਾਰਧਾਰਾ ਬਣਦੀ ਹੈ।

ਸੰਤ ਸਿੰਘ ਸੇਖੋਂ ਨੇ 'ਕਲਾਕਾਰ', 'ਨਾਰਕੀ', 'ਵਾਰਸ', 'ਭੂਮੀਦਾਨ', 'ਮੋਇਆ ਸਾਰ ਨਾ ਕਾਈ', 'ਬੇੜਾ ਬੰਧ ਨਾ ਸਕਿਓ', 'ਬਾਬਾ ਬੋਹੜ', 'ਦਮਯੰਤੀ', 'ਮਿੱਤਰ ਪਿਆਰਾ', 'ਸਿਆਲਾਂ ਦੀ ਨੱਢੀ' ਆਦਿ ਪੂਰੇ ਨਾਟਕਾਂ ਦੀ ਸਿਰਜਣਾ ਕੀਤੀ। ਇਸ ਤੋਂ ਇਲਾਵਾ 'ਤਪਿਆ ਕਿਉਂ ਖਪਿਆ', 'ਨਾਟ ਸੁਨੇਹੇ', 'ਸੁੰਦਰਪਣ', 'ਛੇ ਘਰ' ਆਦਿ ਉਸ ਦੇ ਇਕਾਂਗੀ-ਸੰਗ੍ਰਹਿ ਛਪੇ। ਇਸ ਤਰ੍ਹਾਂ ਪੰਜਾਬੀ ਨਾਟਕਾਂ ਤੋਂ ਇਕਾਂਗੀਆਂ ਦੀ ਰਚਨਾ ਉਸ ਨੇ ਵੱਡੀ ਪੱਧਰ 'ਤੇ ਕੀਤੀ ਤੇ ਇੱਕ ਸਮਰੱਥ ਨਾਟਕਕਾਰ ਹੋਣ ਦਾ ਲੋਹਾ ਮਨਵਾਇਆ। ਉਸਦੀਆਂ ਬਾਕੀ ਰਚਨਾਵਾਂ ਵਾਂਗ ਨਾਟਕ ਵਿੱਚੋਂ ਵੀ ਉਸਦਾ ਮੌਲਿਕ ਸਿਧਾਂਤ ਉਭਰ ਕੇ ਸਾਹਮਣੇ ਆਉਂਦਾ ਹੈ। ਉਹ ਹਰ ਕੰਮ ਲੀਹ ਤੋਂ ਹੱਟ ਕੇ ਕਰਦਾ ਰਿਹਾ ਹੈ ਤੇ ਇਹ ਵਰਤਾਰਾ ਉਸਦੀ ਨਾਟਕੀ-ਚੇਤਨਾ ਵਿੱਚ ਵੀ ਕਾਇਮ ਰਹਿੰਦਾ ਹੈ। ਆਪਣੇ ਤੋਂ ਪਹਿਲਾਂ ਭਾਰਤੀ ਤੇ ਪੰਜਾਬੀ ਨਾਟਕ ਦੀ ਇੱਕ ਦੀਰਘ ਪਰੰਪਰਾ ਮੌਜੂਦ ਸੀ, ਪਰ ਉਸ ਨੇ ਇਸਦਾ ਪ੍ਰਭਾਵ ਬਹੁਤਾ ਨਾ ਕਬੂਲਦਿਆਂ ਇੱਕ ਵੱਖਰੀ ਪ੍ਰਕਾਰ ਦਾ ਨਾਟਕ ਲਿਖਿਆ, ਜੋ ਉਸਨੂੰ ਸਮੁੱਚੀ ਪੰਜਾਬੀ ਨਾਟ-ਪਰੰਪਰਾ ਵਿੱਚ ਅਲੱਗ, ਪਛਾਣ ਦਾ ਧਾਰਨੀ ਬਣਾਉਂਦਾ ਹੈ। ਉਸਦੇ ਲਗਭਗ ਸਾਰੇ ਨਾਟਕ ਮਨੁੱਖ ਦੀਆਂ ਬੌਧਿਕ ਸਮੱਸਿਆਵਾਂ ਨਾਲ ਜੁੜੇ ਹੋਏ ਹਨ। ਉਸ ਦੇ ਪ੍ਰਮੁੱਖ ਨਾਟਕਾਂ ਦੇ ਪਾਤਰ ਪੜ੍ਹੇ-ਲਿਖੇ ਤੇ ਬੌਧਿਕ ਸੋਚ ਦੇ ਮਾਲਕ ਹਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਆਪਣੀ ਪ੍ਰਕਾਰ ਦੀਆਂ ਹਨ। ਆਪਣੀਆਂ ਇੱਛਾਵਾਂ ਤੇ ਸੁਪਨਿਆਂ ਦੀ ਪੂਰਤੀ ਲਈ ਉਹ ਉਧਾਲਿਆਂ ਵਿੱਚ ਯਕੀਨ ਰੱਖ ਕੇ ਭਾਂਜਵਾਦੀ ਅਖਵਾਉਣ ਦੀ ਥਾਂ ਆਪਣੇ ਬਿਬੇਕ ਦੁਆਰਾ ਸਮੱਸਿਆ ਨੂੰ ਸੁਲਝਾਉਣ ਵਿੱਚ ਕਾਮਯਾਬ ਹੁੰਦੇ ਹਨ।

ਉਸਦੇ ਨਾਟਕ 'ਕਲਾਕਾਰ' ਦੀ ਪਾਤਰ 'ਅਹੱਲਿਆ' ਆਪਣਾ ਨਗਨ-ਚਿੱਤਰ ਕਲਾਕਾਰ ਇੰਦਰ ਤੋਂ ਬਣਵਾਉਂਦੀ ਹੈ। ਪਰ ਜਦੋਂ ਇਸ ਗੱਲ ਦਾ ਪਤਾ ਉਸਦੇ ਪ੍ਰੋਫੈਸਰ ਲੱਗੇ ਪਤੀ ਗੌਤਮ ਨੂੰ ਲੱਗਦਾ ਹੈ ਤਾਂ ਉਹ ਉਸ ਨਾਲ ਨਾਰਾਜ਼ ਹੋ ਜਾਂਦਾ ਹੈ, ਪਰ ਅਹੱਲਿਆ ਆਪਣੇ ਬਿਬੇਕ ਤੇ ਤਰਕਯੋਗਤਾ ਨਾਲ ਉਸਨੂੰ ਸੰਤੁਸ਼ਟ ਕਰਾ ਦਿੰਦੀ ਹੈ। ਉਹ ਇਹ ਸਿੱਧ ਕਰ ਦਿੰਦੀ ਹੈ ਕਿ ਇੰਦਰ ਤੋਂ ਨਗਨ-ਚਿੱਤਰ ਖਿਚਵਾਉਣ ਨਾਲ ਉਸਦਾ ਆਪਣੇ ਪਤੀ ਪ੍ਰਤੀ ਪਿਆਰ ਘੱਟ ਨਹੀਂ ਹੋਇਆ। ਉਨ੍ਹਾਂ ਦਾ ਦਮਪਤੀ ਰਿਸ਼ਤਾ ਹਾਲੇ ਵੀ ਪਾਕਿ-ਪਵਿੱਤਰ ਹੈ। ਗੌਤਮ ਵੀ ਉਸਦੀਆਂ ਦਿੱਤੀਆਂ ਦਲੀਲਾਂ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਗੁੱਸਾ ਛੱਡ ਦਿੰਦਾ ਹੈ। ਇਸ ਤਰ੍ਹਾਂ ਇਹ ਨਾਟਕ ਇੱਕ ਸੁਖਾਂਤ-ਨਾਟਕ ਬਣ ਜਾਂਦਾ ਹੈ।

ਇਸ ਨਾਟਕ ਦੀ ਸਮੱਸਿਆ ਪਤੀ-ਪਤਨੀ ਦੇ ਰਿਸ਼ਤੇ ਦੀ ਪਾਕਿ-ਪਵਿੱਤਰਤਾ ਨੂੰ ਆਧੁਨਿਕ ਜੀਵਨ ਤੇ ਆਧੁਨਿਕ ਕਲਾ ਸੰਸਾਰ ਵਿੱਚ ਕਾਇਮ ਰੱਖਦੀ ਹੋਈ ਪਾਠਕ ਨੂੰ ਇਸ ਸਬੰਧੀ ਹੋਰ ਵੀ ਬੜਾ ਕੁਝ ਸੋਚਣ ਲਈ ਮਜ਼ਬੂਰ ਕਰਦੀ ਹੈ। ਪਤਨੀ, ਪਤੀ ਨਾਲ ਪ੍ਰਨਾਈ ਹੋਣ ਦੇ ਬਾਵਜੂਦ ਇੱਕ ਸੁਤੰਤਰ ਮਨੁੱਖੀ ਹੋਂਦ ਵੀ ਹੈ। ਉਸਦਾ ਆਪਣਾ ਅਸਤਿਤਵ, ਸੋਚ ਤੇ ਸੁਪਨੇ ਹਨ ਜੋ ਇਸ ਰਿਸ਼ਤੇ ਦੇ ਬੰਧਨ ਕਰਕੇ ਮਰਨੇ ਨਹੀਂ ਚਾਹੀਦੇ। ਭਾਰਤੀ ਪਤੀ ਨੂੰ ਆਪਣੀ ਪਤਨੀ ਉਪਰ ਯਕੀਨ ਤੇ ਭਰੋਸਾ ਕਰਨਾ ਚਾਹੀਦਾ ਹੈ ਤੇ ਉਸ ਨੂੰ ਇੱਕ ਸੁਤੰਤਰ ਮਨੁੱਖੀ ਹੋਂਦ ਹੋਣ ਦੀ ਮਾਨਤਾ ਦੇਣੀ ਚਾਹੀਦੀ ਹੈ। ਇਸ ਨਾਟਕ ਦਾ ਪਾਤਰ ਗੌਤਮ ਆਪਣੀ ਪਤਨੀ ਅਹੱਲਿਆ ਨੂੰ ਅਜਿਹੀ ਮਾਨਤਾ ਦਿੰਦਾ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਸੇਖੋਂ ਦੇ ਇਹ ਪਾਤਰ ਅਗਾਂਹਵਧੂ ਖ਼ਿਆਲਾਂ ਦੇ ਧਾਰਨੀ ਬਣ ਕੇ ਪਾਠਕ ਨੂੰ ਕੁਝ ਨਵਾਂ ਸੋਚਣ ਲਈ ਮਜ਼ਬੂਰ ਕਰਦੇ ਹਨ।

ਸੇਖੋਂ ਦੇ ਨਾਟਕਾਂ ਬਾਰੇ ਇਹ ਚਰਚਾ ਆਮ ਕੀਤੀ ਜਾਂਦੀ ਹੈ ਕਿ ਉਸਦੇ ਨਾਟਕ ਰੰਗ-ਮੰਚ ਉੱਪਰ ਖੇਡੇ ਨਹੀਂ ਜਾ ਸਕਦੇ, ਕਿਉਂਕਿ ਉਨ੍ਹਾਂ ਵਿੱਚ ਰੰਗਮੰਚੀ ਤੇ ਕਲਾਤਮਕ ਸੰਭਾਵਨਾਵਾਂ ਦੀ ਕਮੀ ਪਾਈ ਜਾਂਦੀ ਹੈ। ਇਸਦਾ ਕਾਰਨ ਸੇਖੋਂ ਦੇ ਨਾਟਕ-ਸਿਧਾਂਤ ਦੇ ਸਮਾਜ-ਮੁਖੀ ਹੋਣ ਵਿੱਚ ਨਿਹਿਤ ਹੈ। ਉਸਦਾ ਨਾਟਕ ਕਲਾ-ਮੁਖੀ ਨਹੀਂ, ਲੋਕ ਪੱਖੀ ਤੇ ਸਮਾਜ-ਮੁਖੀ ਹੈ। ਪਰ ਉਸਦੇ ਨਾਟਕਾਂ ਵਿੱਚੋਂ ਜੋ ਬੌਧਿਕ-ਸੂਜ ਉਤਪੰਨ ਹੁੰਦਾ ਹੈ, ਉਹ ਉਸਦੀ ਸਫ਼ਲਤਾ ਹੈ। ਪਾਠਕ ਨਾਟਕ ਨਾਲ ਜੁੜ ਕੇ ਉਸਨੂੰ ਪੜ੍ਹੇ ਬਗੈਰ ਛੱਡ ਨਹੀਂ ਸਕਦਾ। ਉਹ 'ਕਲਾਕਾਰ' ਹੋਵੇ, 'ਬਾਬਾ ਬੋਹੜ' ਹੋਵੇ ਜਾਂ 'ਇੱਕ ਐਤਵਾਰ' ਹੋਵੇ- ਪਾਠਕ ਨੂੰ ਇੱਕ ਵਿਸ਼ੇਸ਼ ਪ੍ਰਕਾਰ ਦਾ ਰਸ ਮਿਲਦਾ ਹੈ। ਉਸਦਾ ਆਪਣਾ ਵਿਚਾਰ ਹੈ:

ਸਭ ਤੋਂ ਜ਼ਰੂਰੀ ਗੱਲਾਂ ਨਾਟਕ ਲਈ ਦੋ ਹਨ- ਇੱਕ ਸਰੋਤਿਆਂ ਨੂੰ ਰਸ ਦੇਣਾ, ਜੋ ਵਧੇਰੇ ਚੁਸਤ ਤੇ ਚਤੁਰ ਗੱਲ-ਬਾਤ ਨਾਲ ਆਉਂਦਾ ਹੈ। ਦੂਜਾ ਬੁੱਧੀਮਾਨਾਂ ਲਈ ਕਿਸੇ ਕਲਮ-ਵਿਚਾਰ ਨੂੰ ਸਾਕਾਰ ਕਰਨਾ। *1

ਇਸ ਤਰ੍ਹਾਂ ਉਸਦੇ ਨਾਟਕਾਂ ਵਿੱਚੋਂ ਮਿਲਣ ਵਾਲੇ ਰੱਬ ਦੀ ਨਿਸ਼ਪੱਤੀ ਸਾਧਾਰਨ ਕਿਸਮ ਦੀ ਨਹੀਂ, ਬੌਧਿਕ ਪੱਧਰ ਦੀ ਹੈ। ਪੰਜਾਬੀ ਨਾਟਕ ਨੂੰ ਇਹ ਬੌਧਿਕ ਉਚਾਈ ਸੇਖੋਂ ਤੋਂ ਬਿਨਾਂ ਕਿਸੇ ਹੋਰ ਨੇ ਨਹੀਂ ਬਖ਼ਸ਼ੀ। ਬੌਧਿਕ-ਵਿਲਾਸ ਮਨੁੱਖ ਦੀ ਸਾਧਾਰਨ ਪ੍ਰਵਿਰਤੀ ਹੈ। ਇਸ ਨੂੰ ਸੰਤੁਸ਼ਟ ਕਰਨਾ ਵੀ ਜ਼ਰੂਰੀ ਹੈ। ਉਸ ਦੇ ਨਾਟਕਾਂ ਦਾ ਇਹੋ ਤੱਤ ਉਸ ਨੂੰ ਪੱਛਮੀ ਨਾਟ-ਸਿਧਾਂਤ, ਨਥਾਰਸਿਸ ਦੇ ਨੇੜੇ ਲੈ ਜਾਂਦਾ ਹੈ। ਉਸ ਦਾ ਨਾਟ-ਸਿਧਾਂਤ ਪਾਠਕ/ਦਰਸ਼ਕ ਦੇ ਖ਼ਿਆਲ ਨੂੰ ਬਹੁਤ ਉੱਚਾ ਲਿਜਾਣ ਤੇ ਜੀਵਨ ਦੇ ਉੱਚ-ਸਰੋਕਾਰਾਂ ਨਾਲ ਜੋੜਨ 'ਚ ਨਿਹਿਤ ਹੈ। ਉਸਦੇ ਨਾਟਕਾਂ ਦੀ ਇਹ ਪ੍ਰਵਿਰਤੀ ਉਸ ਨੂੰ 'ਬਰਨਾਡ ਸ਼ਾਅ', ਬਰੈਖਤ ਤੇ ਇਬਸਨ ਦੇ ਨਾਟ-ਸਿਧਾਂਤਾਂ ਦਾ ਧਾਰਨੀ ਬਣਾ ਦਿੰਦੀ ਹੈ। ਡਾ. ਸਤਨਾਮ ਸਿੰਘ ਜੱਸ ਦਾ ਮੱਤ ਹੈ:

ਸੰਤ ਸਿੰਘ ਸੇਖੋਂ ਨੇ ਪੱਛਮੀ ਨਾਟਕ ਕਲਾ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿੱਚ ਨਾਟਕ ਲਿਖਣਾ ਸ਼ੁਰੂ ਕੀਤਾ ਸੀ। ਉਸ ਨੇ ਪੱਛਮੀ ਨਾਟਕ ਕਲਾ ਦਾ ਨਾ ਕੇਵਲ ਧਿਆਨ ਨਾਲ ਅਧਿਐਨ ਹੀ ਕੀਤਾ ਸੀ, ਸਗੋਂ ਉਨ੍ਹਾਂ ਨਾਟਕਾਂ ਤੋਂ ਪ੍ਰਭਾਵਿਤ ਹੋ ਕੇ ਨਾਟਕ ਦੀ ਕਲਾ ਨੂੰ ਆਪਣੇ ਮਨ ਵਿੱਚ ਵੀ ਵਸਾ ਲਿਆ ਸੀ। ਸੰਤ ਸਿੰਘ ਸੇਖੋਂ ਉੱਤੇ ਬਰਨਾਰਡ ਸ਼ਾਅ, ਸ਼ੇਕਸਪੀਅਰ ਅਤੇ ਇਬਸਨ ਦੇ ਨਾਟਕਾਂ ਦਾ ਵਧੇਰੇ ਅਸਰ ਪਿਆ...ਸੇਖੋਂ ਨੂੰ ਬਰਨਾਰਡ ਸ਼ਾਅ ਦੇ ਨਾਟਕਾਂ ਵਿੱਚ ਬੌਧਿਕਤਾ ਦੇ ਹੋਣ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਇਹ ਪ੍ਰਭਾਵ ਸੇਖੋਂ ਦੇ ਨਾਟਕਾਂ ਵਿੱਚ ਅੰਤ ਤੱਕ ਰਿਹਾ ਹੈ। ਉਸਦੇ ਨਾਟ-ਸਿਧਾਂਤ ਵਿੱਚ ਵਿਚਾਰਾਂ ਨੂੰ ਪਹਿਲ ਦੇਣ ਪਿੱਛੇ ਬਰਨਾਰਡ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਪ੍ਰਭਾਵ ਉਸਦੀ ਕਲਾ ਉੱਤੇ ਪ੍ਰਤੱਖ ਰੂਪ ਵਿੱਚ ਦੇਖਿਆ ਜਾ ਸਕਦਾ ਹੈ। *2

ਉਪਰੋਕਤ ਖਿਆਲ ਦੀ ਰੌਸ਼ਨੀ ਵਿੱਚ ਉਸਦੇ ਨਾਟਕਾਂ ਨੂੰ ਰੰਗ ਮੰਚੀ ਸਾਰਥਕਤਾ ਦੀ ਦ੍ਰਿਸ਼ਟੀ ਤੋਂ ਉਣੇ ਆਖਣਾ ਇੱਕ ਤਰ੍ਹਾਂ ਦੀ ਬੇਇਨਸਾਫੀ ਹੈ। ਉਸਦਾ ਰੰਗਮੰਚੀ ਸਿਧਾਂਤ ਪੰਜਾਬੀ ਲੋਕ-ਯਾਨ ਤੇ ਲੋਕ-ਪਰੰਪਰਾਵਾਂ ਤੋਂ ਪ੍ਰੇਰਿਤ ਨਹੀਂ। ਪੰਜਾਬੀ ਰੰਗਮੰਚ ਦਾ ਕੋਈ ਵਿਸ਼ੇਸ਼ ਮਾਡਲ ਵੀ ਉਸਦਾ ਆਦਰਸ਼ ਨਹੀਂ। ਉਂਝ ਵੀ ਪੰਜਾਬੀ ਜਨ-ਸਾਧਾਰਨ ਨੂੰ ਬੌਧਿਕ ਸਰੋਕਾਰਾਂ ਨਾਲ ਜੁੜਨ ਦੀ ਆਦਤ ਘੱਟ ਹੈ ਅਤੇ ਪੰਜਾਬੀ ਲੋਕ-ਮਨ ਕਿਸੇ ਉਚੇਰੀ ਕਲਾਤਮਕ ਸੂਝ ਨੂੰ ਬੜੀ ਮੁਸ਼ਕਿਲ ਨਾਲ ਅਪਨਾਉਂਦਾ ਹੈ। ਇਸੇ ਲਈ ਸੇਖੋਂ ਆਖਦਾ ਹੈ ਕਿ ਉਸਦੀ ਕਲਾ ਦੇ ਹਾਣ ਦਾ ਰੰਗ-ਮੰਚ ਪੰਜਾਬੀ ਨਾਟਕ ਵਿੱਚ ਅਜੇ ਸਾਕਾਰ ਹੀ ਨਹੀਂ ਹੋਇਆ। ਇਸ ਸਬੰਧੀ ਨਾਟਕ 'ਦਮਯੰਤੀ' ਦੀ ਭੂਮਿਕਾ ਵਿੱਚ ਆਖੀ ਉਸਦੀ ਗੱਲ ਵਿੱਚ ਕਾਫੀ ਵਜ਼ਨ ਹੈ। ਉਹ ਆਖਦਾ ਹੈ, "ਇਸ ਨਾਟਕ ਦੇ ਰੰਗਮੰਚ ਉੱਤੇ ਖੇਡਣ ਬਾਰੇ ਕਈ ਪ੍ਰਕਾਰ ਦੀਆਂ ਕਠਿਨਾਈਆਂ ਪ੍ਰਤੀਤ ਕੀਤੀਆਂ ਜਾ ਸਕਦੀਆਂ ਹਨ, ਪਰ ਇਹ ਕਠਿਨਾਈਆਂ ਨਾਟਕ ਵਿੱਚ ਰੰਗਮੰਚ ਦੀ ਅਨੁਕੂਲਤਾ ਦੀ ਘਾਟ ਦੀਆਂ ਸੂਚਕ ਨਹੀਂ, ਇਹ ਅਸਾਡੀ ਰੰਗਮੰਚ ਦੀਆਂ ਕਮਜ਼ੋਰੀਆਂ ਦਾ ਪਰਿਣਾਮ-ਰੂਪ ਹਨ, ਕਿਉਂਕਿ ਅਸਾਡੀ ਰੰਗਮੰਚ ਪਾਸ ਕਿਸੇ ਵੀ ਵਡੇਰੇ ਦ੍ਰਿਸ਼ ਨੂੰ ਪੇਸ਼ ਕਰਨ ਦੀ ਸਮਰੱਥਾ ਨਹੀਂ।" *3

ਇਹ ਵੀ ਗੱਲ ਧਿਆਨ ਦੇਣਯੋਗ ਹੈ ਕਿ ਉਸ ਦੇ ਨਾਟਕਾਂ ਵਿਚਲੀ ਗਹਿਰ-ਗੰਭੀਰ ਰੰਗਮੰਚਤਾ ਨੂੰ ਜਗਾਉਣ ਵਾਲਾ ਸੂਖਮ ਭਾਵੀ ਨਿਰਦੇਸ਼ਕ ਵੀ ਹਾਲੇ ਪੈਦਾ ਨਹੀਂ ਹੋਇਆ। ਨਾਟਕ ਵਿਚਲੀ ਰੰਗਮੰਚੀ ਸੰਭਾਵਨਾ ਨੂੰ ਲਿਸ਼ਕਾਉਣ ਤੋਂ ਉਜਾਗਰ ਕਰਨ ਦੀ ਬਹੁਤੀ ਜ਼ਿੰਮੇਵਾਰੀ ਨਿਰਦੇਸ਼ਕ ਦੀ ਹੁੰਦੀ ਹੈ, ਨਾ ਕਿ ਨਾਟਕਕਾਰ ਦੀ। ਨਾਟਕਕਾਰ ਤਾਂ ਇੱਕ ਸਾਹਿਤਕਾਰ ਹੁੰਦਾ ਹੈ ਤੇ ਉਹ ਇੱਕ ਸਾਹਿਤਕ ਕਿਰਤ ਦਾ ਪ੍ਰਤਿਪਾਦਨ ਕਰਦਾ ਹੈ। ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਅਜਿਹੀਆਂ ਬੜੀਆਂ ਮਿਸਾਲਾਂ ਹਨ, ਜਦੋਂ ਰੰਗਮੰਚੀ ਸੰਭਾਵਨਾਵਾਂ ਤੋਂ ਸੱਖਣਾ ਕਿਹਾ ਜਾਂਦਾ ਨਾਟਕ ਰੰਗਮੰਚ ਉਤੇ ਸਫ਼ਲਤਾ ਸਹਿਤ ਖੇਡੇ ਜਾਣ ਤੋਂ ਬਾਅਦ ਨਿਰਦੇਸ਼ਕ ਦਾ ਨਾਟਕ ਬਣ ਗਿਆ।

ਸਾਨੂੰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸੇਖੋਂ ਦਾ ਨਾਟਕ ਘਟਨਾ ਪ੍ਰਧਾਨ ਨਹੀਂ, ਵਿਚਾਰ-ਪ੍ਰਧਾਨ ਹੈ। ਪਾਠਕ/ਦਰਸ਼ਕ ਨੂੰ ਘਟਨਾ ਪਰਪੰਚ ਨਾਲ ਜੋੜੀ ਰੱਖਣਾ ਸੌਖਾ ਹੁੰਦਾ ਹੈ, ਪਰ ਵਿਚਾਰ ਨਾਲ ਜੋੜ ਕੇ ਰੱਖਣਾ ਇੱਕ ਦੁਰਗਮ ਕਾਰਜ ਹੁੰਦਾ ਹੈ। ਇਹ ਦੁਰਗਮ ਕਾਰਜ ਸੇਖੋਂ ਨੇ ਸਿਦਕ-ਦਿਲੀ ਤੇ ਦ੍ਰਿੜ੍ਹਤਾ ਨਾਲ ਆਪਣੇ ਨਾਟਕਾਂ ਅਤੇ ਇਕਾਂਗੀਆਂ ਵਿੱਚ ਨਿਭਾਇਆ ਹੈ। ਮਾਰਕਸਵਾਦ ਦੇ ਗੂੜ੍ਹ ਸਿਧਾਂਤਾਂ ਨੂੰ ਇਹ ਪਾਤਰਾਂ ਦੇ ਮੂੰਹੋਂ ਰਸਾਤਮਨ ਤੇ ਦਿਲਚਸਪ ਬਣਾ ਕੇ ਇਸ ਢੰਗ ਨਾਲ ਬੁਲਾਉਂਦਾ ਹੈ ਕਿ ਉਹ ਪਾਠਕ ਦੇ ਜ਼ਿਹਨ ਦਾ ਹਿੱਸਾ ਸਹਿਜ ਰੂਪ ਵਿੱਚ ਹੀ ਬਣ ਜਾਂਦੇ ਹਨ। ਹਾਂ, ਕਿਤੇ ਕਿਤੇ ਪਾਠਕ ਨੂੰ ਗੱਲ ਸਮਝਣ ਲਈ ਆਪਣੇ ਦਿਮਾਗ 'ਤੇ ਜ਼ੋਰ ਵੀ ਦੇਣਾ ਪੈਂਦਾ ਹੈ। ਸਮਾਜਵਾਦੀ ਸਿਧਾਂਤ ਨੂੰ ਪ੍ਰਨਾਈ ਕਲਾ ਦਾ ਇਹ ਖਾਸਾ ਹੁੰਦਾ ਹੈ ਕਿ ਉਹ ਪਾਠਕ/ਦਰਸ਼ਕ ਨੂੰ ਸੋਚਣ ਲਈ ਮਜਬੂਰ ਕਰ ਦਿੰਦੀ ਹੈ। ਇਸੇ ਤਰ੍ਹਾਂ ਕਲਾ ਦਾ ਸਮਾਜਕ ਉਪਯੋਗ ਬਣਦਾ ਹੈ ਤੇ ਇਹ ਲੋਕ ਕਲਿਆਣ ਵਿੱਚ ਸਹਾਇਕ ਸਿੱਧ ਹੁੰਦੀ ਹੈ।

ਪੰਜਾਬ ਦੇ ਇਤਿਹਾਸ ਅਤੇ ਮਿਥਿਹਾਸ ਨੂੰ ਸੇਖੋਂ ਨੇ ਆਪਣੇ ਨਾਟਕਾਂ ਵਿੱਚ ਅਜੋਕੇ ਸੰਦਰਭਾਂ ਵਿੱਚ ਰੂਪਾਂਤ੍ਰਿਤ ਕਰਕੇ ਨਵੇਂ ਅਰਥਾਂ ਦਾ ਸੰਚਾਰ ਕੀਤਾ ਹੈ। 'ਕਲਾਕਾਰ' ਨਾਟਕ ਉਸਦੀ ਮਿੱਥ-ਰੂਪਾਂਤਰਨ ਕਰਨ ਦੀ ਬੇਜੋੜ ਸਮਰੱਥਾ ਦਾ ਲਖਾਇਕ ਹੈ। ਪੁਰਤਨ ਮਿੱਥ ਨੂੰ ਵਰਤਦਿਆਂ ਆਧੁਨਿਕ ਸਮੇਂ ਵਿੱਚ ਪਤੀ-ਪਤਨੀ ਦੇ ਰਿਸ਼ਤੇ ਨੂੰ ਪੁਨਰ-ਪਰਿਭਾਸ਼ਤ ਕਰਕੇ ਇਸਤਰੀ ਦੇ ਗੌਰਵਸ਼ੀਲ ਸੁਤੰਤਰ ਅਸਤਿਤਵ ਨੂੰ ਉਭਾਰਨ ਦੇ ਯਤਨ ਵਿੱਚ ਉਹ ਸਫ਼ਲ ਰਿਹਾ ਹੈ। 'ਦਮਯੰਤੀ' ਨਾਟਕ ਰਾਹੀਂ ਹੀ ਉਸਨੇ ਮਿਥਿਹਾਸ ਦੀ ਪੁਨਰ-ਵਿਆਖਿਆ ਕਰਨ ਦਾ ਉਪਰਾਲਾ ਕੀਤਾ ਹੈ। 'ਦਮਯੰਤੀ' ਦੀ ਕਹਾਣੀ ਦੇ ਆਧਾਰ 'ਤੇ ਉਹ ਕਹਿੰਦਾ ਹੈ, "ਮੇਰੇ ਵਿਚਾਰ ਵਿੱਚ ਇਸ ਕਥਾ ਦਾ ਭਾਵ ਮਨੁੱਖ ਦੀ ਪ੍ਰਕਿਰਤੀ ਦੀਆਂ ਸ਼ਕਤੀਆਂ ਨਾਲ ਇਸ ਧਰਤੀ ਉੱਤੇ ਅਧਿਕਾਰ ਪ੍ਰਾਪਤ ਕਰਨ ਲਈ ਕੀਤੀ ਗਈ ਸਾਧਨਾ ਹੈ। 'ਨਲ' ਮਨੁੱਖ ਹੈ ਤੇ 'ਦਮਯੰਤੀ' ਧਰਤੀ ਅਤੇ ਦੇਵਤੇ ਪ੍ਰਕਿਰਤੀ ਦੀਆਂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਕਿਸਾਨੀ ਦੇ ਸੰਘਰਸ਼ਮਈ ਜੀਵਨ ਦਾ ਲੇਖਕ ਸੀ ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਦੇ ਇੱਕ ਨਾਟਕਕਾਰ, ਗਲਪ-ਲੇਖਕ ਅਤੇ ਖੋਜੀ ਆਲੋਚਕ ਸਨ। ਉਨ੍ਹਾਂ ਨੂੰ 1972 ਵਿੱਚ ਨਾਟਕ 'ਮਿੱਤਰ ਪਿਆਰਾ' ਲਈ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। 1987 ਵਿੱਚ ਉਨ੍ਹਾਂ ਨੂੰ ਭਾਰਤ ਦਾ ਸੱਭ ਤੋਂ ਵੱਡਾ ਨਾਗਰਿਕ ਪੁਰਸਕਾਰ 'ਪਦਮਸ਼੍ਰੀ' ਦਿੱਤਾ ਗਿਆ। ਸੰਤ ਸਿੰਘ ਸੇਖੋਂ (30 ਮਈ 1908-7 ਅਕਤੂਬਰ 1997) ਦਾ ਜਨਮ ਸ. ਹੁਕਮ ਸਿੰਘ ਦੇ ਘਰ ਚੱਕ ਨੰਬਰ 70 ਫ਼ੈਸਲਾਬਾਦ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ।

ਬੀਰ ਖ਼ਾਲਸਾ ਹਾਈ ਸਕੂਲ ਵਿੱਚੋਂ ਦਸਵੀਂ ਪਾਸ ਕਰ ਕੇ ਉਚੇਰੀ ਸਿਖਿਆ ਲਈ ਉਹ ਐਫ਼.ਸੀ. ਕਾਲਜ ਲਾਹੌਰ ਵਿੱਚ ਦਾਖ਼ਲ ਹੋ ਗਏ। ਫਿਰ ਉਨ੍ਹਾਂ ਅੰਗਰੇਜ਼ੀ ਅਤੇ ਅਰਥ-ਵਿਗਿਆਨ ਵਿਸ਼ਿਆਂ ਵਿੱਚ ਪੋਸਟ ਗ੍ਰੈਜੂਏਸ਼ਨ ਕੀਤੀ। ਵਿਦਿਆਰਥੀ ਜੀਵਨ 'ਚ ਹੀ ਉਨ੍ਹਾਂ ਦਾ ਵਿਆਹ 1928 ਵਿੱਚ ਬੀਬੀ ਗੁਰਚਰਨ ਕੌਰ ਨਾਲ ਹੋ ਗਿਆ, ਜਿਸ ਤੋਂ ਉਨ੍ਹਾਂ ਦੇ ਘਰ ਚਾਰ ਲੜਕੀਆਂ ਅਤੇ ਇੱਕ ਲੜਕੇ ਨੇ ਜਨਮ ਲਿਆ।

ਸੇਖੋਂ ਨੇ 1931 ਤੋਂ 1951 ਤਕ ਲਗਭਗ 20 ਸਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਅੰਗਰੇਜ਼ੀ ਦੇ ਅਧਿਆਪਕ ਦਾ ਕਾਰਜ-ਭਾਰ ਸੰਭਾਲਿਆ। ਇਸੇ ਦੌਰਾਨ 1937 ਤੋਂ 1940 ਤਕ ਉਨ੍ਹਾਂ ਨੇ 'ਨਾਰਦਰਨ ਰੀਵਿਊ' ਨਾਂ ਦਾ ਅੰਗਰੇਜ਼ੀ ਸਪਤਾਹਿਕ ਵੀ ਸਫ਼ਲਤਾ ਪੂਰਵਕ ਜਾਰੀ ਰਖਿਆ। 1953 ਤੋਂ 1961 ਤਕ ਉਹ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ (ਲੁਧਿਆਣਾ) ਵਿਖੇ ਅੰਗਰੇਜ਼ੀ ਦੇ ਲੈਕਚਰਾਰ ਰਹੇ। ਪਿਛੋਂ ਕੁੱਝ ਸਮਾਂ ਉਨ੍ਹਾਂ ਨੇ ਪ੍ਰਿੰਸੀਪਲੀ ਵੀ ਕੀਤੀ।

ਸੰਤ ਸਿੰਘ ਸੇਖੋਂ ਨੇ ਲੇਖਣੀ ਦੀ ਸ਼ੁਰੂਆਤ ਅੰਗਰੇਜ਼ੀ ਭਾਸ਼ਾ ਤੋਂ ਕੀਤੀ, ਪਰ ਪ੍ਰਿੰਸੀਪਲ ਤੇਜਾ ਸਿੰਘ ਦੀ ਪ੍ਰੇਰਨਾ ਅਧੀਨ ਉਸ ਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਦੀਆਂ ਸਾਹਿਤਕ ਕਿਰਤਾਂ ਦੀ ਸੂਚੀ ਬਹੁਤ ਲੰਮੀ ਹੈ, ਜਿਨ੍ਹਾਂ ਵਿੱਚ ਨਾਟਕ, ਇਕਾਂਗੀ, ਕਹਾਣੀਆਂ, ਨਾਵਲ, ਕਵਿਤਾ, ਨਿਬੰਧ, ਆਲੋਚਨਾ, ਸਵੈਜੀਵਨੀ ਅਤੇ ਅਨੁਵਾਦ ਆਦਿ ਸ਼ਾਮਲ ਹਨ। ਸਕੂਲ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀਆਂ ਪਾਠ-ਪੁਸਤਕਾਂ 'ਚ ਉਸ ਦੀਆਂ ਰਚਨਾਵਾਂ ਪੜ੍ਹੀਆਂ-ਪੜ੍ਹਾਈਆਂ



ਸੰਤ ਸਿੰਘ ਸੇਖੋਂ

ਜਾਂਦੀਆਂ ਹਨ।

ਸਾਧਾਰਨ ਮਨੁੱਖ ਦੀ ਸਾਧਾਰਨਤਾ ਨੇ 'ਪੇਮੀ ਦੇ ਨਿਆਣੇ', 'ਇੱਕ ਸ਼ੋਧੇ ਦਾ ਚਲਾਣਾ', 'ਮੁੜ ਵਿਧਵਾ', 'ਮੀਂਹ ਜਾਵੇ ਹਨੇਰੀ ਜਾਵੇ' ਵਰਗੀਆਂ ਰਚਨਾਵਾਂ ਨੂੰ ਪੰਜਾਬੀ ਕਹਾਣੀ 'ਚ ਕਲਾਸਿਕ ਹੋਣ ਦਾ ਮਾਣ ਪ੍ਰਾਪਤ ਹੈ। ਉਸ ਦਾ ਨਾਵਲ 'ਲਹੂ ਮਿੱਟੀ' ਨਿਮਨ ਮੱਧ ਸ਼੍ਰੇਣੀ ਦੇ ਪੰਜਾਬੀ ਕਿਸਾਨੀ ਪਰਿਵਾਰ ਦੇ ਸੰਘਰਸ਼ਮਈ ਜੀਵਨ ਦਾ ਦਸਤਾਵੇਜ਼ ਹੈ। ਸੇਖੋਂ ਦੇ ਨਾਟਕ, ਨਾਵਲ ਅਤੇ ਕਹਾਣੀਆਂ ਇਸ ਧਾਰਨਾ ਉਤੇ ਮੋਹਰ ਲਾਉਂਦੇ ਹਨ।

ਮਹਾਰਾਜਾ ਰਣਜੀਤ ਸਿੰਘ, ਬਾਬਾ ਬੰਦਾ ਬਹਾਦਰ, ਕਾਰਲ ਮਾਰਕਸ ਅਤੇ ਅਬਰਾਹਮ ਲਿੰਕਨ ਇਨ੍ਹਾਂ ਪੁਰਖਿਆਂ ਦਾ ਸੁਪਨਈ ਸਰੂਪ ਸਨ। ਉਸ ਦੀ ਸੋਚ ਪੱਛਮੀ ਅਤੇ ਉਦਾਰ ਸੀ। 1937 ਵਿੱਚ ਉਨ੍ਹਾਂ ਨੇ 'ਨਾਰਦਰਨ ਰੀਵਿਊ' ਨਾਂ ਦਾ ਇੱਕ ਰਸਾਲਾ ਵੀ ਕੱਢਿਆ ਸੀ, ਜਿਸ ਵਿੱਚ ਅਪਣੀਆਂ ਅੰਗਰੇਜ਼ੀ ਰਚਨਾਵਾਂ ਛਾਪੀਆਂ। ਉਨ੍ਹਾਂ ਨੂੰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਸਾਹਿਤਕ ਸੰਸਥਾਵਾਂ ਨੇ ਆਪਣੇ ਖ਼ਰਚ ਉਤੇ ਸੱਦਿਆ ਤੇ ਨਿਵਾਜਿਆ। 1958 ਵਿੱਚ ਉਹ ਐਫ਼ਰੋ-ਏਸ਼ੀਅਨ ਰਾਈਟਰਜ਼ ਵੱਲੋਂ ਸੋਵੀਅਤ ਯੂਨੀਅਨ ਵੀ ਗਿਆ।

'ਲਹੂ ਮਿੱਟੀ' ਪੰਜਾਬੀ ਦਾ ਪਹਿਲਾ ਨਾਵਲ ਹੈ, ਜਿਹੜਾ ਗ਼ਰੀਬ ਕਿਸਾਨ ਵੱਲੋਂ ਆਪਣਾ ਘਰ-ਘਾਟ ਛੱਡ ਕੇ ਵਧੇਰੇ ਜ਼ਮੀਨ ਦੀ ਹੋੜ ਵਿੱਚ ਗੋਰੀ ਸਰਕਾਰ ਵਲੋਂ ਵਸਾਈਆਂ ਬਾਰਾਂ ਵਿੱਚ ਰਹਿਣ ਤੁਰ ਜਾਂਦਾ ਹੈ। ਨਾਇਕ ਦੇ ਮਾਤਾ-ਪਿਤਾ ਖ਼ੁਦ ਅਨਪੜ੍ਹ ਅਤੇ ਗ਼ਰੀਬ ਹੋਣ ਕਾਰਨ ਆਪਣੇ ਪੁੱਤਰ ਨੂੰ ਸਕੂਲ-ਕਾਲਜ ਤੋਂ ਵੀ ਉਚੇਰੀ ਵਿਦਿਆ ਦਿਵਾਉਂਦੇ ਆਪਣੀ ਜੱਦੀ ਭੋਂ ਤੋਂ ਵਾਂਝੇ ਹੋ ਜਾਂਦੇ ਹਨ ਅਤੇ ਨਹਿਰੀ ਬਸਤੀਆਂ ਦੇ ਵਸਨੀਕ ਹੋ ਕੇ ਇਹ ਧੋਣਾ ਧੋਣ ਦੀ ਓਹੜ-ਪੋਹੜ ਵਿੱਚ ਸੰਘਰਸ਼ ਕਰਦੇ ਵਿਖਾਏ ਗਏ ਹਨ।

'ਬਾਬਾ ਆਸਮਾਨ' ਦਾ ਨਾਇਕ ਸੇਵਾ ਸਿੰਘ ਵੀ ਨਵੀਆਂ ਚਰਾਂਦਾਂ ਦੀ ਭਾਲ ਵਿੱਚ ਸ਼ੰਘਾਈ ਰਾਹੀਂ ਅਮਰੀਕਾ ਜਾ ਕੇ ਮਜ਼ਦੂਰੀ ਕਰਨ ਲਗਦਾ ਹੈ ਤਾਂ ਗ਼ਦਰ ਪਾਰਟੀ ਦਾ ਮੈਂਬਰ ਬਣ ਕੇ ਵਾਪਸ ਲੁਧਿਆਣਾ ਵਾਲੇ ਜੱਦੀ ਪਿੰਡ ਰਹਿਣ ਲਗਦਾ ਹੈ। ਉਹ ਇਥੇ ਆ ਕੇ ਖ਼ੁਸ਼ ਤਾਂ ਨਹੀਂ, ਪਰ ਉਸ ਕੋਲ ਹੋਰ ਚਾਰਾ ਵੀ ਕੋਈ ਨਹੀਂ। ਲੇਖਕ ਦੀ ਸਵੈ-ਜੀਵਨੀ ਦੀ ਝਲਕ ਵਾਲੇ ਇਹ ਨਾਵਲ ਏਨੇ ਮਕਬੂਲ ਨਹੀਂ ਹੋਏ, ਜਿੰਨੀ ਉਸ ਦੀ ਚਾਹਨਾ ਸੀ।

*-ਪੰਜਾਬੀ ਪਰਵਾਜ਼ ਬਿਊਰੋ*

# ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ...

**ਹਰਜੋਤ ਸਿੰਘ ਸਿੱਧੂ***
**ਫੋਨ: +91-9854800075**



ਲਾਹੌਰ ਸੈਂਟਰਲ ਜੇਲ੍ਹ (ਜਿਸ ਨੂੰ ਕੋਟ ਲੱਖਪਤ ਜੇਲ੍ਹ ਵੀ ਕਿਹਾ ਜਾਂਦਾ ਸੀ) ਦੀਆਂ ਚਾਰ ਦੀਵਾਰਾਂ 'ਚ ਚੜ੍ਹਦੀ ਉਮਰੇ ਸੈਂਕੜੇ ਵਤਨਪ੍ਰਸਤਾਂ ਨੇ ਸ਼ਾਹਦਤਾਂ ਦਿੱਤੀਆਂ। ਅੱਜ ਤੋਂ 108 ਸਾਲ ਪਹਿਲਾਂ ਇੱਕ 19 ਸਾਲਾ ਪੰਜਾਬ ਦੇ ਨੌਜਵਾਨ ਨੇ ਇਸੇ ਜੇਲ੍ਹ 'ਚ ਹੱਸ ਕੇ ਫਾਂਸੀ ਦੇ ਰੱਸੇ ਨੂੰ ਚੁੰਮਿਆ, ਉਸ ਦਾ ਉਦੇਸ਼ ਇੱਕੋ ਸੀ- 'ਆਪਣੀ ਧਰਤੀ ਨੂੰ ਗੋਰਿਆਂ ਦੀ ਹਕੂਮਤ ਤੋਂ ਆਜ਼ਾਦ ਕਰਵਾਉਣਾ।'

ਭਗਤ ਸਿੰਘ ਵੀ ਉਸ ਨੌਜਵਾਨ ਤੋਂ ਬਹੁਤ ਪ੍ਰਭਾਵਤ ਸਨ ਅਤੇ ਉਸ ਨੌਜਵਾਨ ਨੂੰ ਆਪਣਾ ਹੀਰੋ/ਨਾਇਕ ਮੰਨਦੇ ਸਨ। ਭਗਤ ਸਿੰਘ ਹਮੇਸ਼ਾ ਆਪਣੀ ਜੇਬ 'ਚ ਇਸ ਨੌਜਵਾਨ ਦੀ ਫ਼ੋਟੋ ਰੱਖਦੇ। ਭਗਤ ਸਿੰਘ ਦੇ ਮਾਤਾ ਜੀ ਦੇ ਦੱਸਣ ਅਨੁਸਾਰ "ਬਹੁਤ ਵਾਰੀ ਭਗਤ ਸਿੰਘ ਮੈਨੂੰ ਉਹ ਫੋਟੋ ਦਿਖਾਉਂਦਾ ਅਤੇ ਕਹਿੰਦਾ, 'ਪਿਆਰੀ ਮਾਂ, ਇਹ ਮੇਰਾ ਨਾਇਕ, ਦੋਸਤ ਅਤੇ ਸਾਥੀ ਹੈ।" ਜਦੋਂ ਅੰਗਰੇਜ਼ਾਂ ਨੇ ਭਗਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਸ ਦੀ ਜੇਬ ਵਿੱਚੋਂ ਕਰਤਾਰ ਸਿੰਘ ਦੀ ਫ਼ੋਟੋ ਮਿਲੀ।

ਜਦ ਆਪਾਂ ਲੁਧਿਆਣਾ ਤੋਂ ਪੱਖੋਵਾਲ ਰੋਡ 'ਤੇ ਸਫ਼ਰ ਕਰਦੇ ਹਾਂ ਤਾਂ ਇਸ ਮਹਾਨ ਕ੍ਰਾਂਤੀਕਾਰੀ ਸ਼ਹੀਦ ਕਰਤਾਰ ਸਿੰਘ ਦਾ ਪਿੰਡ 'ਸਰਾਭਾ' ਆਉਂਦਾ ਹੈ। ਪੰਜਾਬ ਦੇ ਕਰੀਬ ਕਰੀਬ ਹਰ ਪਿੰਡ ਦਾ ਨਾਮ ਸ਼ਹਾਦਤਾਂ ਅਤੇ ਸ਼ਹੀਦਾਂ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਪਿੰਡਾਂ ਦੇ ਨਾਂਵਾਂ 'ਚੋ ਵਤਨਪ੍ਰਸਤੀ, ਦਲੇਰੀ, ਦੇਸ਼ ਭਗਤੀ, ਦ੍ਰਿੜਤਾ ਦੀ ਝਲਕ ਆਉਂਦੀ ਹੈ। ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੇ ਮੈਂਬਰਾਂ ਵਿੱਚੋਂ ਸਭ ਤੋਂ ਛੋਟੀ ਉਮਰ ਦੇ ਸਨ। ਪੰਜਾਬ ਦੇ ਪਿੰਡ ਭਕਨਾ ਤੋਂ ਸੋਹਣ ਸਿੰਘ ਭਕਨਾ, ਸੁਨਾਮ ਤੋਂ ਊਧਮ ਸਿੰਘ, ਜ਼ਿਲਾ ਸੰਗਰੂਰ ਤੋਂ ਗੁਲਾਬ ਕੌਰ, ਹੁਸ਼ਿਆਰਪੁਰ ਤੋਂ ਹਰਨਾਮ ਸਿੰਘ 'ਟੁੰਡੀਲਾਟ', ਕੇਸਰ ਸਿੰਘ, ਬਾਬਾ ਜਵਾਲਾ ਸਿੰਘ, ਲਾਲਾ ਹਰਦਿਆਲ ਅਤੇ ਹੋਰ ਬਹੁਤ ਕ੍ਰਾਂਤੀਕਾਰੀ ਇਸ ਮੁਹਿੰਮ ਵਿੱਚ ਸ਼ਾਮਿਲ ਸਨ।

ਕਰਤਾਰ ਸਿੰਘ ਸਰਾਭਾ ਦਾ ਜਨਮ ਲੁਧਿਆਣਾ ਦੇ ਪਿੰਡ ਸਰਾਭਾ ਵਿੱਚ 24 ਮਈ 1896 ਨੂੰ ਮਾਤਾ ਸਾਹਿਬ ਕੌਰ ਅਤੇ ਪਿਤਾ ਮੰਗਲ ਸਿੰਘ ਗਰੇਵਾਲ ਦੇ ਘਰ ਹੋਇਆ। ਕਰਤਾਰ ਸਿੰਘ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਦਾਦਾ ਜੀ ਨੇ ਕੀਤਾ, ਕਿਉਂਕਿ ਉਨ੍ਹਾਂ ਦੇ ਪਿਤਾ ਬਚਪਨ 'ਚ ਅਕਾਲ ਚਲਾਣਾ ਕਰ ਗਏ ਸਨ।

ਜਦੋਂ ਉਹ ਪੰਦਰਾਂ ਸਾਲਾਂ ਦਾ ਸੀ ਤਾਂ ਉਨ੍ਹਾਂ ਦੇ ਪਰਿਵਾਰ ਨੇ ਉਸਨੂੰ ਕੰਮ ਅਤੇ ਪੜ੍ਹਾਈ ਕਰਨ ਲਈ ਅਮਰੀਕਾ ਇੱਕ ਜਹਾਜ਼ ਰਾਹੀਂ ਭੇਜਿਆ। ਇਹ ਜਹਾਜ਼ ਜਨਵਰੀ 1912 ਵਿਚ ਸੈਨ ਫਰਾਂਸਿਸਕੋ ਦੀ ਅਮਰੀਕੀ ਬੰਦਰਗਾਹ 'ਤੇ ਉਤਰਿਆ। ਉਸ ਸਮੇਂ ਏਸ਼ੀਅਨ ਪਰਵਾਸੀਆਂ ਦੀ ਸਖ਼ਤ ਪੁੱਛਗਿੱਛ ਕੀਤੀ ਜਾਂਦੀ ਸੀ, ਜਦਕਿ ਪੱਛਮੀ ਯੂਰਪੀਅਨ ਦੇਸ਼ਾਂ ਦੇ ਲੋਕਾਂ ਨੂੰ ਮਾਮੂਲੀ ਜਾਂਚ ਤੋਂ ਬਾਅਦ ਲੰਘਣ ਦਿੱਤਾ ਜਾਂਦਾ ਸੀ। ਆਪਣੇ ਇੱਕ ਸਾਥੀ ਮੁਸਾਫਰ ਤੋਂ ਇਹ ਪੁੱਛਣ 'ਤੇ ਕਿ ਅਜਿਹਾ ਕਿਉਂ ਹੋ ਰਿਹਾ ਹੈ, ਉਸ ਨੂੰ ਕਿਹਾ ਗਿਆ, "ਭਾਰਤੀ ਇੱਕ ਗੁਲਾਮ ਦੇਸ਼ ਦੇ ਨਾਗਰਿਕ ਹਨ। ਇਸ ਲਈ ਉਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ।"

ਇਸ ਘਟਨਾ ਦਾ ਸਰਾਭਾ 'ਤੇ ਬਹੁਤ ਪ੍ਰਭਾਵ ਪਿਆ। ਅਮਰੀਕਾ 'ਚ ਉਨ੍ਹਾਂ ਦਿਨਾਂ 'ਚ ਨਸਲੀ ਭੇਦਭਾਵ ਦੇ ਵਿਰੁੱਧ ਬਾਬਾ ਸੋਹਣ ਸਿੰਘ ਬਕਨਾ, ਹਰਨਾਮ ਸਿੰਘ ਟੁੰਡੀਲਾਟ ਅਤੇ ਹੋਰ ਸਾਥੀ ਭਾਰਤੀ ਮਜ਼ਦੂਰਾਂ ਨੂੰ ਸੰਗਠਿਤ ਕਰਨ 'ਚ ਲੱਗੇ ਹੋਏ ਸਨ। ਜਵਾਲਾ ਸਿੰਘ ਦੀ ਪ੍ਰੇਰਨਾ ਸਦਕਾ ਕਰਤਾਰ ਸਿੰਘ ਨੇ ਬਰਕਲੇ ਯੂਨੀਵਰਸਿਟੀ ਵਿੱਚ ਦਾਖਲਾ ਲਿਆ। ਜਦੋਂ ਸਮਾਂ ਮਿਲਦਾ, ਉਹ ਅਕਸਰ ਭਾਰਤ ਲਈ ਆਜ਼ਾਦੀ ਜਿੱਤਣ ਬਾਰੇ ਹੋਰ ਭਾਰਤੀਆਂ ਨਾਲ ਗੱਲ ਕਰਦਾ।




21 ਅਪਰੈਲ 1913 ਨੂੰ ਕੈਲੀਫੋਰਨੀਆ ਦੇ ਭਾਰਤੀ ਇਕੱਠੇ ਹੋਏ ਅਤੇ ਗਦਰ ਪਾਰਟੀ ਦਾ ਗਠਨ ਕੀਤਾ। ਗ਼ਦਰ ਪਾਰਟੀ ਦਾ ਉਦੇਸ਼ ਹਥਿਆਰਬੰਦ ਸੰਘਰਸ਼ ਰਾਹੀਂ ਭਾਰਤ ਨੂੰ ਬ੍ਰਿਟਿਸ਼ ਸ਼ਾਸਨ ਦੀ ਗੁਲਾਮੀ ਤੋਂ ਮੁਕਤ ਕਰਵਾਉਣਾ ਅਤੇ ਭਾਰਤ ਵਿੱਚ ਇੱਕ ਰਾਸ਼ਟਰੀ ਲੋਕਤੰਤਰੀ ਸਰਕਾਰ ਦੀ ਸਥਾਪਨਾ ਕਰਨਾ ਸੀ। ਉਨ੍ਹਾਂ ਦਾ ਨਾਅਰਾ ਸੀ- "ਦੇਸ਼ ਦੀ ਆਜ਼ਾਦੀ ਲਈ ਸਭ ਕੁਝ ਦਾਅ 'ਤੇ ਲਗਾਓ।"

ਪਹਿਲੀ ਨਵੰਬਰ 1913 ਨੂੰ ਗ਼ਦਰ ਪਾਰਟੀ ਨੇ 'ਗ਼ਦਰ' ਨਾਂ ਦਾ ਅਖ਼ਬਾਰ ਛਾਪਣਾ ਸ਼ੁਰੂ ਕੀਤਾ ਜੋ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਅਤੇ ਪੁਸ਼ਤੋ ਭਾਸ਼ਾਵਾਂ ਵਿੱਚ ਛਪਦਾ ਸੀ। ਇਸ ਅਖ਼ਬਾਰ ਦਾ ਸਾਰਾ ਕੰਮ ਕਰਤਾਰ ਸਿੰਘ ਦੇਖਦੇ ਸਨ। ਇਹ ਅਖ਼ਬਾਰ ਦੁਨੀਆ ਭਰ ਦੇ ਸਾਰੇ ਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਭੇਜਿਆ ਜਾਂਦਾ ਸੀ। ਇਸਦਾ ਉਦੇਸ਼ ਭਾਰਤੀਆਂ ਨੂੰ ਬ੍ਰਿਟਿਸ਼ ਸ਼ਾਸਨ ਦੀ ਸੱਚਾਈ ਨੂੰ ਉਜਾਗਰ ਕਰਨਾ, ਫੌਜੀ ਸਿਖਲਾਈ ਦੇਣਾ, ਪਾਰਟੀ 'ਚ ਭਰਤੀ ਆਦਿ ਸੀ। ਥੋੜ੍ਹੇ ਹੀ ਸਮੇਂ ਵਿੱਚ ਗ਼ਦਰ ਪਾਰਟੀ ਆਪਣੇ ਅੰਗ 'ਗਦਰ' ਰਾਹੀਂ ਬਹੁਤ ਮਸ਼ਹੂਰ ਹੋ ਗਈ। ਇਸਨੇ ਹਰ ਖੇਤਰ ਦੇ ਭਾਰਤੀਆਂ ਨੂੰ ਆਪਣੇ ਵੱਲ ਖਿੱਚਿਆ।

1914 ਵਿੱਚ ਪਹਿਲੇ ਵਿਸ਼ਵ ਯੁੱਧ ਦੇ ਇਸ ਮੌਕੇ ਦਾ ਪੂਰਾ ਲਾਭ ਉਠਾਉਣ ਲਈ ਗਦਰ ਪਾਰਟੀ ਨੇ ਆਪਣੀ ਸਰਗਰਮਤਾ ਵਧਾਈ। ਸਰਾਭਾ ਤੇ ਹੋਰ ਸਾਥੀ ਕੋਲੰਬੋ ਰਾਹੀਂ ਕਲਕੱਤਾ ਪਹੁੰਚੇ। ਕਰਤਾਰ ਸਿੰਘ ਨੇ ਮਿਲਣੀ ਦੌਰਾਨ ਰਾਸ ਬਿਹਾਰੀ ਬੋਸ ਨੂੰ ਦੱਸਿਆ ਕਿ 20,000 ਹੋਰ ਗਦਰ ਕਾਰਜਕਰਤਾ ਭਾਰਤ ਪਹੁੰਚ ਸਕਦੇ ਹਨ। ਸਰਕਾਰ ਵੱਖੋ-ਵੱਖਰੀਆਂ ਬੰਦਰਗਾਵਾਂ ਤੇ ਪਾਰਟੀ ਕਾਰਜਕਰਤਾਵਾਂ ਨੂੰ ਗ੍ਰਿਫ਼ਤਾਰ ਕਰ ਰਹੀ ਸੀ। ਇਸ ਦੇ ਬਾਵਜੂਦ ਲੁਧਿਆਣਾ ਦੇ ਇੱਕ ਪਿੰਡ ਵਿੱਚ ਗਦਰ ਪਾਰਟੀ ਦੀ ਸਭਾ ਹੋਈ। ਸੰਘਰਸ਼ ਨੂੰ ਤੇਜ਼ ਕਰਨ ਅਤੇ ਆਰਥਿਕ ਸੰਕਟ ਨੂੰ ਨਜਿੱਠਣ ਦੀ ਰਣਨੀਤੀ ਤਿਆਰ ਕੀਤੀ ਗਈ। 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਦੇ ਆਉਣ ਤੋਂ ਬਾਅਦ 21 ਫਰਵਰੀ ਨੂੰ ਅੰਦੋਲਨ ਸ਼ੁਰੂ ਕਰਨਾ ਤੈਅ ਹੋਇਆ। ਇੱਕ ਮੁਖ਼ਬਰ ਨੇ ਅੰਗਰੇਜ਼ੀ ਪੁਲਿਸ ਦੇ ਸਾਹਮਣੇ ਦਲ ਦੀ ਯੋਜਨਾ ਨੂੰ ਲੀਕ ਕੀਤਾ। ਪੁਲਿਸ ਨੇ ਕਈ ਗਦਰ ਪਾਰਟੀ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਮੁਹਿੰਮ ਦੀ ਅਸਫਲਤਾ ਦੇ ਬਾਅਦ ਸਾਰੇ ਲੋਕ ਨੇ ਅਫਗਾਨਿਸਤਾਨ ਜਾਣ ਦੀ ਯੋਜਨਾ ਤਿਆਰ ਕੀਤੀ, ਪਰ ਵਿਚਕਾਰ ਰਾਹ ਵਿੱਚ ਹੀ ਕਰਤਾਰ ਸਿੰਘ ਨੇ ਆਪਣੇ ਗ੍ਰਿਫਤਾਰ ਸਾਥੀਆਂ ਕੋਲ ਵਾਪਸ ਜਾਣ ਦਾ ਫੈਸਲਾ ਕਰ ਲਿਆ। 2 ਮਾਰਚ 1915 ਨੂੰ ਕਰਤਾਰ ਸਿੰਘ ਆਪਣੇ ਦੋ ਸਾਥੀਆਂ ਦੇ ਨਾਲ ਵਾਪਿਸ ਲਾਇਲਪੁਰ, ਚੌਕੀ-5 ਪਹੁੰਚੇ। ਉਥੇ ਵਿਦਰੋਹ ਕਰਨ 'ਤੇ ਕਰਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

1914-15 ਦੇ ਇਸ ਪਹਿਲੇ ਸਾਜ਼ਿਸ਼ ਕੇਸ ਵਿੱਚ 24 ਗਦਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਕਰਤਾਰ ਸਿੰਘ ਉਨ੍ਹਾਂ ਵਿੱਚੋਂ ਇੱਕ ਸੀ। ਅਦਾਲਤ ਨੇ ਕਿਹਾ ਕਿ ਕਰਤਾਰ ਸਿੰਘ ਸਾਰੇ ਬਾਗੀਆਂ ਵਿੱਚੋਂ ਸਭ ਤੋਂ ਖ਼ਤਰਨਾਕ ਹੈ- "ਉਸ ਨੂੰ ਆਪਣੇ ਵੱਲੋਂ ਕੀਤੇ ਅਪਰਾਧਾਂ 'ਤੇ ਬਹੁਤ ਮਾਣ ਹੈ। ਉਹ ਰਹਿਮ ਦਾ ਹੱਕਦਾਰ ਨਹੀਂ ਹੈ ਅਤੇ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।" ਕਰਤਾਰ ਸਿੰਘ ਨੂੰ 16 ਨਵੰਬਰ 1915 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ, ਜਦੋਂ ਉਹ ਸਿਰਫ਼ 19 ਸਾਲ ਦਾ ਸੀ।

ਕਰਤਾਰ ਸਿੰਘ ਸਰਾਭਾ ਦੀਆਂ ਇਹ ਕ੍ਰਾਂਤਿਕਾਰੀ ਸਤਰਾਂ ਭਗਤ ਸਿੰਘ ਵੀ ਅਕਸਰ ਗੁਣਗੁਣਾਇਆ ਕਰਦੇ ਸਨ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ 'ਚ ਪੈਰ ਪਾਇਆ
ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਆਜ਼ਾਦੀ ਤੋਂ ਪਹਿਲਾਂ ਪੰਜਾਬ ਦੇ ਨੌਜਵਾਨਾਂ ਨੇ ਦੇਸ਼ ਲਈ ਆਜ਼ਾਦੀ ਸੰਘਰਸ਼ 'ਚ ਵਧ-ਚੜ੍ਹ ਕੇ ਸ਼ਹਾਦਤਾਂ ਦਿੱਤੀਆਂ। ਹੁਣ ਆਜ਼ਾਦੀ ਤੋਂ ਬਾਅਦ ਅੱਜ ਤੱਕ ਵੀ ਪੰਜਾਬ ਦੇ ਨੌਜਵਾਨ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਜ਼ਿੰਦਗੀ ਦੇਸ਼ ਦੇ ਲੇਖੇ ਲਾਉਂਦੇ ਨੇ। ਪਿਛਲੇ ਦਿਨੀਂ ਇੱਕ ਬਜ਼ੁਰਗ ਨੇ ਮੈਨੂੰ ਦਿਲ ਟੁੰਬਵੀਂ ਗੱਲ ਕਹੀ, "ਬੇਟਾ ਸ਼ਹੀਦ ਦੇਸ਼ ਅਤੇ ਕੌਮ ਦਾ ਮਾਣ ਹੁੰਦੇ ਹਨ। ਸ਼ਹੀਦਾਂ ਦੀ ਪ੍ਰਸ਼ੰਸਾ ਕਰਨੀ, ਰੱਬ ਦੀ ਪ੍ਰਸ਼ੰਸਾ ਕਰਨ ਦੇ ਬਰਾਬਰ ਹੈ।"

---

***ਡਾਇਰੈਕਟਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ।**

# ਸੰਤ ਸਿੰਘ ਸੇਖੋਂ ਦਾ ਨਾਟਕ-ਸਿਧਾਂਤ

ਵੱਖ-ਵੱਖ ਸ਼ਕਤੀਆਂ।" *4

ਇਸ ਤਰ੍ਹਾਂ ਸੇਖੋਂ ਮਿਥਿਹਾਸ ਨੂੰ ਮਨੁੱਖੀ ਜੀਵਨ ਦਾ ਉਹ ਪੜਾਅ ਮੰਨਦਾ ਹੈ, ਜਿਥੇ ਪ੍ਰਕਿਰਤਕ ਸ਼ਕਤੀਆਂ ਉੱਪਰ ਕਾਬੂ ਪਾਉਣ ਲਈ ਮਨੁੱਖ ਨੂੰ ਸੰਘਰਸ਼ ਕਰਨਾ ਪਿਆ। ਉਹ ਮਿਥਿਹਾਸ ਨੂੰ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਦੇਖਦਿਆਂ ਉਸਦਾ ਪੁਨਰ-ਮੁਲਾਂਕਣ ਕਰਦਾ ਹੈ।

ਇਤਿਹਾਸ ਪ੍ਰਤੀ ਵੀ ਉਸਦੀ ਇਹੋ ਦ੍ਰਿਸ਼ਟੀ ਹੈ। ਉਸਦੇ ਨਾਟਕਾਂ ਵਿਚਲੀ ਇਤਿਹਾਸਕ ਦ੍ਰਿਸ਼ਟੀ ਸਬੰਧੀ ਡਾ. ਗੁਰਦਿਆਲ ਸਿੰਘ ਫੁੱਲ ਲਿਖਦੇ ਹਨ, 'ਬੇੜਾ ਬੰਧ ਨਾ ਸਕਿਓ' ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਮਗਰੋਂ ਹੋਈ ਬੁਰਛਾ-ਗਰਦੀ ਵਿਖਾਈ ਹੈ। 'ਮੋਇਆਂ ਸਾਰ ਨਾ ਕਾਈ' ਵਿੱਚ ਪੰਜਾਬੀ ਕੌਮ ਦਾ ਦੁਖਾਂਤ ਪੇਸ਼ ਕੀਤਾ ਹੈ ਕਿ ਕਿਵੇਂ ਪੰਜਾਬੀ ਕੌਮ ਬਣਦੀ-ਬਣਦੀ ਤਬਾਹ ਹੋ ਗਈ। ਇਹ ਕੌਮ ਮਹਾਰਾਜਾ ਰਣਜੀਤ ਸਿੰਘ ਨੇ ਸਿਰਜੀ ਸੀ, ਜਿਸ ਵਿੱਚ ਹਿੰਦੂ, ਸਿੱਖ, ਮੁਸਲਮਾਨ ਸਭ ਬਰਾਬਰ ਹਨ। 'ਮਿੱਤਰ ਪਿਆਰਾ' ਵਿੱਚ ਬਰਤਾਨਵੀ ਸਾਮਰਾਜ ਦੇ ਵਿਰੁੱਧ ਦੇਸ਼ ਭਗਤਾਂ ਤੇ ਇਨਕਲਾਬੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਲੜਦਿਆਂ ਦਿਖਾਇਆ ਹੈ, ਜੋ ਵਿਦੇਸ਼ ਦੀ ਸਹਾਇਤਾ ਨਾਲ ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਸਨ ਤੇ 'ਵਾਰਸ' ਵਿੱਚ ਮੁਗਲਰਾਜ ਦੇ ਪਤਨ ਤੋਂ ਸਿੱਖਾਂ ਦੀ ਸ਼ਕਤੀ ਤੇ ਚੜ੍ਹਾਅ ਪੇਸ਼ ਕਰਨ ਦਾ ਯਤਨ ਕੀਤਾ ਹੈ। ਸੇਖੋਂ ਇਤਿਹਾਸ ਨੂੰ ਨਿਰਪੱਖਤਾ ਨਾਲ ਮਾਰਕਸਵਾਦੀ ਦ੍ਰਿਸ਼ਟੀ ਤੋਂ ਪ੍ਰਗਟਾਉਂਦਾ ਹੈ। ਇਸ ਲਈ ਉਸ ਦੇ ਇਤਿਹਾਸਕ ਨਾਟਕ ਦਰਸ਼ਨਾਂ ਨੂੰ ਨਿੱਜ ਪ੍ਰਚਾਉਂਦੇ ਹੀ ਨਹੀਂ, ਜੋੜ ਕੇ ਸੋਚਣ ਲਈ ਪ੍ਰੇਰਦੇ ਹਨ।" *5

ਇਸ ਤਰ੍ਹਾਂ ਸੇਖੋਂ ਦੇ ਨਾਟ-ਸਿਧਾਂਤ ਦਾ ਮਿਥਿਹਾਸਕ ਤੇ ਇਤਿਹਾਸਕ ਪੱਖ ਬੜਾ ਮੁੱਲਵਾਨ ਤੇ ਮਜ਼ਬੂਤ ਹੈ।

ਸੰਤ ਸਿੰਘ ਸੇਖੋਂ ਦੇ ਨਾਟਕ-ਸਿਧਾਂਤ ਦਾ ਇੱਕ ਬੜਾ ਮਹੱਤਵਪੂਰਨ ਪਹਿਲੂ ਹੈ, ਜੋ ਧਿਆਨਦੇਣਯੋਗ ਹੈ। ਉਹ ਇੱਕ ਪ੍ਰੌੜ ਕਿਸਮ ਦਾ ਆਲੋਚਕ ਤੇ ਮਾਰਕਸਵਾਦ ਦਾ ਪ੍ਰਚਾਰਕ ਸੀ। ਮਾਰਕਸਵਾਦ ਦੇ ਪ੍ਰਚਾਰ ਦੀ ਇਹ ਧਵਨੀ ਉਸ ਦੇ ਨਾਟਕਾਂ ਤੇ ਇਕਾਂਗੀਆਂ ਵਿੱਚ ਵੀ ਵਿਦਮਾਨ ਰਹਿੰਦੀ ਹੈ। ਇਸ ਲਈ ਉਹ ਆਪਣੇ ਪਾਤਰਾਂ ਦੇ ਮੂੰਹੋਂ ਵੀ ਇਸੇ ਵਿਚਾਰਧਾਰਾ ਨਾਲ ਸਬੰਧਤ ਵਾਰਤਾਲਾਪ ਬੁਲਵਾਉਂਦਾ ਹੈ। ਉਸਦੇ ਨਾਟਕਾਂ ਵਿੱਚ ਘਟਨਾਵੀ ਟੱਕਰ ਗੌਣ ਰੂਪ ਵਿੱਚ ਤੇ ਵਿਚਾਰਾਂ ਦੀ ਟੱਕਰ ਉਗਰ ਰੂਪ ਵਿੱਚ ਸਾਹਮਣੇ ਆਉਂਦੀ ਹੈ। ਵਿਚਾਰਾਂ ਦੀ ਇਸ ਟੱਕਰ ਵਿੱਚ ਸਮਾਜਵਾਦੀ ਸੋਚ ਰੱਖਣ ਵਾਲੇ ਪਾਤਰਾਂ ਦੀ ਜਿੱਤ ਹੁੰਦੀ ਹੈ। ਆਪਣੇ ਪਾਤਰਾਂ ਦੇ ਪਿੱਛੇ ਲੁਕ ਕੇ ਬੋਲਦਾ ਸੇਖੋਂ ਸਪੱਸ਼ਟ ਮਾਲੂਮ ਹੁੰਦਾ ਹੈ। ਆਪਣੇ ਇਕਾਂਗੀ 'ਇੱਕ ਐਤਵਾਰ' ਵਿੱਚ ਉਹ 'ਵਕੀਲਾਂ' ਦਾ ਰੂਪ ਧਾਰ ਕੇ ਨਾਵਲ ਦੀ ਸਮਾਜਕ ਸਾਰਥਕਤਾ ਨੂੰ ਸਿੱਧ ਕਰਦਾ ਹੈ। 'ਕਲਾਕਾਰ' ਵਿੱਚ ਉਹ 'ਇੰਦਰ' ਦੇ ਪਾਤਰ ਰਾਹੀਂ ਕਲਾ ਪ੍ਰਤੀ ਸਮਾਜਵਾਦੀ ਪਹੁੰਚ ਦਾ ਪ੍ਰਚਾਰ ਕਰਦਾ ਹੋਇਆ ਇਸ ਦੀ ਸਮਾਜਕ ਸਾਰਥਕਤਾ ਨੂੰ ਸਿੱਧ ਕਰਨ ਦੇ ਆਹਰ ਵਿੱਚ ਲੱਗਾ ਨਜ਼ਰੀਂ ਪੈਂਦਾ ਹੈ। ਇਸ ਤਰ੍ਹਾਂ ਉਹ ਆਪਣੇ ਨਾਟਕਾਂ ਤੇ ਇਕਾਂਗੀਆਂ ਤੋਂ ਵੀ 'ਆਲੋਚਨਾ ਸ਼ਾਸਤਰ' ਦਾ ਕੰਮ ਲੈਂਦਾ ਹੈ। ਉਸਦੇ ਨਾਟਕੀ-ਸਿਧਾਂਤ ਦੀ ਅਜਿਹੀ ਪਹੁੰਚ ਹੇਠਾਂ ਦਿੱਤੇ ਉਦਾਹਰਨਾਂ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ:

ਅਹੱਲਿਆ: ਪਰ ਕੀ ਇਸ ਸਮਾਜ ਵਿੱਚ ਕਲਾ ਇੱਕ ਸੁੱਚੀ ਕਿਰਤ ਨਹੀਂ ਹੋ ਸਕਦੀ?

ਇੰਦਰ: ਕਿਉਂ ਨਹੀਂ? ਪਰ ਉਹ ਕਲਾ ਇੱਕ ਇਨਕਲਾਬੀ ਕਲਾ ਹੀ ਹੋ ਸਕਦੀ ਹੈ। ਇਸ ਸਮਾਜ ਵਿੱਚ ਸੁਚੀ ਕਿਰਤ ਕੇਵਲ ਤਿੰਨ ਪ੍ਰਚਾਰ ਦੀ ਹੋਵੇਗੀ- ਮਜ਼ਦੂਰੀ, ਕਿਰਸਾਣੀ ਤੇ ਇਨਕਲਾਬੀ ਅਮਲ। ਇਸ ਸਮੇਂ ਕਲਾ ਸੁੱਚੀ ਕਿਰਤ ਉਥੋਂ ਤੱਕ ਹੀ ਹੈ, ਜਿਥੋਂ ਤੱਕ ਇਹ ਇੱਕ ਇਨਕਲਾਬੀ ਅਮਲ ਹੈ। *6

ਸਮਾਜਵਾਦੀ ਸਮਾਜ ਵਿੱਚ ਕਲਾ ਦੇ ਮਨੋਰਥ ਪ੍ਰਤੀ ਸੇਖੋਂ ਆਪਣੀ ਪ੍ਰਤੀਨਿਧ ਵਿਚਾਰਧਾਰਾ ਦਾ 'ਇੰਦਰ' ਦੇ ਮੂੰਹੋਂ ਇਸ ਤਰ੍ਹਾਂ ਬਖਿਆਨ ਕਮਾਉਂਦਾ ਹੈ:

ਇੰਦਰ: ਸਮਾਜਵਾਦੀ ਸਮਾਜ ਵਿੱਚ ਵੀ ਕਲਾਕਾਰ ਆਪਣੇ ਆਪ ਨੂੰ ਪ੍ਰਗਟ ਕਰੇਗਾ ਤੇ ਜਿਸ ਹੱਦ ਤੱਕ ਉਸਦਾ ਆਪਾ ਸਮੂਹ ਦੀ ਸੇਵਾ ਦੇ ਭਾਵਾਂ ਦਾ ਪਾਤਰ ਹੋਵੇਗਾ, ਉਸ ਹੱਦ ਤੱਕ ਉਸਦੀ ਕਲਾ ਦਾ ਮੁੱਲ ਹੋਵੇਗਾ। ਉਸ ਸਮਾਜ ਵਿੱਚ ਕਲਾ ਜੀਵਨ ਦੀਆਂ ਔਖਿਆਈਆਂ ਤੋਂ ਬਚਣ ਦਾ ਨਹੀਂ, ਜੀਵਨ ਦੇ ਮਨੋਰਥਾਂ ਦੀ ਸਿੱਧੀ ਦਾ ਯਤਨ ਹੋਵੇਗੀ, ਉਸੇ ਤਰ੍ਹਾਂ ਜਿਸ ਤਰ੍ਹਾਂ ਖੇਤੀ ਕਰਨਾ ਜਾਂ ਕਾਰਖਾਨੇ ਵਿੱਚ ਕੰਮ ਕਰਨਾ। ਤੇ ਇਸੇ ਤਰ੍ਹਾਂ ਕਲਾਕਾਰ ਦਾ ਮੁੱਲ ਹੋਵੇਗਾ। ਅੱਜ ਕੱਲ ਕਲਾਕਾਰ ਦਾ ਮੁੱਲ ਕੋਈ ਨਹੀਂ। ਕਲਾਕਾਰੀ ਇੱਕ ਠੱਗੀ ਹੈ, ਜਿੱਥੋਂ ਤੱਕ ਚੱਲ ਗਈ। *7

ਸਮਾਜਵਾਦੀ ਪ੍ਰਬੰਧ ਦੀ ਸਿਧਾਂਤਕ ਪੇਸ਼ਕਾਰੀ ਉਹ ਨਾਟਕ 'ਕਲਾਕਾਰ' ਦੇ ਪਾਤਰ 'ਇੰਦਰ' ਤੋਂ ਇਸ ਕਦਰ ਕਰਵਾਉਂਦਾ ਹੈ:

ਇੰਦਰ: ਕਮਿਊਨਿਸਟ ਸਮਾਜ ਵਿੱਚ ਦਾਸ ਤੇ ਸਵਾਮੀ ਦਾ ਰਿਸ਼ਤਾ ਹੀ ਨਹੀਂ। ਉਥੇ ਵਿਚਾਰ ਜੀਵਨ ਤੋਂ ਉਪਜਦੇ ਹਨ ਤੇ ਕਰਨੀ ਦਾ ਰੂਪ ਧਾਰਦੇ ਹਨ। ਕਰਨੀ ਕਲਾ ਵਿੱਚ ਪ੍ਰਕਾਸ਼ਮਨ ਹੁੰਦੀ ਹੈ ਤੇ ਇਉਂ ਅਗਲੇ ਜੀਵਨ ਦਾ ਪ੍ਰਕਾਸ਼ ਕਰਦੀ ਹੈ। *8

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਵਿਚਾਰ-ਪ੍ਰਧਾਨ ਹੋ ਕੇ ਉਸਦਾ ਨਾਟਕ ਦਾਰਸ਼ਨਿਕ-ਨਾਟਕ ਹੋ ਨਿਬੜਦਾ ਹੈ। ਆਪਣੀ ਇਸ ਵਿਸ਼ੇਸ਼ਤਾ ਸਦਕਾ ਉਸਦਾ ਨਾਟਕ ਇੱਕ ਵੱਖਰੀ ਵਿਧਾ ਵਿੱਚ ਢਲ ਜਾਂਦਾ ਹੈ। ਇਸ ਕਿਸਮ ਦੀ ਨਾਟਕੀ-ਵਿਧਾ ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਦੇਖਣ ਨੂੰ ਮਿਲਦੀ ਹੈ। ਨਾਟਕੀ-ਵਿਧਾ ਨੂੰ ਦਾਰਸ਼ਨਿਕਤਾ ਦਾ ਜਾਮਾ ਪਹਿਨਾ ਕੇ ਇਸ ਨੂੰ ਨਵਾਂ ਸਰੂਪ ਪ੍ਰਦਾਨ ਕਰਨਾ ਨਿਰਸੰਦੇਹ ਉਸਦੀ ਪ੍ਰਾਪਤੀ ਹੈ, ਪਰ ਇਹ ਵਿਧੀ ਨਾਟਕ ਨੂੰ ਆਲੋਚਨਾ-ਸ਼ਾਸਤਰ ਦੇ ਨੇੜੇ ਲੈ ਜਾਂਦੀ ਹੈ। ਇਸ ਨਾਲ ਨਾਟਕ ਦੀ ਸੁਰਜਾਤਮਿਕਤਾ ਤੇ ਰਸਿਕਤਾ ਨੂੰ ਭਾਰੀ ਸੱਟ ਵੱਜਦੀ ਹੈ। ਬੋਧਿਕਤਾ ਭਾਰੂ ਹੋਣ ਕਾਰਨ ਪਾਠਕਾਂ/ਦਰਸ਼ਕਾਂ ਦਾ ਘੇਰਾ ਹੋਰ ਵੀ ਸੁੰਗੜ ਜਾਂਦਾ ਹੈ।

ਉਪਰੋਕਤ ਚਰਚਾ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ ਸੇਖੋਂ ਦੇ ਨਾਟਕਾਂ ਦਾ ਸੁਭਾ ਬੋਧਿਕ ਹੈ ਤੇ ਇਹ ਵਿਚਾਰ-ਪ੍ਰਧਾਨ ਹੈਨ। ਇਨ੍ਹਾਂ ਨੂੰ ਖੇਡਣ ਲਈ ਰੰਗ-ਮੰਚ ਦੇ ਨਵੇਂ ਸਰੂਪ ਤੇ ਸੁਭਾਅ ਦੀ ਲੋੜ ਹੈ। ਸਪੱਸ਼ਟ ਹੈ ਕਿ ਇਹ ਵਧੇਰੇ ਸੂਖਮਭਾਵੀ, ਕਲਾਤਮਿਕ-ਵਿਸ਼ਾਲਤਾ ਤੇ ਉੱਚੇ ਬੋਧਿਕ ਗਿਆਰਾਂ ਵਾਲਾ ਹੋਵੇਗਾ। ਪੂੰਜੀਵਾਦੀ ਸਮਾਜ ਵਿੱਚ ਕਲਾ ਵਿਲਾਸਤਾ ਦਾ ਸਾਧਨ ਬਣ ਜਾਂਦੀ ਹੈ। ਇਸ ਲਈ ਇਸ ਦੌਰ ਦੀ ਕਲਾ ਉਸਦੇ ਨਾਟਕਾਂ ਦੇ ਮੇਚ ਕਿਵੇਂ ਆ ਸਕਦੀ ਹੈ? ਉਸਦੇ ਨਾਟਕਾਂ ਨੂੰ ਖੇਡਣ ਲਈ ਸਮਾਜਵਾਦੀ ਸੁਭਾਅ ਵਾਲੇ ਰੰਗਮੰਚ ਦੀ ਲੋੜ ਹੈ। ਜਿੱਥੇ ਕਲਾ ਦਾ ਕਿਣਕਾ-ਕਿਣਕਾ ਸਮਾਜ ਉਪਯੋਗੀ ਬਣ ਕੇ ਮਨੁੱਖ ਦੇ ਬੌਧਿਕ ਤੇ ਪਦਾਰਥਕ ਵਿਕਾਸ ਵਿੱਚ ਸਹਾਈ ਹੁੰਦਾ ਹੈ। ਇਸ ਸਭ ਕੁਝ ਦੇ ਨਾਲ ਨਾਲ ਜੇਕਰ ਸੇਖੋਂ ਆਪਣੇ ਨਾਟਕਾਂ ਦੇ ਮਨੋਰੰਜਕ-ਪੱਖ ਨੂੰ ਮਜ਼ਬੂਤ ਕਰਨ ਵਿੱਚ ਸਫ਼ਲ ਹੋ ਜਾਂਦਾ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਣੀ ਸੀ।

**ਹਵਾਲੇ:**

1. ਸੰਤ ਸਿੰਘ ਸੇਖੋਂ, ਨਾਟ-ਸੁਨੇਹੇ (ਇਕਾਂਗੀ ਸੰਗ੍ਰਹਿ), ਪੰਨਾ 02
2. ਡਾ. ਸਤਨਾਮ ਸਿੰਘ ਜੱਸਲ, ਸੰਤ ਸਿੰਘ ਸੇਖੋਂ ਦਾ ਨਾਟ-ਸ਼ਾਸਤਰ, ਪੰਨਾ 47
3. ਸੰਤ ਸਿੰਘ ਸੇਖੋਂ, ਦਮਯੰਤੀ, ਪੰਨਾ 04
4. ਸੰਤ ਸਿੰਘ ਸੇਖੋਂ, ਦਮਯੰਤੀ, ਪੰਨਾ 05
5. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਰੂਪ ਸਿਧਾਂਤ ਤੇ ਵਿਕਾਸ, ਪੰਨਾ 248
6. ਸੰਤ ਸਿੰਘ ਸੇਖੋਂ ਕਲਾਕਾਰ, ਪੰਨਾ 58
7. ਸੰਤ ਸਿੰਘ ਸੇਖੋਂ ਕਲਾਕਾਰ, ਪੰਨਾ 57
8. ਸੰਤ ਸਿੰਘ ਸੇਖੋਂ ਕਲਾਕਾਰ, ਪੰਨਾ 66

## ਲਾਭਦਾਇਕ ਗੁਣਾਂ ਨਾਲ ਭਰਪੂਰ ਇੱਕ ਰੁੱਖ

# ਹਾਰਸ਼ਿੰਗਾਰ

## ਤਰਜੀਹਾਂ



ਡਾ. ਪੀ. ਐੱਸ. ਤਿਆਗੀ
ਫੋਨ: +91-9855446519

ਪੌਦੇ ਧਰਤੀ ਦੇ ਸਾਰੇ ਜੀਵਾਂ ਦੇ ਜੀਵਨ ਲਈ ਮਹੱਤਵਪੂਰਨ ਹਨ, ਕਿਉਂਕਿ ਉਹ ਜੀਵਨ ਦੀ ਮੁਢਲੀ ਲੋੜ ਅਰਥਾਤ ਆਕਸੀਜਨ ਪ੍ਰਦਾਨ ਕਰਦੇ ਹਨ, ਜਿਵੇਂ ਕਿ ਇਸ ਤੱਥ ਤੋਂ ਪ੍ਰਮਾਣਿਤ ਹੈ ਕਿ ਜਦੋਂ ਧਰਤੀ ਲਗਭਗ 4.6 ਬਿਲੀਅਨ ਸਾਲ ਪਹਿਲਾਂ ਬਣੀ ਸੀ, ਉਦੋਂ ਵਾਯੂਮੰਡਲ ਵਿੱਚ ਆਕਸੀਜਨ ਨਹੀਂ ਸੀ। ਇਹ ਪਹਿਲੇ ਸੂਖਮ ਪੌਦਿਆਂ ਦਾ ਵਿਕਾਸ ਸੀ, ਜਿਸ ਨੇ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਆਕਸੀਜਨ ਪੈਦਾ ਕਰਕੇ ਸਾਡੇ ਜੀਵਨ ਲਈ ਰਾਹ ਪੱਧਰਾ ਕੀਤਾ। ਭਾਵੇਂ ਹਰ ਬੂਟਾ ਬਰਾਬਰ ਮਹੱਤਵਪੂਰਨ ਹੁੰਦਾ ਹੈ, ਪਰ ਕੁਝ ਦਾ ਮੁੱਲ ਵਧੇਰੇ ਹੁੰਦਾ ਹੈ, ਕਿਉਂਕਿ ਇਹ ਆਕਸੀਜਨ ਦੇ ਨਾਲ ਭੋਜਨ, ਦਵਾਈਆਂ ਅਤੇ ਹੋਰ ਚੀਜ਼ਾਂ ਪ੍ਰਦਾਨ ਕਰਦੇ ਹਨ। ਇਸ ਲੇਖ ਵਿੱਚ ਮੈਂ 'ਹਾਰਸ਼ਿੰਗਾਰ' ਨਾਮਕ ਇੱਕ ਅਹਿਮ ਪੌਦੇ ਦੀ ਮਹੱਤਤਾ ਨੂੰ ਉਜਾਗਰ ਕਰ ਰਿਹਾ ਹਾਂ। ਇਸ ਪੌਦੇ ਦਾ ਮਹੱਤਵ ਇਸ ਤੱਥ ਵਿੱਚ ਹੈ ਕਿ ਇਹ ਦੇਵੀ ਲਕਸ਼ਮੀ ਨੂੰ ਬਹੁਤ ਪਿਆਰਾ ਮੰਨਿਆ ਜਾਂਦਾ ਹੈ। ਹਾਰਸ਼ਿੰਗਾਰ ਦੇ ਦਰੱਖਤ ਦਾ ਇਹ ਵਿਸ਼ੇਸ਼ ਗੁਣ ਘਰ ਦੇ ਅੰਦਰ ਸਾਰਿਆਂ ਲਈ ਸ਼ਾਂਤੀ, ਖੁਸ਼ਹਾਲੀ ਅਤੇ ਚੰਗੀ ਸਿਹਤ ਲਿਆਉਂਦਾ ਹੈ। ਇਹ ਪੌਦਾ ਸਾਡੇ ਘਰ ਵਿੱਚ ਸਕਾਰਾਤਮਕ ਮਾਹੌਲ ਲਿਆ ਸਕਦਾ ਹੈ ਅਤੇ ਇਸਦੀ ਮਿੱਠੀ ਖੁਸ਼ਬੂ ਨਾਲ ਮਨ ਨੂੰ ਆਰਾਮ ਦੇ ਸਕਦਾ ਹੈ।

ਹਾਰਸ਼ਿੰਗਾਰ (Nyctanthes arbor-tristis L.) ਲਗਭਗ 10 ਮੀਟਰ ਦੀ ਉਚਾਈ ਦਾ ਇੱਕ ਝਾੜੀ ਜਾਂ ਛੋਟਾ ਰੁੱਖ ਹੈ। ਵਿਗਿਆਨਕ ਨਾਮ ਨਿਕਟੈਂਥੇਸ ਯੂਨਾਨੀ ਸ਼ਬਦ ਤੋਂ ਆਇਆ ਹੈ, ਜਿਸਦਾ ਅਰਥ ਹੈ- ਰਾਤ ਦੇ ਫੁੱਲ ਅਤੇ ਆਰਬਰ ਟ੍ਰਿਸਟਿਸ ਦਾ ਅਰਥ ਹੈ- ਦੁੱਖ ਦਾ ਰੁੱਖ। ਇਸ ਲਈ ਇਸ ਨੂੰ ਦੁੱਖ ਦਾ ਰੁੱਖ ਵੀ ਕਿਹਾ ਜਾਂਦਾ ਹੈ। ਇਸ ਨੂੰ ਹੋਰ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਵੇਂ ਪਾਰੀਜਾਤ, ਰਾਤ ਕੀ ਰਾਣੀ ਆਦਿ। ਕੁਝ ਲੋਕ ਇਸਨੂੰ ਕਲਪ ਵ੍ਰਿਕਸ਼ ਜਾਂ ਕਲਪ ਤਰੁ- ਇੱਛਾ ਪੂਰੀ ਕਰਨ ਵਾਲਾ ਰੁੱਖ ਵੀ ਕਹਿੰਦੇ ਹਨ। ਇਹ ਭਾਰਤ ਦਾ ਇੱਕ ਪਵਿੱਤਰ ਰੁੱਖ ਹੈ। ਇਹ ਭਾਰਤੀ ਬਾਗਾਂ ਅਤੇ ਮੰਦਰਾਂ ਵਿੱਚ ਇੱਕ ਸਜਾਵਟੀ ਪੌਦੇ ਵਜੋਂ ਉਗਾਇਆ ਜਾਂਦਾ ਹੈ। ਇਸ ਪੌਦੇ ਦਾ ਫੁੱਲ ਪੱਛਮੀ ਬੰਗਾਲ ਦਾ ਅਧਿਕਾਰਤ ਰਾਜ ਫੁੱਲ ਹੈ ਅਤੇ ਇਸ ਨੂੰ ਸ਼ਿਉਲੀ ਜਾਂ ਸ਼ੈਫਾਲੀ ਕਿਹਾ ਜਾਂਦਾ ਹੈ। ਹਾਰਸ਼ਿੰਗਾਰ ਦੇ ਫੁੱਲ ਬਹੁਤ ਖੁਸ਼ਬੂਦਾਰ, ਸੰਤਰੀ ਡੰਡੀ ਦੇ ਨਾਲ ਚਿੱਟੇ ਰੰਗ ਦੇ ਹੁੰਦੇ ਹਨ, ਜੋ ਕਿ ਭਗਵਾਨ ਹਰੀ ਨੂੰ ਵੀ ਸ਼ਿੰਗਾਰਦੇ ਹਨ, ਇਸ ਲਈ ਇਸਨੂੰ ਹਾਰਸ਼ਿੰਗਾਰ ਕਿਹਾ ਜਾਂਦਾ ਹੈ। ਫੁੱਲਾਂ ਨੂੰ ਦੇਵਤਿਆਂ ਦਾ ਗਹਿਣਾ ਮੰਨਿਆ ਜਾਂਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਪਾਰੀਜਾਤ ਦਾ ਰੁੱਖ ਰਾਤ ਨੂੰ ਖਿੜਦਾ ਹੈ ਅਤੇ ਫੁੱਲ ਆਪਣੇ ਆਪ ਜ਼ਮੀਨ 'ਤੇ ਡਿੱਗ ਜਾਂਦੇ ਹਨ। ਇਹ ਇਕਲੌਤਾ ਪੌਦਾ ਹੈ, ਜਿਸ ਦੇ ਫੁੱਲਾਂ ਨੂੰ ਜ਼ਮੀਨ ਤੋਂ ਚੁੱਕ ਕੇ ਦੇਵਤਿਆਂ ਨੂੰ ਚੜ੍ਹਾਇਆ ਜਾ ਸਕਦਾ ਹੈ। ਪਾਰੀਜਾਤ ਦਾ ਰੁੱਖ ਹਿੰਦੂ ਮਿਥਿਹਾਸ ਦਾ ਇੱਕ ਹਿੱਸਾ ਹੈ ਅਤੇ ਮਹਾਂਭਾਰਤ ਅਤੇ ਪੁਰਾਣਾਂ ਵਿੱਚ 'ਸਮੁੰਦਰ ਮੰਥਨ' ਦੇ ਦੌਰਾਨ ਉਭਰਨ ਵਾਲੇ ਪੰਜ ਰੁੱਖਾਂ ਵਿੱਚੋਂ ਇੱਕ ਵਜੋਂ ਦਰਸਾਇਆ ਗਿਆ ਹੈ। ਦੇਵਤਿਆਂ ਦੇ ਰਾਜੇ ਇੰਦਰ ਨੇ ਦਰਖਤ ਨੂੰ ਇੰਦਰਲੋਕ ਵਿੱਚ ਲੈ ਕੇ ਆਪਣੇ ਬਾਗ ਵਿੱਚ ਬੀਜਿਆ। ਭਗਵਾਨ ਕ੍ਰਿਸ਼ਨ ਨੇ ਇੰਦਰ ਨਾਲ ਲੜਾਈ ਜਿੱਤੀ ਅਤੇ ਦਰੱਖਤ ਨੂੰ ਆਪਣੇ ਸਥਾਨ ਦਵਾਰਕਾ ਲੈ ਗਏ। ਜਦੋਂ ਕ੍ਰਿਸ਼ਨ ਦੀਆਂ ਪਤਨੀਆਂ- ਸਤਿਆਭਾਮਾ ਅਤੇ ਰੁਕਮਣੀ ਨੇ ਰੁੱਖ ਨੂੰ ਸਿਰਫ਼ ਆਪਣੇ ਲਈ ਰੱਖਣ ਦੀ ਇੱਛਾ ਪ੍ਰਗਟਾਈ, ਤਾਂ ਪ੍ਰਭੂ ਨੇ ਸੰਪੂਰਨ ਸੰਤੁਲਨ ਕਾਰਜ ਦੀ ਇੱਕ ਮਿਸਾਲ ਕਾਇਮ ਕੀਤੀ। ਸਤਿਆਭਾਮਾ ਦੇ ਵਿਹੜੇ ਵਿੱਚ ਉਸ ਦੀ ਮੰਗ ਅਨੁਸਾਰ ਰੁੱਖ ਲਾਇਆ ਗਿਆ ਸੀ, ਪਰ ਫੁੱਲ ਉਸ ਦੀ ਸਭ ਤੋਂ ਪਿਆਰੀ ਪਤਨੀ ਰੁਕਮਣੀ ਦੇ ਵਿਹੜੇ ਵਿੱਚ ਡਿੱਗਦੇ ਸਨ।



ਇਸ ਪੌਦੇ ਨਾਲ ਸਬੰਧਤ ਇੱਕ ਹੋਰ ਮਾਨਤਾ ਇਹ ਹੈ ਕਿ ਇੱਥੇ 'ਪਰਿਜਾਤਿਕਾ' ਨਾਮ ਦੀ ਰਾਜਕੁਮਾਰੀ ਰਹਿੰਦੀ ਸੀ, ਜਿਸ ਨੂੰ ਭਗਵਾਨ ਸੂਰਜ ਨਾਲ ਪਿਆਰ ਹੋ ਗਿਆ ਸੀ, ਪਰ ਭਗਵਾਨ ਸੂਰਜ ਨੇ ਉਸ ਦੇ ਪਿਆਰ ਨੂੰ ਸਵੀਕਾਰ ਨਹੀਂ ਕੀਤਾ, ਜਿਸ ਦੇ ਨਤੀਜੇ ਵਜੋਂ ਰਾਜਕੁਮਾਰੀ ਨੇ ਖੁਦਕੁਸ਼ੀ ਕਰ ਲਈ। ਜਿਸ ਜਗ੍ਹਾ ਰਾਜਕੁਮਾਰੀ ਦੀ ਕਬਰ ਬਣਾਈ ਗਈ ਸੀ, ਉਥੇ ਪਾਰਿਜਾਤ ਦਾ ਰੁੱਖ ਪੈਦਾ ਹੋਇਆ ਸੀ। ਇਸ ਲਈ ਇਸਨੂੰ 'ਦੁਖ ਦਾ ਰੁੱਖ' ਕਿਹਾ ਜਾਂਦਾ ਹੈ।

ਹਰਸ਼ਿੰਗਾਰ ਵੱਖ-ਵੱਖ ਸਿਹਤ ਲਾਭਾਂ ਵਾਲਾ ਪੌਦਾ ਹੈ। ਇਸ ਰੁੱਖ ਦੇ ਐਂਟੀਆਕਸੀਡੈਂਟ, ਐਂਟੀ-ਇਨਫਲੇਮੇਟਰੀ ਅਤੇ ਐਂਟੀਬੈਕਟੀਰੀਅਲ ਗੁਣ ਇਸ ਨੂੰ ਮਨੁੱਖੀ ਸਿਹਤ ਤੇ ਤੰਦਰੁਸਤੀ ਲਈ ਵਰਦਾਨ ਬਣਾਉਂਦੇ ਹਨ। ਇਸ ਨੂੰ ਇੱਕ ਬਹੁ-ਸ਼ਕਤੀਸ਼ਾਲੀ ਚਿਕਿਤਸਕ ਪੌਦਾ ਮੰਨਿਆ ਜਾਂਦਾ ਹੈ ਜੋ ਆਯੁਰਵੇਦ, ਹੋਮਿਓਪੈਥੀ, ਯੂਨਾਨੀ ਅਤੇ ਸਿੱਧ ਪ੍ਰਣਾਲੀਆਂ ਵਿੱਚ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ। ਇਸ ਪਲਾਂਟ ਨੇ ਫਾਰਮਾਸਿਊਟੀਕਲ, ਭੋਜਨ, ਕਾਸਮੈਟਿਕ, ਲੋਕ ਦਵਾਈਆਂ ਅਤੇ ਟੈਕਸਟਾਈਲ ਆਦਿ ਵਿੱਚ ਇਸਦੀ ਸੰਭਾਵੀ ਵਰਤੋਂ ਲਈ ਵਿਗਿਆਨਕ ਅਤੇ ਵਪਾਰਕ ਭਾਈਚਾਰਿਆਂ ਦੀਆਂ ਨਜ਼ਰਾਂ ਖਿੱਚੀਆਂ ਹਨ। ਆਯੁਰਵੇਦ ਵਿੱਚ ਹਾਰਸ਼ਿੰਗਾਰ ਨੂੰ ਕਈ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਹ ਭਾਰਤ ਵਿੱਚ ਸਭ ਤੋਂ ਕੀਮਤੀ ਰਵਾਇਤੀ ਚਿਕਿਤਸਕ ਪੌਦਿਆਂ ਵਿੱਚੋਂ ਇੱਕ ਹੈ। ਪੌਦੇ ਦੇ ਵੱਖ ਵੱਖ ਹਿੱਸਿਆਂ ਜਿਵੇਂ ਕਿ ਬੀਜ, ਪੱਤੇ, ਫੁੱਲ, ਸੱਕ ਅਤੇ ਪੌਦੇ ਦੇ ਉਤਪਾਦ ਦੇ ਕੁਝ ਚਿਕਿਤਸਕ ਮੁੱਲ ਹੁੰਦੇ ਹਨ ਅਤੇ ਲੋਕ ਉਪਚਾਰ ਵਿੱਚ ਵਰਤੇ ਜਾਂਦੇ ਹਨ।

ਆਯੁਰਵੇਦ ਵਿੱਚ ਹਾਰਸ਼ਿੰਗਾਰ ਦੇ ਪੱਤਿਆਂ ਦੀ ਵਰਤੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਪੁਰਾਣਾ ਬੁਖਾਰ, ਖੰਘ, ਗਠੀਏ, ਪਰਜੀਵੀ ਕੀੜੇ, ਕਬਜ਼ ਆਦਿ ਦੇ ਇਲਾਜ ਲਈ ਕੀਤੀ ਜਾਂਦੀ ਹੈ। ਪੱਤਿਆਂ ਦਾ ਰਸ ਬੁਖਾਰ, ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਵਿੱਚ ਲਾਭਦਾਇਕ ਹੁੰਦਾ ਹੈ, ਪੱਤਿਆਂ ਦਾ ਰਸ ਸ਼ਹਿਦ ਵਿੱਚ ਮਿਲਾ ਕੇ ਬੁਖਾਰ ਅਤੇ ਖੰਘ ਦੇ ਇਲਾਜ ਵਿੱਚ ਲਾਭਦਾਇਕ ਹੁੰਦਾ ਹੈ, ਪੱਤਿਆਂ ਦਾ ਕਾੜ੍ਹਾ ਗਠੀਏ, ਮਲੇਰੀਆ ਅਤੇ ਅੰਤੜੀਆਂ ਦੇ ਕੀੜਿਆਂ ਦੇ ਇਲਾਜ ਵਿੱਚ ਬਹੁਤ ਜ਼ਿਆਦਾ ਵਰਤਿਆ ਜਾਂਦਾ ਹੈ। ਹਾਰਸ਼ਿੰਗਾਰ ਦੇ ਦਰੱਖਤ ਦੇ ਪੱਤਿਆਂ ਦਾ ਸੇਵਨ ਕਰਨ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

ਰੁੱਖ ਦੇ ਪੱਤਿਆਂ ਦਾ ਸੇਵਨ ਜ਼ਹਿਰੀਲੇ ਪਦਾਰਥਾਂ ਨੂੰ ਦੂਰ ਕਰਦਾ ਹੈ ਅਤੇ ਪਾਚਨ ਪ੍ਰਣਾਲੀ ਨੂੰ ਸੁਧਾਰਦਾ ਹੈ। ਇਸ ਤਰ੍ਹਾਂ ਸਰੀਰ ਦੇ ਪੈਨਕ੍ਰੀਅਸ ਅਤੇ ਇਨਸੁਲਿਨ ਦੇ ਪੱਧਰ ਦਾ ਸੰਤੁਲਨ ਬਹਾਲ ਹੁੰਦਾ ਹੈ। ਪੱਤਿਆਂ ਦੇ ਪੇਸਟ ਦੀ ਵਰਤੋਂ ਚਮੜੀ ਨਾਲ ਸਬੰਧਤ ਮੁਸ਼ਕਲਾਂ ਦੇ ਇਲਾਜ ਵਿੱਚ ਸਪੱਸ਼ਟ ਤੌਰ 'ਤੇ ਦਾਦ ਦੇ ਇਲਾਜ ਵਿੱਚ ਵੀ ਕੀਤੀ ਜਾਂਦੀ ਹੈ। ਜੋੜਾਂ ਦੇ ਦਰਦ ਅਤੇ ਮਲੇਰੀਏ ਵਿੱਚ ਹਾਰਸ਼ਿੰਗਾਰ ਦੇ ਤਣੇ ਦਾ ਚੂਰਨ ਬਹੁਤ ਲਾਭਦਾਇਕ ਹੈ। ਪੌਦੇ ਦੇ ਬੀਜ ਵਾਲਾਂ ਦੇ ਝੜਨ ਅਤੇ ਗੰਜੇਪਨ ਵਿੱਚ ਮਦਦ ਕਰਦੇ ਹਨ। ਬਵਾਸੀਰ ਦੇ ਇਲਾਜ ਵਿੱਚ ਵੀ ਹਾਰਸ਼ਿੰਗਾਰ ਦੇ ਬੀਜ ਦੀ ਵਰਤੋਂ ਕੀਤੀ ਜਾਂਦੀ ਹੈ। ਬੀਜ ਮੁੱਖ ਤੌਰ 'ਤੇ ਚਮੜੀ ਅਤੇ ਵਾਲਾਂ ਲਈ ਫਾਇਦੇਮੰਦ ਹੁੰਦੇ ਹਨ। ਫੁੱਲਾਂ ਦੀ ਖੁਸ਼ਬੂ ਬਹੁਤ ਮਿੱਠੀ ਹੁੰਦੀ ਹੈ ਅਤੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਆਪਣੀ ਖੁਸ਼ਬੂ ਨਾਲ ਭਰ ਦਿੰਦੀ ਹੈ।

ਹਾਰਸ਼ਿੰਗਾਰ ਅਤਰ ਨੂੰ ਫੁੱਲਾਂ ਤੋਂ ਹਾਈਡ੍ਰੋ-ਡਿਸਟੀਲੇਸ਼ਨ ਵਿਧੀ ਦੀ ਵਰਤੋਂ ਕਰਕੇ ਕੱਢਿਆ ਜਾਂਦਾ ਹੈ। ਪਾਰੀਜਾਤ ਅਤਰ ਵਿੱਚ ਸ਼ਕਤੀਸ਼ਾਲੀ ਉਪਚਾਰਕ ਗੁਣ ਹਨ ਅਤੇ ਵੱਖ-ਵੱਖ ਸਿਹਤ ਬਿਮਾਰੀਆਂ ਦੇ ਇਲਾਜ ਵਿੱਚ ਉਪਯੋਗੀ ਹਨ। ਇਸ ਦੇ ਫੁੱਲ ਤੋਂ ਪ੍ਰਾਪਤ ਪੀਲੇ-ਸੰਤਰੀ ਰੰਗ ਦੀ ਵਰਤੋਂ ਵੱਖ-ਵੱਖ ਮਿਠਾਈਆਂ ਅਤੇ ਭੋਜਨ ਪਦਾਰਥਾਂ ਨੂੰ ਰੰਗਣ ਲਈ ਕੀਤੀ ਜਾਂਦੀ ਹੈ। ਉਪਰੋਕਤ ਵਿਚਾਰ-ਵਟਾਂਦਰੇ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਹਾਰਸ਼ਿੰਗਾਰ ਪੌਦੇ ਦਾ ਪ੍ਰਾਚੀਨ ਕਾਲ ਤੋਂ ਬਹੁਤ ਮਹੱਤਵਪੂਰਨ ਸਥਾਨ ਹੈ। ਇਸ ਪਵਿੱਤਰ ਰੁੱਖ ਦਾ ਜ਼ਿਕਰ ਲਗਭਗ ਸਾਰੇ ਪ੍ਰਾਚੀਨ ਸਾਹਿਤ ਵਿੱਚ ਸਿਹਤ ਪ੍ਰਬੰਧਨ ਵਿੱਚ ਇਸਦੀ ਵਿਆਪਕ ਵਰਤੋਂ ਦੇ ਕਾਰਨ ਕੀਤਾ ਗਿਆ ਹੈ।

ਜੀਵ ਵਿਗਿਆਨ ਵਿੱਚ ਪੌਦਿਆਂ ਦਾ ਨਾਮਕਰਨ ਕਈ ਵਾਰ ਉਲਝਣ ਵਾਲਾ ਹੋ ਜਾਂਦਾ ਹੈ ਅਤੇ ਦੋ ਵੱਖ-ਵੱਖ ਪੌਦਿਆਂ ਨੂੰ ਇੱਕੋ ਨਾਮ ਨਾਲ ਜਾਣਿਆ ਜਾਂਦਾ ਹੈ। ਪਾਰੀਜਾਤ ਨਾਮ ਨਾਲ ਵੀ ਅਜਿਹਾ ਹੀ ਹੋਇਆ ਜਾਪਦਾ ਹੈ। ਕੁਝ ਲੋਕਾਂ ਅਨੁਸਾਰ ਉੱਤਰ ਪ੍ਰਦੇਸ਼ ਦੇ ਬਾਰਾਬੰਕੀ ਜ਼ਿਲ੍ਹੇ ਦੇ ਕਿੰਤੂਰ ਪਿੰਡ ਵਿੱਚ ਇੱਕ ਪ੍ਰਾਚੀਨ ਦਰੱਖਤ ਅਸਲੀ ਪਾਰੀਜਾਤ ਹੈ। ਉਨ੍ਹਾਂ ਦੇ ਅਨੁਸਾਰ ਕੁੰਤੀ (ਪਾਂਡਵਾਂ ਦੀ ਮਾਂ) ਨੇ ਅਰਜੁਨ ਨੂੰ ਭਗਵਾਨ ਸ਼ਿਵ ਦੀ ਪੂਜਾ ਕਰਨ ਲਈ ਪਾਰੀਜਾਤ ਲਿਆਉਣ ਲਈ ਕਿਹਾ। ਅਰਜੁਨ ਨੇ ਇੰਦਰਲੋਕ ਤੋਂ ਪਾਰੀਜਾਤ ਦਾ ਰੁੱਖ ਲਿਆ ਕੇ ਕਿੰਤੂਰ ਪਿੰਡ ਵਿੱਚ ਸਥਾਪਿਤ ਕੀਤਾ। ਭਾਰਤੀ ਡਾਕ ਵਿਭਾਗ ਨੇ 08/09/1997 ਨੂੰ ਇਸ ਪਾਰੀਜਾਤ ਰੁੱਖ 'ਤੇ ਡਾਕ ਟਿਕਟ ਜਾਰੀ ਕੀਤੀ ਸੀ, ਪਰ ਇਸ ਦਰੱਖਤ 'ਤੇ ਵਿਗਿਆਨੀਆਂ ਦੁਆਰਾ ਕੀਤੇ ਗਏ ਅਧਿਐਨਾਂ ਅਨੁਸਾਰ ਇਹ ਪਾਇਆ ਗਿਆ ਕਿ ਇਹ ਨਿਕਟੈਂਥੇਸ ਨਹੀਂ ਹੈ, ਬਲਕਿ 1500 ਈਸਵੀ ਦੇ ਲਗਭਗ ਭਾਰਤ ਵਿੱਚ ਸਥਾਪਤ ਅਫਰੀਕੀ ਮੂਲ ਦਾ ਬਾਓਬਾਬ ਰੁੱਖ (ਐਡਾਨਸੋਨੀਆ ਡਿਜੀਟਾਟਾ) ਹੈ। ਪਰ ਪਾਰੀਜਾਤ (ਹਰਸ਼ਿੰਗਾਰ) ਵਿੱਚ ਵਿਸ਼ਵਾਸ ਬਾਓਬਾਬ ਦੀ ਸਥਾਪਨਾ ਤੋਂ ਬਹੁਤ ਪਹਿਲਾਂ ਤੋਂ ਮੌਜੂਦ ਹੈ। ਇਸ ਲਈ ਬਾਓਬਾਬ ਦੇ ਅਸਲੀ ਪਾਰੀਜਾਤ ਹੋਣ ਦੇ ਭੁਲੇਖੇ ਬਾਰੇ ਖੋਜ ਦੀ ਲੋੜ ਹੈ।

## ਸ਼ਬਦੋ ਵਣਜਾਰਿਓ



ਪਰਮਜੀਤ ਢੀਂਗਰਾ
ਫੋਨ: +91-9417358120

# ਪਾਪੜ

ਵਿਸ਼ਵੀਕਰਨ ਦੀ ਦੌੜ ਨੇ ਭਾਸ਼ਾਵਾਂ ਤੇ ਸੱਭਿਆਚਾਰਕ ਇਕਾਈਆਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਂਦਾ ਹੈ। ਅੱਜ ਪੰਜਾਬ ਦੇ ਖਾਣਿਆਂ ਵਿੱਚ ਬਹੁਤ ਸਾਰੇ ਚਾਇਨੀਜ਼, ਇਟੈਲੀਅਨ, ਸਾਊਥ ਇੰਡੀਅਨ ਤੇ ਕੰਟੀਨੈਂਟਲ ਖਾਣੇ ਸ਼ਾਮਲ ਹੋ ਗਏ ਹਨ। ਇਸੇ ਤਰ੍ਹਾਂ ਪੰਜਾਬੀ ਖਾਣੇ ਵੀ ਦੂਰ-ਦੁਰਾਡੇ ਜਾ ਪਹੁੰਚੇ ਹਨ। ਮਸਲਨ ਸਮੋਸਾ, ਜਲੇਬੀ, ਮੁਰਗਾ, ਪਰੌਂਠਾ, ਅੰਬਰਸਰੀ ਕੁਲਚਾ ਤੇ ਹੋਰ ਕਈ ਖਾਣੇ ਸ਼ਾਮਲ ਹਨ। ਪਾਪੜ ਪੰਜਾਬੀਆਂ ਦਾ ਮਨ ਭਾਉਂਦਾ ਸਵਾਦ ਹੈ। ਇਸਦੇ ਨਾਂ 'ਤੇ ਅੰਮ੍ਰਿਤਸਰ ਵਿੱਚ ਪਾਪੜਾਂ ਵਾਲਾ ਬਾਜ਼ਾਰ ਅੱਜ ਤੱਕ ਮਸ਼ਹੂਰ ਹੈ, ਜਿਥੇ ਕਈ ਪ੍ਰਕਾਰ ਦੇ ਮਸਾਲੇਦਾਰ ਪਾਪੜ ਮਿਲਦੇ ਹਨ। ਸੈਲਾਨੀ ਇਨ੍ਹਾਂ ਨੂੰ ਅੰਮ੍ਰਿਤਸਰ ਦੇ ਤੋਹਫੇ ਦੇ ਤੌਰ 'ਤੇ ਲੈ ਕੇ ਜਾਂਦੇ ਹਨ। ਅੰਮ੍ਰਿਤਸਰ ਵਿੱਚ ਇੱਕ ਖਾਸ ਕਿਸਮ ਦੇ ਵੱਡੇ ਸਾਈਜ਼ ਦੇ ਪਾਪੜ ਵੀ ਮਸ਼ਹੂਰ ਹਨ, ਜਿਨ੍ਹਾਂ 'ਤੇ ਛੋਲੇ ਤੇ ਖੱਟੇ ਦੀ ਤਹਿ ਲਾ ਕੇ ਪਰੋਸੇ ਜਾਂਦੇ ਹਨ। ਪੰਜਾਬੀ ਦਾ ਪ੍ਰਸਿੱਧ ਲੋਕਗੀਤ ਵੀ ਇਸ ਨਾਲ ਸਬੰਧਤ ਹੈ-ਅੰਬਰਸਰੇ ਦੇ ਪਾਪੜ ਵੇ ਮੈਂ ਖਾਂਦੀ ਨਾ, ਤੂੰ ਕਰੇਂਦਾ ਏਂ ਆਕੜ ਤੇ ਮੈਂ ਸਹਿੰਦੀ ਨਾ।'

ਇਸਦੀ ਇਸ ਪ੍ਰਸਿੱਧੀ ਕਰਕੇ ਅੰਗਰੇਜ਼ੀ ਤੇ ਅਮਰੀਕਨ ਸ਼ਬਦ ਕੋਸ਼ਾਂ ਵਿੱਚ ਇਸ ਨੂੰ ਸ਼ਾਮਲ ਕਰਕੇ ਇਸ ਨਾਲ ਜੁੜੀ ਸਾਰੀ ਪ੍ਰਕਿਰਿਆ ਭਾਵ ਇਸਨੂੰ ਬਣਾਉਣ ਤੇ ਖਾਣ ਬਾਰੇ ਦੱਸਿਆ ਗਿਆ ਹੈ। ਪੰਜਾਬੀ ਕੋਸ਼ਾਂ ਅਨੁਸਾਰ ਪਾਪੜ-ਪ੍ਰਾਕਿਰਤ ਪਪੜ, ਪਪਯਡਗ, ਸੰਸਕ੍ਰਿਤ ਪਰਪਟ, ਮਾਂਹ ਮੂੰਗੀ ਆਦਿ ਦੀ ਮਸਾਲੇਦਾਰ ਕਰੜੀ ਪੀਠੀ ਨੂੰ ਵੇਲ ਕੇ ਤਿਆਰ ਕੀਤੀ ਗਈ ਬਹੁਤ ਪਤਲੀ ਰੋਟੀ, ਜੋ ਤਲ ਕੇ ਜਾਂ ਭੁੰਨ ਕੇ ਖਾਧੀ ਜਾਂਦੀ ਹੈ। ਪੱਕੀ ਹੋਈ ਰੋਟੀ ਦਾ ਪਤਲਾ ਪਾਸਾ। ਅੰਬ ਪਾਪੜ, ਫੁੱਲ ਪਾਪੜ; ਪਾਪੜਾ ਇੱਕ ਬੂਟੀ ਦਾ ਨਾਂ ਜਿਸਨੂੰ ਪਿੱਤ ਪਾਪੜਾ ਵੀ ਕਹਿੰਦੇ ਹਨ। ਪਾਪ ਲਈ ਵੀ ਪਾਪੜਾ ਸ਼ਬਦ ਗੁਰਬਾਣੀ ਵਿੱਚ ਮਿਲਦਾ ਹੈ- 'ਪਾਪੜਿਆ ਪਛਾੜਿ' (ਵਾਰ ਗੂਜਰੀ ੨ ਮਹਲਾ ੫); ਪਾਪੜ ਵੇਲਣੇ ਮੁਹਾਵਰਾ ਵੀ ਇਸ ਤੋਂ ਬਣਿਆ ਹੈ। ਇਸ ਦਾ ਸਜਾਤੀ ਪਾਪੜੀ ਹੈ-ਉਹ ਗੋਲਗੱਪਾ ਜੋ ਫੁਲਿਆ ਨਹੀਂ ਹੁੰਦਾ, ਇੱਕ ਕਿਸਮ ਦੀ ਪਤਲੀ ਮੱਠੀ, ਹੜ੍ਹ ਜਾਂ ਛੱਪੜ ਦਾ ਪਾਣੀ ਸੁੱਕ ਜਾਣ ਪਿੱਛੋਂ ਉਸ ਥਾਂ 'ਤੇ ਉੱਠੀ ਮਿੱਟੀ ਜਾਂ ਚਿੱਕੜ ਦੀ ਪਤਲੀ ਤਹਿ। ਪਾਪੜੀ ਇੱਕ ਕਿਸਮ ਦੀ ਝਾੜੀ ਵੀ ਹੈ, ਜੋ ਪੱਛਮੀ ਹਿਮਾਲਾ ਤੋਂ ਲੈ ਕੇ ਦਰਿਆ ਸਿੰਧ ਤੱਕ ਮਿਲਦੀ ਹੈ।

ਮਹਾਨ ਕੋਸ਼ ਤੇ ਹੋਰ ਕਈ ਕੋਸ਼ਾਂ ਵਿੱਚ ਵੀ ਅਜਿਹੇ ਅਰਥ ਮਿਲਦੇ ਹਨ। ਕਿਸੇ ਰੁੱਖ ਜਾਂ ਸਰੀਰ ਦੇ ਉਪਰਲੇ ਹਿੱਸੇ ਦੀ ਪਰਤ ਨੂੰ ਪੱਪੜੀ ਕਹਿੰਦੇ ਹਨ, ਜੋ ਸੁੱਕਣ ਤੋਂ ਬਾਅਦ ਜੰਮ ਜਾਂਦੀ ਹੈ। ਆਮ ਤੌਰ 'ਤੇ ਬੁੱਲ੍ਹਾਂ ਉੱਤੇ ਵੀ ਪੱਪੜੀ ਜੰਮ ਜਾਂਦੀ ਹੈ, ਜਦੋਂ ਮੌਸਮ ਵਿੱਚ ਜ਼ਿਆਦਾ ਖੁਸ਼ਕੀ ਹੋਵੇ। ਧਰਤੀ ਦੀ ਉਪਰਲੀ ਤਹਿ ਨੂੰ ਵੀ ਪੱਪੜੀ ਕਿਹਾ ਜਾਂਦਾ ਹੈ। ਇਸ ਪੱਪੜੀ ਦਾ ਸਜਾਤੀ ਸ਼ਬਦ ਪਾਪੜ ਹੈ। ਚਟਪਟਾ ਮਸਾਲੇਦਾਰ ਪਾਪੜ ਰੋਟੀ ਨਾਲ ਜਾਂ ਉਸ ਤੋਂ ਪਹਿਲਾਂ ਖਾਧਾ ਜਾਂਦਾ ਹੈ। ਪੀਣ ਪਿਲਾਉਣ ਵਾਲਿਆਂ ਲਈ ਇਹ ਜ਼ਾਇਕੇਦਾਰ ਪਦਾਰਥ ਹੈ। ਪੱਪੜੀ ਭਾਵੇਂ ਕਿਸੇ ਚੀਜ਼ ਦੀ ਪਰਤ ਹੁੰਦੀ ਹੈ, ਪਰ ਪਾਪੜ ਪਰਤ ਨਹੀਂ ਹੁੰਦਾ, ਸਗੋਂ ਇਸ ਨੂੰ ਬੜੀ ਮਿਹਨਤ ਨਾਲ ਤਿਆਰ ਕੀਤਾ ਜਾਂਦਾ ਹੈ। ਛੋਲੇ, ਮੂੰਗੀ, ਮਾਂਹ, ਚੌਲਾਂ ਆਦਿ ਦੇ ਪੀਸੇ ਆਟੇ ਵਿੱਚ ਮਸਾਲੇ ਤੇ ਵਿਸ਼ੇਸ਼ ਤੌਰ 'ਤੇ ਕਾਲੀ ਮਿਰਚ ਪਾ ਕੇ ਇਸਨੂੰ ਬੜੇ ਸਲੀਕੇ ਨਾਲ ਪਤਲੀ ਰੋਟੀ ਵਿੱਚ ਵੇਲ ਕੇ ਸੁਕਾਇਆ ਜਾਂਦਾ ਹੈ। ਸੁੱਕਣ ਤੋਂ ਬਾਅਦ ਹੀ ਇਹ ਤਲਣ, ਭੁੰਨਣ ਜਾਂ ਸੇਕਣ ਤੋਂ ਬਾਅਦ ਖਾਧਾ ਜਾਂਦਾ ਹੈ। ਕਈ ਲੋਕ ਇਹਦੀ ਸਬਜ਼ੀ ਵੀ ਬਣਾਉਂਦੇ ਹਨ।

ਪੱਪੜੀ ਤੇ ਪਾਪੜ ਸ਼ਬਦ ਇੱਕੋ ਮੂਲ ਦੇ ਹਨ। ਸੰਸਕ੍ਰਿਤ ਦੇ ਸ਼ਬਦ ਪਰਪਟ, ਪਰਪਟਕ ਜਾਂ ਪਰਪਟਿਕਾ ਤੋਂ ਇਹਦੀ ਵਿਓਤਪਤੀ ਮੰਨੀ ਜਾਂਦੀ ਹੈ। ਵੱਖ ਵੱਖ ਭਾਸ਼ਾਵਾਂ ਵਿੱਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ-ਸਿੰਧੀ ਵਿੱਚ ਪਾਪੜੁ, ਨੇਪਾਲੀ ਵਿੱਚ ਪਾਪੜੋ, ਗੁਜਰਾਤੀ ਤੇ ਹਿੰਦੀ ਵਿੱਚ ਪਾਪੜ, ਬੰਗਾਲੀ ਵਿੱਚ ਪਾਪੜੀ। ਦੱਖਣੀ ਭਾਸ਼ਾਵਾਂ ਵਿੱਚ ਇਸ ਨਾਲ ਮਿਲਦੇ-ਜੁਲਦੇ ਸ਼ਬਦਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿਵੇਂ-ਮਲਿਆਲਮ ਵਿੱਚ ਪਾਪਡਮ੍ (pappadam), ਕੰਨੜ ਵਿੱਚ ਹਪਾਲਾ (happla), ਤੈਲਗੂ ਵਿੱਚ ਅਪਾਦਮ, ਤਮਿਲ ਵਿੱਚ ਅਪਲਮ ਜਾਂ ਪਪਪਤਮ੍ (pappatam)।

ਵਿਕੀਪੀਡੀਆ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਵਰਤੇ ਜਾਂਦੇ ਇਸ ਦੇ 19 ਰੂਪਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਤਰ੍ਹਾਂ ਇਹਦੀ ਵਿਕਾਸ ਲੜੀ ਇੰਜ ਉਲੀਕੀ ਜਾ ਸਕਦੀ ਹੈ-ਪਰਪਟਿਕਾ~ਪਪੜਿਆ~ਪਾਪੁਦਰਾ। ਇਸੇ ਤਰ੍ਹਾਂ ਇੱਕ ਹੋਰ ਲੜੀ ਬਣਦੀ ਹੈ- 'ਪਰਪਰਪਟੱਕ~ ਪੱਪਟੱਕ~ ਪਪੜਾਆ~ਪਾਪੜ।' ਪਰਪਟਕ ਦੇ ਮੂਲ ਵਿੱਚ 'ਪ੍ਰ' ਕਿਰਿਆ ਹੈ, ਜਿਸ ਵਿੱਚ ਰੱਖਣ, ਅੱਗੇ ਲਿਆਉਣ, ਕੰਮ ਕਰਾਉਣ, ਰੱਖਿਆ ਕਰਨ, ਜਿਊਂਦੇ ਰੱਖਣ, ਉਨਤੀ ਕਰਨ, ਪੂਰਾ ਕਰਨ, ਉਦਾਰ ਕਰਨ ਵਰਗੇ ਭਾਵ ਮਿਲਦੇ ਹਨ।

ਸੰਸਕ੍ਰਿਤ ਦਾ 'ਰੀ' ਅੱਖਰ ਬੜਾ ਕੀਮਤੀ ਹੈ, ਇਸ ਵਿੱਚ ਵੀ ਜਾਣ, ਪਾਉਣ ਵਰਗੇ ਭਾਵ ਪਏ ਹਨ। 'ਪ' ਵਿੱਚ 'ਰੀ' ਦੇ ਮੇਲ ਤੋਂ 'ਪ੍ਰ' ਸ਼ਬਦ ਬਣਿਆ ਹੈ। 'ਰੀ' ਵਿੱਚ ਗਤੀ ਜਾਂ ਵੇਗ ਦੇ ਅਰਥ ਪਏ ਹਨ। ਇਸ ਵਿੱਚ ਮਾਰਗ, ਰਾਹ, ਰਸਤੇ ਦੇ ਅਰਥ ਵੀ ਮਿਲਦੇ ਹਨ। ਇਸੇ 'ਰੀ' ਤੋਂ ਬਣੇ ਹਨ ਰਿਤੂ ਅਥਵਾ ਰੁੱਤ ਜਿਨ੍ਹਾਂ ਦਾ ਅਰਥ ਹੈ- ਘੁੰਮਣਾ, ਚੱਕਰ ਕੱਢਣਾ। ਗੋਲਾਕਾਰ ਸ਼ਬਦ ਇਸੇ ਦੀ ਦੇਣ ਹੈ। ਰਿਤੂ ਜਾਂ ਰੁੱਤਾਂ ਵੀ ਇੱਕ ਚੱਕਰ ਵਿੱਚ ਵਾਰ-ਵਾਰ ਆਉਂਦੀਆਂ ਹਨ। ਕੁਝ ਮਹੀਨਿਆਂ ਦੇ ਵਕਫ਼ੇ ਬਾਅਦ ਇਹ ਬਦਲ ਜਾਂਦੀਆਂ ਹਨ। ਦੁਹਰਾਉਣ ਦੀ ਇਸ ਕਿਰਿਆ ਨੂੰ ਆਵ੍ਰਿਤੀ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ- ਮੁੜਨਾ, ਪਰਤਣਾ, ਪਲਟਣਾ, ਚੱਕਰ ਕੱਢਣਾ ਆਦਿ। 'ਪ' ਤੇ 'ਰੀ' ਦੇ ਮੇਲ ਤੋਂ ਬਣੀ ਕਿਰਿਆ 'ਪ੍ਰ' ਦੇ 'ਪ' ਵਿੱਚ ਪਾਲਣ ਪੋਸਣ ਦੇ ਅਰਥ ਪਏ ਹਨ ਤੇ 'ਰੀ' ਵਿੱਚ ਚਾਰੇ ਪਾਸੇ ਦੀ ਰੱਖਿਆ ਦਾ ਭਾਵ ਪਿਆ ਹੈ। ਇਸ ਤਰ੍ਹਾਂ ਘਿਰੇ ਰਹਿਣ ਜਾਂ ਸੁਰੱਖਿਆ ਦਾ ਭਾਵ ਪੱਪੜੀ ਵਿੱਚ ਨਜ਼ਰ ਆਉਂਦਾ ਹੈ। ਇਹ ਕਿਸੇ ਰੁੱਖ ਦੇ ਤਣੇ ਦਾ ਸੁਰੱਖਿਆ ਕਵਚ ਹੈ। ਪੱਪੜੀ ਵਰਗਾ ਪਦਾਰਥ ਹੀ ਪਾਪੜ ਹੈ।

ਗੁਜਰਾਤ, ਮਹਾਰਾਸ਼ਟਰ ਵਿੱਚ ਇੱਕ ਡੇਢ ਫੁੱਟ ਲੰਮਾ ਤੇ ਕੁਝ ਕੁਝ ਗੋਲ ਇੱਕ ਪਦਾਰਥ ਮਿਲਦਾ ਹੈ, ਜਿਸਨੂੰ ਫਾਫੜਾ ਕਿਹਾ ਜਾਂਦਾ ਹੈ। ਇਸ ਦੀ ਸਕੀਰੀ ਵੀ ਪਾਪੜ ਨਾਲ ਹੈ। ਪਿੱਤ ਪਾਪੜਾ ਜਾਂ ਪਾਪੜੀ ਨਾਂ ਦਾ ਇੱਕ ਰੁੱਖ ਵੀ ਹੈ, ਜਿਸਦੇ ਪੱਤੇ ਬਹੁਤ ਡਿਗਦੇ ਹਨ। ਇਸ ਦੀ ਛਿਲ ਪੀਲੇਪਨ ਵਿੱਚ ਚਿੱਟੀ ਜਿਹੀ ਹੁੰਦੀ ਹੈ। ਇਸ ਤਰ੍ਹਾਂ ਹੁਣ ਪਾਪੜ ਜਦੋਂ ਬਾਜ਼ਾਰ ਦੀ ਵਸਤ ਬਣ ਗਿਆ ਹੈ ਤਾਂ ਇਹਦੇ ਕਈ ਰੂਪ, ਸਵਾਦ ਤੇ ਕਿਸਮਾਂ ਪ੍ਰਚਲਤ ਹੋ ਗਈਆਂ ਹਨ। ਰਾਜਿਸਥਾਨ ਵਿੱਚ ਵੀ ਇਹ ਲੋਕਾਂ ਦੇ ਖਾਣੇ ਵਿੱਚ ਸ਼ਾਮਲ ਹੈ ਤੇ ਇਸ ਦੀਆਂ ਕਈ ਸਥਾਨਕ ਕਿਸਮਾਂ ਵੀ ਮਿਲਦੀਆਂ ਹਨ।

**'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'**

# ਸੂਫੀ ਫ਼ਕੀਰ ਭੀਖਣ ਸ਼ਾਹ ਅਤੇ ਆਰਿਫ਼ ਦੀਨ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਅਸੀਂ ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪ ਰਹੇ ਹਾਂ। ਇਸ ਅੰਕ ਵਿੱਚ ਸੂਫੀ ਫ਼ਕੀਰ ਭੀਖਣ ਸ਼ਾਹ ਤੇ ਆਰਿਫ਼ ਦੀਨ ਬਾਰੇ ਸੰਖੇਪ ਵੇਰਵਾ ਹੈ...**

**ਇਤਿਹਾਸ ਦੇ ਪੰਨੇ**

**ਅਲੀ ਰਾਜਪੁਰਾ**
ਫੋਨ:+91-9417679302



ਕੁਰੂਕਸ਼ੇਤਰ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਹੈ ਸੈਦਾਂ 'ਸਿਆਲਾ' ਜਿਹੜਾ ਕਿ ਪਿਹੋਵਾ ਤਹਿਸੀਲ 'ਚ ਪੈਂਦਾ ਹੈ। ਪੀਰ ਭੀਖਣ ਸ਼ਾਹ ਦਾ ਇਸ ਪਿੰਡ 'ਚ ਜਨਮ ਚੰਦ ਦੀ ਨੌਵੀਂ ਨੌਂ ਹਜ਼ਬ ਹਿਜਰੀ 1046 ਈ: ਨੂੰ ਹੋਇਆ। ਪਿਤਾ ਦਾ ਨਾਮ ਹਜ਼ਰਤ ਮੌਲਾਨਾ ਮੁਹੰਮਦ ਸ਼ਾਹ ਯੂਸਫ ਸਵਾਲੀਆ ਤੇ ਮਾਤਾ ਦਾ ਨਾਮ ਮਲਕਾਂ ਸੀ। ਪੀਰ ਭੀਖਣ ਸ਼ਾਹ ਨੂੰ ਕਈ ਨਾਂਵਾਂ ਨਾਲ ਨਿਵਾਜਿਆ ਜਾਂਦਾ ਹੈ। ਉਨ੍ਹਾਂ ਦਾ ਮੁਢਲਾ ਸਮਾਂ ਪਿੰਡ ਸੈਦਾਂ ਸਿਆਲਾ ਵਿਖੇ ਗੁਜ਼ਰਿਆ। ਦੱਸਿਆ ਜਾਂਦਾ ਹੈ ਕਿ ਅੱਬਾ ਹਜ਼ਰਤ ਮੌਲਾਨਾ ਮੁਹੰਮਦ ਸ਼ਾਹ ਯੂਸਫ ਸਵਾਲੀਆ ਦੇ ਅੱਲ੍ਹਾ ਨੂੰ ਪਿਆਰੇ ਹੋ ਜਾਣ ਪਿੱਛੋਂ ਉਹ ਪੱਕੇ ਤੌਰ 'ਤੇ 'ਘੁੜਾਮ' ਆਣ ਵਸੇ, ਜਿਹੜਾ ਕਿ ਥੇਹ 'ਤੇ ਵਸਿਆ ਹੋਇਆ ਹੈ, ਜਿੱਥੇ ਅੱਜ ਵੀ ਨਾਨਕੀ ਇੱਟਾਂ ਦੀ ਕਿਲ੍ਹਾ ਨੁਮਾ ਇਮਾਰਤ ਨਜ਼ਰ ਪੈਂਦੀ ਹੈ। ਇਹ ਪਿੰਡ ਪਟਿਆਲ਼ਾ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਹੈ ਤੇ ਪਟਿਆਲ਼ਾ ਤੋਂ ਲਗਭਗ 20-25 ਕਿਲੋਮੀਟਰ 'ਤੇ ਸਥਿਤ ਹੈ।

ਆਪਣੇ ਜ਼ਿਲ੍ਹਾ ਸਹਾਰਨਪੁਰਾ ਦੇ ਮਸ਼ਹੂਰ ਪਿੰਡ ਅੰਬਹਿਦਾ ਦੇ ਅੱਬੁਲ ਮੁਆਲੀ ਸ਼ਾਹ ਨੂੰ ਉਸਤਾਦ ਧਾਰਿਆ, ਜਿੱਥੋਂ ਉਨ੍ਹਾਂ ਨੇ ਇਸਲਾਮਿਕ ਪੜ੍ਹਾਈ ਗ੍ਰਹਿਣ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵਾਲੇ ਦਿਨ ਉਨ੍ਹਾਂ ਨੇ 'ਜੌਹਰ' ਦੀ ਨਮਾਜ਼ ਚੜ੍ਹਦੇ ਵਾਲੇ ਰੁਖ਼ ਕਰਕੇ ਅਦਾ ਕੀਤੀ। ਇਸਲਾਮਿਕ ਹਲਕਿਆਂ ਵਿੱਚ ਜਦੋਂ ਇਹ ਗੱਲ ਪਹੁੰਚੀ ਤਾਂ ਕਈ ਤਰ੍ਹਾਂ ਦੀਆਂ ਗੱਲਾਂ ਜੁੜੀਆਂ ਭਾਵ ਜਿੰਨੇ ਮੂੰਹ ਓਨੀਆਂ ਗੱਲਾਂ। ਪਰ ਪੀਰ ਜੀ ਇਨ੍ਹਾਂ ਗੱਲਾਂ ਤੋਂ ਬੇਪ੍ਰਵਾਹ ਰਹੇ। ਕੁਝ ਲੋਕਾਂ ਦਾ ਮੰਨਣਾ ਸੀ ਕਿ ਪੀਰ ਜੀ ਨੇ ਇਸਲਾਮ ਦੀ ਸ਼ਰਾ ਤੋਂ ਉਲਟ ਜਾ ਕੇ ਨਮਾਜ਼ ਅਦਾ ਕੀਤੀ ਹੈ। ਕੁਝ ਅਨਸਰ ਉਨ੍ਹਾਂ ਨੂੰ ਕਾਫ਼ਰ (ਸ਼ੈਤਾਨ) ਵੀ ਕਹਿਣ ਲੱਗੇ, ਕਿਉਂਕਿ ਇਸ ਪਾਸੇ ਰੁਖ਼ ਕਰਕੇ ਨਮਾਜ਼ ਤਾਂ ਕਾਫ਼ਰ ਲੋਕ ਪੜ੍ਹਦੇ ਹਨ।

ਇੱਕ ਦਿਨ ਉਨ੍ਹਾਂ ਦੇ ਇੱਕ ਸ਼ਾਗਿਰਦ ਨੇ ਕਿਹਾ, "ਪੀਰ ਜੀ, ਤੁਸੀਂ ਇਸਲਾਮਿਕ ਸ਼ਰਾ ਤੋਂ ਉਲਟ ਨਮਾਜ਼ ਕਿਉਂ ਪੜ੍ਹੀ...?" ਪੀਰ ਜੀ ਨੇ ਆਪਣਾ ਤਰਕ ਸਿੱਧ ਕੀਤਾ ਕਿ ਅਸੀਂ ਮੱਕਾ ਸ਼ਰੀਫ ਵੱਲ ਨਮਾਜ਼ ਇਸ ਲਈ ਪੜ੍ਹਦੇ ਹਾਂ ਕਿ ਲਹਿੰਦੇ ਵਾਲੇ ਪਾਸੇ ਅੱਲ੍ਹਾ ਦਾ ਘਰ ਮੱਕਾ ਸ਼ਰੀਫ ਹੈ, ਜਿਸ ਵਿੱਚ ਅੱਲ੍ਹਾ ਪਾਕ ਦਾ ਵਾਸਾ ਹੈ। ਕਾਦਰ ਦੀ ਕੁਦਰਤ ਨਾਲ ਹਰ ਕਣ-ਕਣ ਵਿੱਚ ਉਸ ਦਾ ਵਾਸਾ ਹੈ। ਤੇ ਮੈਨੂੰ ਪਟਨਾ ਸ਼ਹਿਰ 'ਚ 'ਅੱਲ੍ਹਾ-ਪਾਕ' ਦਾ ਨੂਰ ਨਜ਼ਰ ਪਿਆ ਤੇ ਫਿਰ ਮੈਂ ਕਿਉਂ ਨਾ ਚੜ੍ਹਦੇ ਵੱਲ ਰੁਖ਼ ਕਰਕੇ ਨਮਾਜ਼ ਅਦਾ ਕਰਦਾ! ਇੰਨਾ ਸੁਣ ਪੀਰ ਜੀ ਦੇ ਸ਼ਾਗਿਰਦ ਹੱਕੇ-ਬੱਕੇ ਰਹਿ ਗਏ। ਇਕੱਠ ਵਿੱਚੋਂ ਆਵਾਜ਼ ਆਈ, ਇਹ ਕਿਵੇਂ ਹੋ ਸਕਦਾ ਹੈ? ਅਸੀਂ ਵੀ ਦੇਖਣਾ ਚਾਹੁੰਦੇ ਹਾਂ ਅੱਲ੍ਹਾ ਦਾ ਨੂਰ।

ਭੀਖਣ ਸ਼ਾਹ ਜੀ ਨੇ ਪਟਨਾ ਜਾਣ ਦੀ ਤਿਆਰੀ ਆਰੰਭਣ ਲਈ ਕਿਹਾ। ਪੀਰ ਜੀ ਆਪਣੇ ਸ਼ਰਧਾਲੂਆਂ ਸਮੇਤ ਘੁੜਾਮ ਤੋਂ ਚੱਲ ਕੇ ਪਟਨਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਭੂਮੀ ਜਾ ਪਹੁੰਚੇ ਤਾਂ ਮਾਮਾ ਕ੍ਰਿਪਾਲ ਚੰਦ ਜੀ ਨੇ ਸਾਰੀ ਵਿੱਥਿਆ ਦੱਸੀ। ਆਪਣੇ ਸਾਥੀਆਂ ਨੂੰ ਆਖਿਆ ਕਿ ਹੈ ਤਾਂ ਅੱਲ੍ਹਾ ਦਾ ਨੂਰ ਹੀ, ਪਰ ਤੁਹਾਡੀ ਤਸੱਲੀ ਲਈ ਅਸੀਂ ਦੋ ਕੁੱਜੀਆਂ ਅੱਗੇ ਕਰਕੇ ਪਰਖ ਕਰਾਂਗੇ...। ਗੁਰੂ ਜੀ ਦੇ ਮਾਮਾ ਕ੍ਰਿਪਾਲ ਚੰਦ ਜੀ ਗੁਰੂ ਜੀ ਨੂੰ ਕੁੱਛੜ ਚੁੱਕ ਪੀਰ ਜੀ ਕੋਲ ਲੈ ਆਏ ਤਾਂ ਪੀਰ ਭੀਖਣ ਸ਼ਾਹ ਜੀ ਨੇ ਦੋਵੇਂ ਕੁੱਜੀਆਂ ਅੱਗੇ ਵਧਾਈਆਂ ਤਾਂ ਬਾਲ ਗੋਬਿੰਦ ਰਾਇ ਜੀ ਨੇ ਦੋਵੇਂ ਕੁੱਜੀਆਂ 'ਤੇ ਹੱਥ ਧਰ ਕੇ ਸਿੱਧ ਕੀਤਾ ਕਿ ਉਹ ਸਿੱਖਾਂ ਤੇ ਮੁਸਲਮਾਨਾਂ ਦਾ ਸਾਂਝਾ ਗੁਰੂ ਹੈ। ਗੁਰੂ ਸਾਹਿਬ ਦਾ ਨੂਰਾਨੀ ਚਿਹਰਾ ਮੁਸਕਰਾ ਰਿਹਾ ਸੀ। ਸਾਰੇ ਦੇਖ ਕੇ ਦੰਗ ਰਹਿ ਗਏ।

ਪੀਰ ਭੀਖਣ ਸ਼ਾਹ ਜੀ ਨੇ ਆਪਣੇ ਸਾਥੀਆਂ ਸਮੇਤ ਪੰਜਾਬ ਵੱਲ ਨੂੰ ਫੇਰੇ ਪਾ ਦਿੱਤੇ। ਅੰਤਿਮ ਵੇਲੇ ਜਦੋਂ ਪੀਰ ਸਾਹਿਬ ਦੀ ਸਿਹਤ ਸਾਜ਼ਗਾਰ ਨਾ ਰਹਿਣ ਲੱਗੀ ਤਾਂ ਗੁਰੂ ਗੋਬਿੰਦ ਸਿੰਘ ਜੀ ਦਰਸ਼ਨਾਂ ਲਈ ਘੁੜਾਮ ਆਏ ਸਨ। ਜਿੱਥੇ ਅੱਜ ਕਲ੍ਹ 'ਮਿਲਾਪ ਸਰ' ਇਤਿਹਾਸਕ ਗੁਰੂ ਘਰ ਵੀ ਉਸਰਿਆ ਹੋਇਆ ਹੈ। ਇਸ ਪਿੰਡ ਨਾਲ ਇਤਿਹਾਸਕ ਪੱਖੋਂ ਇਹ ਵੀ ਜੁੜਦਾ ਹੈ ਕਿ ਇਹ ਮਾਤਾ ਕੁਸ਼ੱਲਿਆ ਦਾ ਪੇਕਾ ਪਿੰਡ ਵੀ ਹੈ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਹ ਸ੍ਰੀ ਰਾਮਚੰਦਰ ਜੀ ਦੀ ਜਨਮ ਭੂਮੀ ਵੀ ਹੈ। ਅੱਜ ਇਸ ਸਥਾਨ ਦੇ ਬਿਲਕੁਲ ਨਾਲ ਦੋ ਮਸਜਿਦਾਂ, ਮੰਦਿਰ ਅਤੇ ਗੁਰਦੁਆਰਾ ਉਸਰੇ ਹੋਏ ਹਨ।

ਘੁੜਾਮ ਸ਼ਰੀਫ ਦੁਆਰਾ ਪ੍ਰਕਾਸ਼ਿਤ ਪੈਂਫਲਟ ਅਨੁਸਾਰ ਪੀਰ ਜੀ 84 ਸਾਲ ਉਮਰ ਹੰਢਾਅ ਕੇ 5 ਰਮਜ਼ਾਨ 1131 ਹਿਜਰੀ ਨੂੰ ਅੱਲ੍ਹਾ ਪਾਕ ਨੂੰ ਪਿਆਰੇ ਹੋ ਗਏ। ਉਂਜ ਇਸ ਪਿੰਡ ਦਾ ਪ੍ਰਾਚੀਨ ਗ੍ਰੰਥਾਂ 'ਚ ਨਾਂ 'ਕੋਹਰਾਮ' ਲਿਖਿਆ ਮਿਲਦਾ ਹੈ। ਹਰ ਸਾਲ ਚੰਦ 1 ਸਥਾਨ ਤੋਂ 14 ਸਥਾਨਾਂ ਤੱਕ ਸਾਲਾਨਾ ਉਰਸ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹਰ ਮਹੀਨੇ ਚੰਦ ਦੀ ਗਿਆਰ੍ਹਵੀਂ ਨੂੰ 'ਖ਼ਤਮ-ਦਰੂਦ ਸ਼ਰੀਫ' ਪੜ੍ਹੇ ਜਾਂਦੇ ਹਨ। ਇਸ ਪਾਕ ਸਥਾਨ ਦੀ ਦੇਖ-ਰੇਖ ਗੱਦੀ ਨਸ਼ੀਨ ਬਾਬਾ ਮਸਤ ਦੀਵਾਨਾ ਬੁੱਲ੍ਹੇ ਸ਼ਾਹ ਜੀ ਅਤੇ ਬੀਬੀ ਮਸਤ ਦੀਵਾਨੀ ਭੋਲ਼ੂ ਸ਼ਾਹ ਜੀ ਕਰ ਰਹੇ ਹਨ।

## ਪੀਰ ਆਰਿਫ਼ ਦੀਨ

ਪੀਰ ਆਰਿਫ਼ ਦੀਨ ਧਾਰਮਿਕ ਬਿਰਤੀ ਵਾਲ਼ੇ ਨੇਕ ਇਨਸਾਨ ਸਨ, ਇਸਲਾਮਿਕ ਫ਼ਰਜ਼ਾਂ ਦੇ ਪੂਰਕ ਜਿਵੇਂ ਪੰਜ ਵਕਤ ਨਮਾਜ਼ ਦੇ ਪੱਕੇ, ਸਦਕਾ, ਜ਼ਕਾਤ ਰੋਜ਼ਿਆਂ ਦੇ ਪੱਕੇ ਧਾਰਨੀ ਤੇ ਕਰਨਾਲ (ਹਰਿਆਣਾ) ਦੇ ਪੱਕੇ ਬਾਸ਼ਿੰਦੇ ਸਨ।

ਇੱਕ ਵਾਰ ਮਾਤਾ ਗੁਜਰੀ ਜੀ ਨੇ ਪਟਨਾ ਤੋਂ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਲਖਨੌਰ (ਅੰਬਾਲਾ) ਵਿਖੇ ਠਹਿਰ ਕੀਤੀ ਸੀ, ਤਾਂ ਇੱਕ ਦਿਨ ਬਾਲ ਗੋਬਿੰਦ ਰਾਇ ਜੀ ਆਪਣੇ ਹਮਉਮਰਾਂ ਨਾਲ ਖੇਡ ਰਹੇ ਸਨ ਤੇ ਪੀਰ ਆਰਿਫ਼ ਦੀਨ ਪਾਲਕੀ 'ਚ ਸਵਾਰ ਹੋ ਕੇ ਉੱਥੋਂ ਦੀ ਗੁਜ਼ਰ ਰਹੇ ਸਨ। ਬਾਲ ਗੋਬਿੰਦ ਰਾਇ ਨੂੰ ਦੇਖ ਪੀਰ ਜੀ ਨੇ ਆਪਣੀ ਪਾਲਕੀ ਥਾਂਏਂ ਰਖਾ ਲਈ ਤੇ ਗੋਬਿੰਦ ਰਾਇ ਜੀ ਕੋਲ ਜਾ ਝੁਕ ਕੇ ਸਲਾਮ ਕੀਤਾ ਅਤੇ ਗੋਬਿੰਦ ਰਾਇ ਜੀ ਨੂੰ ਇੱਕ ਪਾਸੇ ਲਿਜਾ ਕੇ ਗੱਲਾਂ ਕਰਨ ਲੱਗੇ।

ਗੱਲ-ਬਾਤ ਮੁੱਕਣ ਉਪਰੰਤ ਤੁਰਨ ਲੱਗਿਆਂ ਨੇ ਫਿਰ ਗੋਬਿੰਦ ਰਾਇ ਜੀ ਨੂੰ ਅਦਬ ਨਾਲ ਝੁਕ ਕੇ ਸਲਾਮ ਕੀਤਾ, ਪਰ ਆਪ ਮੁੜ ਪਾਲਕੀ ਵਿੱਚ ਸਵਾਰ ਨਾ ਹੋਏ ਤੇ ਤੁਰਦੇ ਦੂਰ ਨਿਕਲ ਗਏ। ਜਦੋਂ ਬਾਲ ਗੋਬਿੰਦ ਰਾਇ ਜੀ ਆਪ ਨੂੰ ਦਿਸਣੋਂ ਬੰਦ ਹੋਏ ਫਿਰ ਮੁੜ ਪੀਰ ਜੀ ਨੇ ਪਾਲਕੀ ਵਿੱਚ ਸਵਾਰੀ ਕੀਤੀ। ਇਹ ਸਭ ਕੁਝ ਦੇਖ ਪੀਰ ਜੀ ਦੇ ਮੁਰੀਦਾਂ ਨੇ ਸਵਾਲ ਕੀਤਾ, "ਪੀਰ ਜੀ, ਆਪ ਨੇ ਉਸ ਨਿੱਕੇ ਬਾਲ ਨੂੰ ਝੁਕ ਕੇ ਸਲਾਮ ਕਿਉਂ ਕੀਤਾ...?" ਪੀਰ ਜੀ ਨੇ ਸਾਫ਼ ਸ਼ਬਦਾਂ 'ਚ ਕਿਹਾ, "ਮੈਨੂੰ ਉਸ ਬਾਲ ਵਿੱਚ ਅੱਲ੍ਹਾ-ਪਾਕ ਦਾ ਜ਼ਹੂਰ ਨਜ਼ਰ ਆਇਆ... ਤੇ ਅਦਬ ਨਾਲ ਝੁਕ ਕੇ ਸਲਾਮ ਕਰਨਾ ਮੇਰਾ ਫਰਜ਼ ਸੀ।"



ਗੁਰਦੁਆਰਾ ਮਿਲਾਪ ਸਰ, ਘੁੜਾਮ

# ਟੂਣੇ ਟੋਟਕੇ ਦਾ ਇਤਿਹਾਸ



**ਗੁਰਪ੍ਰੀਤ ਸਿੰਘ ਢਿੱਲੋਂ**

ਅੱਜ ਦੇ ਸਮੇਂ ਵਿੱਚ ਵਿਗਿਆਨ ਨੇ ਐਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਚੰਨ ਤੇ ਦੂਜੇ ਗ੍ਰਹਿਆਂ 'ਤੇ ਪਹੁੰਚ ਗਿਆ ਹੈ, ਨਕਲੀ ਮੀਂਹ ਪਵਾਇਆ ਜਾ ਸਕਦਾ ਹੈ ਤੇ ਆਰਟੀਫਿਸ਼ਲ ਇੰਟੈਲੀਜੈਂਸ ਦਾ ਦੌਰ ਚਲ ਰਿਹਾ ਹੈ; ਮਸ਼ੀਨਾਂ ਮਨੁੱਖ ਦਾ ਕੰਮ ਕਰ ਰਹੀਆਂ ਹਨ, ਪਰਖ ਨਲੀ ਰਾਹੀਂ ਬੱਚਾ ਪੈਦਾ ਕੀਤਾ ਜਾ ਸਕਦਾ ਹੈ ਤੇ ਪਤਾ ਨਹੀਂ ਕਿੰਨੀਆਂ ਹੋਰ ਖੋਜਾਂ ਜਿੰਨਾ ਨੂੰ ਸੁਣ ਕੇ ਆਮ ਬੰਦਾ ਹੈਰਾਨ ਰਹਿ ਜਾਂਦਾ ਹੈ। ਇਹੋ ਜਿਹੇ ਸਮੇਂ ਵਿੱਚ ਵੀ ਅਨਪੜ੍ਹ ਜੋਤਸ਼ੀਆਂ ਤੇ ਤਾਂਤਰਿਕਾਂ ਨੇ ਬਹੁਤੇ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ।

ਅੱਜ ਕੱਲ੍ਹ ਟੂਣੇ ਨੂੰ ਇੱਕ ਬਹੁਤ ਖਤਰਨਾਕ ਸ਼ੈਅ ਮੰਨਿਆ ਜਾਂਦਾ ਹੈ। ਜੇ ਕਿਸੇ ਦੇ ਘਰ ਕੋਲ ਟੂਣਾ ਕੀਤਾ ਮਿਲ ਜਾਵੇ ਤਾਂ ਲੋਕ ਆਪਣੇ ਗੁਆਂਢੀਆਂ ਨੂੰ ਗਾਲ੍ਹਾਂ ਕੱਢਣ ਲੱਗਦੇ ਹਨ। ਪਖੰਡੀ ਸਾਧਾਂ ਨੇ ਅਤੇ ਅੰਧਵਿਸ਼ਵਾਸੀ ਲੋਕਾਂ ਨੇ ਟੂਣੇ ਦਾ ਜੋ ਮਤਲਬ ਅੱਜ ਸਮਝ ਲਿਆ ਤੇ ਸਮਝਾ ਦਿੱਤਾ, ਅਸਲ ਵਿੱਚ ਟੂਣੇ ਦਾ ਮਤਲਬ ਉਹ ਨਹੀਂ ਸੀ। ਪੁਰਾਣੇ ਜ਼ਮਾਨੇ ਵਿੱਚ ਟੂਣਾ ਵੀ ਇੱਕ ਬਹੁਤ ਜ਼ਰੂਰੀ ਅਤੇ ਮਨੁੱਖੀ ਭਲੇ ਲਈ ਕੀਤਾ ਜਾਂਦਾ ਸੀ, ਕਿਉਂਕਿ ਪੁਰਾਣੇ ਸਮਿਆਂ ਵਿੱਚ ਜਦੋਂ ਆਵਾਜਾਈ ਤੇ ਸੰਚਾਰ ਸਾਧਨ ਨਹੀਂ ਬਣੇ ਸਨ ਤਾਂ ਜਦੋਂ ਕੋਈ ਵਿਅਕਤੀ ਬਿਮਾਰ ਹੋ ਜਾਂਦਾ ਸੀ ਤਾਂ ਕਈ ਵਾਰ ਵੈਦ ਜਾਂ ਹਕੀਮ ਬਹੁਤ ਦੂਰ ਹੁੰਦਾ ਸੀ ਅਤੇ ਵੈਦ ਹਕੀਮ ਨੂੰ ਲੱਭਣਾ ਤੇ ਉਸ ਤੱਕ ਪਹੁੰਚਣ ਵਿੱਚ ਕਾਫੀ ਦੇਰ ਹੋ ਜਾਂਦੀ ਸੀ। ਇਸ ਕਰਕੇ ਲੋਕਾਂ ਨੇ ਵੈਦ ਕੋਲ ਮਰੀਜ਼ ਬਾਰੇ ਆਪਣਾ ਸੁਨੇਹਾ ਪਹੁੰਚਦਾ ਕਰਨ ਲਈ ਟੂਣਾ ਕਰਨ ਦਾ ਤਰੀਕਾ ਅਪਨਾਇਆ।

ਜੇ ਕਿਸੇ ਇਲਾਕੇ ਵਿੱਚ ਸਿਰ ਦਾ ਕੋਈ ਮਰੀਜ਼ ਹੁੰਦਾ ਸੀ ਤਾਂ ਉਸ ਘਰ ਵਾਲੇ ਆਪਣੇ ਘਰ ਤੋਂ ਨੇੜਲੇ ਚੌਕ ਵਿੱਚ ਇੱਕ ਨਾਰੀਅਲ ਰੱਖ ਦਿੰਦੇ ਸਨ ਅਤੇ ਉਸ ਚੌਕ ਵਿੱਚੋਂ ਲੰਘਣ ਵਾਲੇ ਲੋਕ ਅੱਗੇ ਦੇ ਲੋਕਾਂ ਨੂੰ ਦੱਸਦੇ ਰਹਿੰਦੇ ਸਨ ਕਿ ਫਲਾਣੇ ਚੌਕ ਵਿੱਚ ਟੂਣਾ ਪਿਆ ਹੈ। ਇਸ ਤਰ੍ਹਾਂ ਇੱਕ-ਦੋ ਦਿਨ ਵਿੱਚ ਇਹ ਖ਼ਬਰ ਵੈਦ ਹਕੀਮ ਕੋਲ ਪਹੁੰਚ ਜਾਂਦੀ ਸੀ ਅਤੇ ਉਹ ਵੀ ਟੂਣੇ ਬਾਰੇ ਪੁੱਛਦਾ ਹੋਇਆ ਉਸ ਟੂਣੇ ਕੋਲ ਪਹੁੰਚ ਜਾਂਦਾ ਸੀ ਤੇ ਉੱਥੋਂ ਮਰੀਜ਼ ਦਾ ਘਰ ਪੁੱਛ ਕੇ ਮਰੀਜ਼ ਦਾ ਇਲਾਜ ਕਰਦਾ ਸੀ।

ਇਸ ਤਰ੍ਹਾਂ ਜੇ ਕਿਸੇ ਇਲਾਕੇ ਵਿੱਚ ਪੇਟ ਦਾ ਮਰੀਜ਼ ਹੁੰਦਾ ਸੀ ਤਾਂ ਨੇੜਲੇ ਚੌਕ ਵਿੱਚ ਅਨਾਜ ਅਤੇ ਦਾਲਾਂ ਆਦਿ ਮਿਲਾ ਕੇ ਰੱਖੀਆਂ ਜਾਂਦੀਆਂ ਸਨ। ਜੇ ਮਰੀਜ਼ ਨੂੰ ਪੀਲੀਆ ਆਦਿ ਹੁੰਦਾ ਸੀ ਤਾਂ ਅਨਾਜ ਨਾਲ ਹਲਦੀ ਵੀ ਰੱਖ ਦਿੰਦੇ ਸਨ। ਜੇ ਮਰੀਜ਼ ਕੋਈ ਔਰਤ ਹੁੰਦੀ ਸੀ ਤਾਂ ਸਿਰ ਦਾ ਪ੍ਰਤੀਕ ਤਾਂ ਨਾਰੀਅਲ ਹੁੰਦਾ ਸੀ ਅਤੇ ਪੇਟ ਦੀ



ਬਿਮਾਰੀ ਲਈ ਅਨਾਜ ਰੱਖ ਕੇ ਔਰਤ ਦਾ ਪ੍ਰਤੀਕ ਦੱਸਣ ਲਈ ਉਸ ਦੀਆਂ ਵੰਗਾਂ (ਚੂੜੀਆਂ), ਸ਼ੀਸ਼ਾ, ਸੁਰਮਾ ਅਤੇ ਉਸਦੇ ਸ਼ਿੰਗਾਰ ਦੀਆਂ ਚੀਜ਼ਾਂ ਰੱਖ ਦਿੰਦੇ ਸਨ, ਤਾਂ ਜੋ ਹਕੀਮ ਨੂੰ ਪਤਾ ਲੱਗ ਸਕੇ ਕਿ ਮਰੀਜ਼ ਕੋਈ ਔਰਤ ਹੈ। ਜੇ ਮਰੀਜ਼ ਕੋਈ ਬੱਚਾ ਹੁੰਦਾ ਸੀ ਤਾਂ ਟੂਣੇ ਦੇ ਨਾਲ ਕੁਝ ਖਿਡੌਣੇ ਆਦਿ ਰੱਖੇ ਜਾਂਦੇ ਸਨ। ਇਸ ਤਰ੍ਹਾਂ ਇਹ ਟੂਣਾ ਪੁਰਾਣੇ ਸਮਿਆਂ ਵਿੱਚ ਲੋਕਾਂ ਲਈ ਮਦਦਗਾਰ ਸਾਬਤ ਹੁੰਦਾ ਸੀ, ਪਰ ਸੰਚਾਰ ਸਾਧਨ ਤੇ ਆਵਾਜਾਈ ਦੇ ਸਾਧਨ ਵਿਕਸਿਤ ਹੋਣ ਕਰਕੇ ਇਸਦੀ ਅਸਲੀ ਵਰਤੋਂ ਤਾਂ ਬੰਦ ਹੋ ਗਈ ਅਤੇ ਅਸੀਂ ਅੱਜ ਦੇ ਸਮੇਂ ਵਿੱਚ ਡਾਕਟਰ ਕੋਲ ਪਹੁੰਚਣ ਲਈ ਟੈਲੀਫੋਨ ਤੇ ਆਵਾਜਾਈ ਦੇ ਸਾਧਨ ਵਰਤਦੇ ਹਾਂ।

ਕੁਝ ਪਖੰਡੀ ਲੋਕਾਂ ਨੇ ਆਪਣਾ ਪਖੰਡ ਦਾ ਕਾਰੋਬਾਰ ਚਲਾਉਣ ਲਈ ਟੂਣੇ ਨੂੰ ਬਦਨਾਮ ਅਤੇ ਡਰਾਉਣਾ ਬਣਾ ਦਿੱਤਾ। ਜੇ ਕੋਈ ਅੰਧਵਿਸ਼ਵਾਸੀ ਵਿਅਕਤੀ ਕਿਸੇ ਪਖੰਡੀ ਸਾਧ ਜਾਂ ਤਾਂਤਰਿਕ ਕੋਲ ਜਾਂਦਾ ਹੈ ਤਾਂ ਉਸ ਵਿਅਕਤੀ ਦੀ ਸਮੱਸਿਆ ਦਾ ਹੱਲ ਕਰਨ ਲਈ ਉਹ ਪਖੰਡੀ ਸਾਧ ਉਸਨੂੰ ਕੁਝ ਵਸਤਾਂ ਕਿਸੇ ਚੌਕ ਆਦਿ ਵਿੱਚ ਰੱਖਣ ਲਈ ਕਹਿੰਦਾ ਹੈ ਅਤੇ ਜਿਸਦੇ ਘਰ ਕੋਲ ਉਹ ਚੌਕ ਹੁੰਦਾ ਹੈ, ਉਹ ਕਿਸੇ ਵਿਅਕਤੀ ਉੱਪਰ ਸ਼ੱਕ ਕਰਕੇ ਉਸ ਨਾਲ ਲੜਾਈ ਝਗੜਾ ਕਰਦਾ ਹੈ।

ਲੋਕਾਂ ਨੂੰ ਇਨ੍ਹਾਂ ਪਖੰਡੀ ਸਾਧਾਂ ਜਾਂ ਤਾਂਤਰਿਕਾਂ ਦੇ ਪਖੰਡਾਂ ਤੋਂ ਬਚਣ ਦੀ ਲੋੜ ਹੈ, ਤਾਂ ਕਿ ਉਹ ਆਪਣੀ ਆਰਥਿਕ ਅਤੇ ਮਾਨਸਿਕ ਲੁੱਟ ਹੋਣ ਤੋਂ ਬਚਾ ਜਾਣ। ਗੁਰੂ ਨਾਨਕ ਦੇਵ ਜੀ ਨੇ ਕਈ ਕਰਮ ਕਾਂਡਾਂ ਦੇ ਵਿਰੁੱਧ ਜਾ ਕੇ ਭੋਲੇ ਭਾਲੇ ਲੋਕਾਂ ਨੂੰ ਸੱਚ ਤੋਂ ਜਾਣੂੰ ਕਰਾਇਆ ਹੈ, ਪਰ ਫਿਰ ਵੀ ਹਰ ਵਰਗ ਦੇ ਲੋਕ ਵਹਿਮਾਂ-ਭਰਮਾਂ ਵਿੱਚ ਫਸੇ ਹੋਏ ਹਨ ਤੇ ਆਪਣਾ ਮਾਨਸਿਕ, ਸਰੀਰਕ ਤੇ ਆਰਥਿਕ ਸੋਸ਼ਣ ਕਰਵਾ ਰਹੇ ਹਨ। ਪੰਜਾਬ ਭਰ ਵਿੱਚ ਕਈ ਤਰਕਸ਼ੀਲ ਸੁਸਾਇਟੀਆਂ ਹਨ, ਜੋ ਇਨ੍ਹਾਂ ਝੂਠੇ ਮੱਕਾਰ ਲੋਕਾਂ ਵਿਰੁੱਧ ਭੋਲੇ ਭਾਲੇ ਲੋਕਾਂ ਨੂੰ ਵਿਗਿਆਨਕ ਤਰੀਕੇ ਨਾਲ ਜਾਗਰੂਕ ਕਰਦੇ ਹਨ, ਪਰ ਫਿਰ ਵੀ ਬਹੁਤ ਜ਼ਿਆਦਾ ਸਫ਼ਲਤਾ ਨਹੀਂ ਮਿਲੀ। ਇਹ ਲੁਟੇਰਾ ਵਰਗ ਅਕਸਰ ਇਨ੍ਹਾਂ ਵਹਿਮਾਂ-ਭਰਮਾਂ ਨੂੰ ਧਰਮ ਨਾਲ ਜੋੜ ਦਿੰਦੇ ਹਨ ਤੇ ਜ਼ਿਆਦਾਤਰ ਗਰੀਬ ਤੇ ਪਿਛੜੇ ਵਰਗ ਦੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੁਟਦੇ ਹਨ, ਉਨ੍ਹਾਂ ਦਾ ਸੋਸ਼ਣ ਕਰਦੇ ਹਨ।

ਕਹਿੰਦੇ ਹਨ ਕੇ ਇੱਕ ਪੀੜ੍ਹੀ ਦਾ ਪਖੰਡ ਆਉਣ ਵਾਲੀ ਪੀੜ੍ਹੀ ਦੀ ਪਰੰਪਰਾ ਬਣ ਜਾਂਦਾ ਹੈ। ਇਸ ਸਮਾਜਿਕ ਕੋਹੜ ਨੂੰ ਨੱਥ ਪਾਉਣੀ ਜ਼ਰੂਰੀ ਹੈ ਤਾਂ ਜੋ ਗਰੀਬ ਤੇ ਪਹਿਲਾਂ ਹੀ ਲਤਾੜੇ ਹੋਏ ਲੋਕਾਂ ਦਾ ਹੁੰਦਾ ਨਾਜਾਇਜ਼ ਸੋਸ਼ਣ ਬੰਦ ਕੀਤਾ ਜਾਵੇ।


ਪੁਸਤਕਾਂ ਦੀ ਗੱਲ

ਦਿਲਜੀਤ ਸਿੰਘ ਬੇਦੀ
ਫੋਨ: +91-76579-68570




# ਅਦਬੀ ਸਾਹਿਤਕ ਸਰੋਕਾਰਾਂ ਵਿੱਚ ਸਿੱਖ ਪੁਰਖਿਆਂ ਦਾ ਵਿਰਾਸਤੀ ਪ੍ਰਸੰਗ

ਸਿੱਖ ਧਰਮ ਪੂਰਨ ਤੌਰ 'ਤੇ ਮਨੁੱਖੀ ਜੀਵਨ ਜਾਚ ਦਾ ਮਾਰਗ ਹੈ, ਜੋ ਮਨੁੱਖ ਨੂੰ ਉਚੇਰੇ ਅਧਿਆਤਮਕ ਅਨੁਭਵ ਨਾਲ ਜੋੜਦਾ ਹੈ ਅਤੇ ਸੰਤੁਲਿਤ ਸਮਾਜਿਕ ਜੀਵਨ ਜਿਉਣ ਦੀ ਸੋਝੀ ਵੀ ਪ੍ਰਦਾਨ ਕਰਦਾ ਹੈ। ਪ੍ਰਸਿੱਧ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਹੱਥਲੀ ਪੁਸਤਕ ਵਿੱਚ ਸਿੱਖ ਇਤਿਹਾਸ, ਗੁਰਇਤਿਹਾਸ, ਕੌਮੀ ਇਤਿਹਾਸ ਦੀਆਂ ਰੋਲ ਮਾਡਲ ਰਹੀਆਂ ਕੋਈ 20 ਕੁ ਮਹਾਨ ਸ਼ਖ਼ਸੀਅਤਾਂ ਨੂੰ ਆਪਣੀ ਗੁਰਮਤਿ ਸੋਝੀ ਰਾਹੀਂ ਕਲਮਬੰਦ ਕੀਤਾ ਹੈ। ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਜੀ, ਭਾਈ ਗੁਰਦਾਸ ਜੀ, ਭਾਈ ਕਨ੍ਹਈਆ ਜੀ, ਭਾਈ ਨੰਦ ਲਾਲ ਜੀ, ਭਾਈ ਮੋਤੀਰਾਮ ਮਹਿਰਾ ਜੀ, ਮਾਤਾ ਸਾਹਿਬ ਕੌਰ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ, ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ, ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਮਹਾਂ ਕਵੀ ਭਾਈ ਸੰਤੋਖ ਸਿੰਘ ਜੀ, ਭਾਈ ਵੀਰ ਸਿੰਘ ਜੀ, ਪ੍ਰੋ. ਪੂਰਨ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਪ੍ਰੋ. ਸਾਹਿਬ ਸਿੰਘ ਜੀ, ਬਾਬਾ ਨਿਧਾਨ ਸਿੰਘ ਜੀ, ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਸ਼ਾਮਲ ਹਨ।




ਡਾ. ਬਲਕਾਰ ਸਿੰਘ ਸਿੱਖ ਦਰਸ਼ਨ ਦੀ ਨਿਵੇਕਲੀ ਪਛਾਣ ਨੂੰ ਸਥਾਪਤ ਕਰਨ ਲਈ ਪੂਰਨ ਨਿਸ਼ਠਾ ਤੇ ਸਿਦਕਦਿਲੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਦੀ ਲਿਖਤ ਵਿੱਚ ਦਲੀਲ ਦਾ ਸਹਿਜ ਪ੍ਰਗਟਾਵਾ ਹੁੰਦਾ ਹੈ। ਥਾਂ ਪੁਰ ਥਾਂ ਗੁਰਬਾਣੀ ਦੀ ਅਗਵਾਈ ਉਨ੍ਹਾਂ ਦੀ ਦਲੀਲ ਨੂੰ ਪ੍ਰਖਰਤੀ ਪ੍ਰਦਾਨ ਕਰਦੀ ਹੈ। ਉਨ੍ਹਾਂ ਦੀਆਂ ਲਿਖਤਾਂ ਗੁਰੂ ਜੋਤਿ ਦਾ ਪ੍ਰਮਾਣਿਕ ਬਿੰਬ ਉਸਾਰਨ ਕਰਕੇ ਅਕਾਦਮਿਕ ਜਗਤ ਵਿੱਚ ਸਤਿਕਾਰੀਆਂ ਜਾਂਦੀਆਂ ਹਨ। ਲੇਖਕ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਦਸ ਪੁਸਤਕਾਂ- ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ, ਗੁਰਮਤਿ ਵਿਵੇਚਨ, ਭਗਤ ਨਾਮ ਦੇਵ ਜੀਵਨ ਤੇ ਰਚਨਾ, ਸਿੱਖ ਰਹੱਸਵਾਦ, ਜਿਨ੍ਹਾਂ ਤੋਂ ਵਿਛੋੜਿਆ ਗਿਆ, ਪੰਜਾਬ ਦਾ ਬਾਬਾ ਬੋਹੜ ਗੁਰਚਰਨ ਸਿੰਘ ਟੌਹੜਾ, ਸ਼ਬਦ ਗੁਰੂ ਦਾ ਸਿੱਖ ਸਿਧਾਂਤ, The Spiritual Light Bearer of mankind, ਅਕਾਲ ਤਖਤ ਸਾਹਿਬ ਜੋਤਿ ਤੇ ਜੁਗਤਿ, ਨਾਨਕ ਚਿੰਤਨ ਪਿਛੋਕੜ ਅਤੇ ਭੂਮਿਕਾ, ਪਾਠਕਾਂ ਤੇ ਵਿਦਵਾਨਾਂ ਦੇ ਪੋਟਿਆਂ 'ਤੇ ਹਨ।


ਡਾ. ਬਲਕਾਰ ਸਿੰਘ

ਲੇਖਕ ਵੱਲੋਂ ਇਸ ਪੁਸਤਕ ਵਿੱਚ ਗੁਰੂ ਦਰਸਾਈ ਸਿੱਖੀ ਨੂੰ ਕਮਾਉਣ ਵਾਲੇ 20 ਵਿਰਾਸਤੀ ਪੁਰਖਿਆਂ ਦੇ ਜੀਵਨ, ਸੰਘਰਸ਼, ਕਮਾਈ ਨੂੰ ਦਰਸਾਉਣ ਦਾ ਯੋਗ ਉਪਰਾਲਾ ਕੀਤਾ ਹੈ। ਸਿੱਖੀ ਰੋਲ ਮਾਡਲ ਵਜੋਂ ਸਥਾਪਿਤ ਇਨ੍ਹਾਂ ਪੁਰਖਿਆਂ ਵਿੱਚ ਵਿਦਵਾਨ, ਸ਼ਹੀਦ, ਤੇਗ ਦੇ ਧਨੀ ਸੂਰਮੇ, ਕਵੀ, ਸੇਵਾ ਦੇ ਪੁੰਜ ਤੇ ਸਿਆਸਤ ਦੇ ਮਹਾਂਰਥੀ ਸ਼ਾਮਲ ਹਨ, ਜਿਨ੍ਹਾਂ ਨੇ ਪੰਜ ਸਦੀਆਂ ਦੇ ਇਤਿਹਾਸ ਦੀ ਸਿਰਜਣਾ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਉਲਾਰ ਸਥਿਤੀਆਂ ਵਿਚਕਾਰਲਾ ਸੰਤੁਲਿਤ ਰਾਹ ਕਿਵੇਂ ਕੰਮ ਆਉਂਦਾ ਹੈ, ਇਸ ਅਮਲ ਵਿੱਚ ਜਿਉਣ ਵਾਲੇ ਪੁਰਖਿਆਂ ਦੀ ਦਾਸਤਾਨ ਹੀ ਹੈ ,ਇਹ ਹੱਥਲੀ ਪੁਸਤਕ ਹੈ।

ਸਾਰੇ ਵਿਸ਼ਵ ਵਿੱਚ ਫੈਲ ਰਹੇ ਸਿੱਖਾਂ ਨੂੰ ਦੇਸ਼ ਤੇ ਵਿਦੇਸ਼ਾਂ ਵਿੱਚ ਕਈ ਚੁਣੌਤੀਆਂ ਤੇ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਦੇ ਸਰਲੀਕਰਨ ਲਈ ਵਿਰਾਸਤੀ ਪੁਰਖਿਆਂ ਵੱਲੋਂ ਪਾਏ ਪੂਰਨੇ ਸਾਡਾ ਮਾਰਗ ਦਰਸ਼ਨ ਕਰ ਸਕਦੇ ਹਨ।

ਗਾਥਾ ਪੁਰਖਿਆਂ ਦੀ: ਇਸ ਹਥਲੀ ਪੁਸਤਕ ਵਿੱਚ ਜਥੇਦਾਰ ਤੋਤਾ ਸਿੰਘ ਨੇ ਨਾ ਸਿਰਫ ਆਪਣੇ ਪੁਰਖਿਆਂ ਦੇ ਵਰੋਸਾਏ ਦੋ ਪਿੰਡਾਂ- ਦੀਦਾਰ ਸਿੰਘ ਵਾਲਾ ਅਤੇ ਪੱਤੋ ਦੀਦਾਰ ਸਿੰਘ ਵਾਲਾ ਦੇ ਅਤੀਤ ਨੂੰ ਫਰੋਲਦਿਆਂ ਸਭਨਾਂ ਦੇ ਸਨਮੁਖ ਕੀਤਾ ਹੈ, ਬਲਕਿ ਪੁਰਾਤਨ ਸਮੇਂ ਦੇ ਸਮਾਜਿਕ ਤਾਣੇ-ਬਾਣੇ, ਲੋਕਾਂ ਦੇ ਜੀਵਨ, ਉਨ੍ਹਾਂ ਦੇ ਕੰਮ-ਧੰਦੇ ਅਤੇ ਸੋਚ ਵਿਚਾਰਾਂ ਨੂੰ ਵੀ ਇਤਿਹਾਸ ਦੇ ਰੂਪ ਵਿੱਚ ਕਲਮਬੰਦ ਕੀਤਾ ਹੈ। ਪਿੰਡ ਦੀਦਾਰ ਸਿੰਘ ਵਾਲਾ ਦਾ ਇਤਿਹਾਸ ਪੰਜਾਬ ਦੇ ਪੁਰਾਤਨ ਪੇਂਡੂ ਸਭਿਆਚਾਰ ਦਾ ਸ਼ੀਸ਼ਾ ਹੈ। ਪੇਂਡੂ ਕਿਰਸਾਨੀ ਦੀਆਂ ਅਜਿਹੀਆਂ ਕਦਰਾਂ-ਕੀਮਤਾਂ ਅੰਕਿਤ ਹਨ, ਜੋ ਆਪੋ-ਧਾਪੀ, ਨਿੱਜਪ੍ਰਸਤੀ ਦੇ ਯੁੱਗ ਵਿੱਚ ਵੀ ਰਾਹ ਦਸੇਰਾ ਹੋ ਸਕਦੀਆਂ ਹਨ ਅਤੇ ਨਵੀਂ ਪੀੜ੍ਹੀ ਨੂੰ ਹੱਥੀਂ ਕਿਰਤ ਕਰਕੇ ਜੀਵਨ ਸਫਲਾ ਕਰਨ ਦੇ ਰਾਹ ਪਾ ਸਕਦੀਆਂ ਹਨ। ਸਾਰੀਆਂ ਬੁਰਾਈਆਂ ਕੁਰੀਤੀਆਂ ਦੀ ਜੜ੍ਹ ਕਿਰਤ ਤੋਂ ਤੋੜ ਵਿਛੋੜਾ ਹੈ। ਵਿਹਲੜ ਜੁਆਨੀ ਨਸ਼ੇਖੋਰੀ ਤੇ ਨਿਰਾਸ਼ਾ ਵਿੱਚ ਡੁੱਬੀ ਆਤਮਘਾਤ ਦੇ ਰਾਹ ਪਈ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਉਤੇ ਅਮਲ ਕਰਨ ਨਾਲ ਹੀ ਭਲਾ ਹੋ ਸਕਦਾ।

ਕਿਤਾਬ ਨੂੰ ਲੇਖਕ ਨੇ 37 ਭਾਗਾਂ ਵਿੱਚ ਵੰਡਿਆਂ ਹੈ। ਲੇਖਕ ਦੀ ਦਿਲੀ ਇੱਛਾ ਹੈ ਕਿ ਹਰ ਘਰ ਆਪਣੇ ਵੱਡ-ਵਡੇਰਿਆਂ, ਪੁਰਖਿਆਂ, ਰਿਸ਼ਤੇਦਾਰਾਂ ਅਤੇ ਭਾਈਚਾਰੇ ਤੋਂ ਨਾ ਸਿਰਫ ਜਾਣੂੰ ਹੋਏ, ਬਲਕਿ ਉਨ੍ਹਾਂ ਦੇ ਨੇੜੇ ਵੀ ਹੋਏ। ਸਾਰੇ ਇੱਕ-ਦੂਜੇ ਨਾਲ ਪੀਢੀ ਸਾਂਝ ਰੱਖਣ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਦਾਦੇ-ਪੜਦਾਦੇ, ਨਾਨੇ-ਨਾਨੀਆਂ, ਪੜਦਾਦਿਆਂ ਦੇ ਨਾਮ ਨਹੀਂ ਪਤਾ। ਹਰ ਪਿੰਡ ਦਾ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ। ਲੇਖਕ ਨੇ ਪੱਤੀ ਵਾਰ ਅਤੇ ਜਾਤੀ ਆਧਾਰਤ ਕੁਰਸੀਨਾਮੇ ਸਹਿਤ ਪਿੰਡ ਦੀਦਾਰ ਸਿੰਘ ਵਾਲੇ ਦੇ ਪੁਰਖਿਆਂ ਨਾਲ ਸਾਂਝ ਪੁਆਈ ਹੈ। ਪੰਨਾ 226 ਤੋਂ 254 ਤੀਕ ਕੁਰਸੀਨਾਮੇ ਹਨ, ਫਿਰ ਪਿੰਡ ਦੇ ਸ਼ਹੀਦਾਂ ਦੀ ਤਫਸੀਲ, ਵੱਖ-ਵੱਖ ਮੋਰਚਿਆ ਸਮੇਂ ਗ੍ਰਿਫਤਾਰ ਹੋਣ ਵਾਲੇ ਵਿਅਕਤੀਆਂ ਦੀਆਂ ਤਸਵੀਰਾਂ ਸਮੇਂ ਜਾਣਕਾਰੀ। ਸਾਂਝੇ ਪੰਜਾਬ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦਾ ਪੁਰਾਤਨ ਨਕਸ਼ਾ, ਪੰਨਾ 171 ਤੋਂ 194 ਤੀਕ ਹੱਥ ਲਿਖਤ ਬੰਦੋਬਸਤ ਪਿੰਡ ਦੀਦਾਰ ਸਿੰਘ ਵਾਲਾ ਦੀ ਉਰਦੂ ਵਿੱਚ ਦਰਜ ਕੀਤੀ ਹੈ। ਇਹ ਪਿੰਡ ਦੀਦਾਰ ਸਿੰਘ ਵਾਲਾ ਸਬੰਧੀ ਹਵਾਲਾ ਪੁਸਤਕ ਹੈ। ਅਜਿਹੀਆਂ ਪੁਸਤਕਾਂ ਪਿੰਡਾਂ ਬਾਰੇ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਲੇਖਕ ਜਥੇਦਾਰ ਤੋਤਾ ਸਿੰਘ ਨੇ ਆਪਣੇ ਪੁਰਖਿਆਂ ਨੂੰ ਸੂਚੀਬੱਧ ਤੇ ਇਤਿਹਾਸਕ ਤੌਰ 'ਤੇ ਸਾਂਭਣ ਲਈ ਜੋ ਉਪਰਾਲਾ ਕੀਤਾ ਹੈ, ਪ੍ਰਸ਼ੰਸਾਯੋਗ ਹੈ। ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਇਸ ਕਿਤਾਬ ਤੋਂ ਸੇਧ ਲੈਂਦੀਆਂ ਰਹਿਣਗੀਆਂ।

ਮੇਰਾ ਪਿੰਡ ਖੋਟੇ: ਕਰਨਲ (ਸੇਵਾਮੁਕਤ) ਜਗਦੀਸ਼ ਸਿੰਘ ਬਰਾੜ ਨੇ ਆਪਣੇ ਪਿੰਡ ਨੂੰ ਮੁੱਢ ਬਣਾ ਕੇ ਪੰਜਾਬ ਦੀ ਸਿਆਸੀ ਅਤੇ ਸੱਭਿਆਚਾਰਕ ਪਿਛੋਕੜ ਤੇ ਇਤਿਹਾਸ ਦੀ ਝਲਕ ਪੇਸ਼ ਕਰਦੀ ਹੈ। ਹੱਥਲੀ ਕਿਤਾਬ ਲੇਖਕ ਨੇ ਆਪਣੇ ਪਿੰਡ ਨੂੰ ਕੇਂਦਰ ਬਣਾ ਕੇ ਲਿਖੀ ਹੈ, ਪਰ ਦਰਅਸਲ ਇਹ ਕਿਤਾਬ ਪੰਜਾਬ ਦੇ ਕੁੱਝ ਸਦੀਆਂ ਪੁਰਾਣੇ ਪਿਛੋਕੜ ਦੀ ਡੂੰਘੀ ਝਲਕ ਪ੍ਰਗਟਾਉਂਦੀ ਹੈ। ਪੰਜਾਬ ਹਰ ਸਮੇਂ ਪੱਛਮ ਵੱਲੋਂ ਹੁੰਦੇ ਹਮਲਾਵਰਾਂ ਦੇ ਹਮਲਿਆਂ ਦੀ ਪਹਿਲੀ ਢਾਲ ਬਣਦਾ ਰਿਹਾ ਹੈ ਅਤੇ ਉਨ੍ਹਾਂ ਦੀ ਮਾਰ ਸਹਿੰਦਾ ਰਿਹਾ ਹੈ। ਇਹੀ ਵਜ੍ਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਵਿੱਚ ਕੋਈ ਵਰਨਣਯੋਗ ਇਤਿਹਾਸਕ ਇਮਾਰਤ ਨਹੀਂ ਹੈ, ਕਿਉਂਕਿ ਪੰਜਾਬ ਦੇ ਲੋਕ ਆਪਣੇ ਜਨ-ਜੀਵਨ ਦਾ ਹਮਲਿਆਂ ਨੂੰ ਹਿੱਸਾ ਬਣਾਉਂਦੇ ਹੋਏ ਕੱਚੇ ਘਰਾਂ ਵਿੱਚ ਹੀ ਵਾਸ ਕਰਨ ਦੇ ਆਦੀ ਬਣ ਗਏ ਸਨ। ਹਮਲੇ ਦੀ ਖਬਰ ਮਿਲਦੇ ਹੀ ਘਰਾਂ ਨੂੰ ਛੱਡ ਕੇ ਜੰਗਲਾਂ ਵਿੱਚ ਆਪਣੀ ਛਿਪਣਗਾਹ ਬਣਾ ਕੇ ਹਮਲਿਆਂ ਦੀ ਮਾਰ ਤੋਂ ਬਚ ਜਾਂਦੇ ਸਨ ਅਤੇ ਹਮਲਾਵਰਾਂ ਦੇ ਵਾਪਸ ਮੁੜਨ ਦੇ ਸਮੇਂ ਏਹੀ ਲੋਕ ਮੌਕਾ ਮਿਲਣ 'ਤੇ ਉਨ੍ਹਾਂ ਨੂੰ ਨੁਕਸਾਨ ਹੀ ਨਹੀਂ ਪਹੁੰਚਾਉਂਦੇ ਸਨ, ਬਲਕਿ ਲੁੱਟ ਵੀ ਲੈਂਦੇ ਸਨ।

ਲੇਖਕ ਨੇ ਪੰਜਾਬ ਦੀ ਧਰਤੀ 'ਤੇ ਜੰਮੇ ਦੇਸ-ਪ੍ਰੇਮੀਆਂ, ਸਮਾਜਿਕ ਨਿਖਾਰ ਕਰਨ ਵਾਲੇ ਸੁਧਾਰਕਾਂ ਦੀ ਅਣ-ਗਿਣਤ ਲੜੀ ਦਾ ਜ਼ਿਕਰ ਕੀਤਾ ਹੈ, ਜਿਸ ਦੀ ਝਲਕ ਇਸ ਕਿਤਾਬ ਵਿੱਚ ਮਿਲਦੀ ਹੈ। ਲੇਖਕ ਨੇ ਸੱਥ ਵਿੱਚ ਹੋਣ ਵਾਲੇ ਚਰਚਿਆਂ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ ਹੈ ਕਿ ਕਿਸ ਤਰ੍ਹਾਂ ਸੱਥ ਦੀ ਚਰਚਾ ਹਰ ਇਨਸਾਨ ਦੇ ਮਨੋਵਿਗਿਆਨ 'ਤੇ ਕਿੰਨਾ ਵੱਡਾ ਅਸਰ ਕਰਦੀ ਹੈ ਅਤੇ ਏਹੀ ਚਰਚਾ ਦਾ ਹਰ ਇਨਸਾਨ ਦੀ ਵਿਚਾਰਧਾਰਾ ਵਿੱਚ ਵੱਡਮੁੱਲਾ ਯੋਗਦਾਨ ਹੁੰਦਾ ਹੈ। ਸਮੁੱਚੀ ਕਿਤਾਬ ਨੂੰ ਦ੍ਰਿਸ਼ਟੀ ਨਾਲ ਵਾਚਿਆਂ ਇਹ ਮਹਿਸੂਸ ਹੁੰਦਾ ਹੈ ਕਿ ਲੇਖਕ ਨੇ ਪੰਜਾਬ ਦੇ ਪਿਛੋਕੜ ਨੂੰ ਬਹੁਤ ਡੂੰਘਾਈ ਨਾਲ ਅਤੇ ਬਹੁਪੱਖੀ ਪਹਿਲੂ ਤੋਂ ਵਾਚਣ ਉਪਰੰਤ ਪੰਜਾਬ ਦੀ ਬਹੁਤ ਖੁੱਲ੍ਹੀ ਝਲਕ ਦਿਖਾਈ ਹੈ, ਜਿਸ ਵਿੱਚ ਜਨ-ਜੀਵਨ ਦੇ ਹਰ ਪੱਖ ਨੂੰ ਖੰਘਾਲਿਆ ਹੈ ਅਤੇ ਪੰਜਾਬ ਦੇ ਸਮੇਂ ਸਮੇਂ ਸਿਰ ਸੱਭਿਆਚਾਰਕ ਸਿਆਸੀ ਤੇ ਪੇਂਡੂ ਪੱਧਰ 'ਤੇ ਆਏ ਬਦਲਾਅ ਦੀ ਵਿਆਖਿਆ ਕੀਤੀ ਹੈ। ਇਸ ਕਿਤਾਬ ਨੂੰ ਪੜ੍ਹਨ ਉਪਰੰਤ ਇੱਕ ਡੂੰਘੀ ਚੀਸ ਵੀ ਮਹਿਸੂਸ ਹੁੰਦੀ ਹੈ ਕਿ ਹਿੰਦੁਸਤਾਨ ਦੇ ਸੂਬਿਆਂ ਦੇ ਗਠਨ ਉਪਰੰਤ ਪੰਜਾਬ ਨੂੰ ਆਪਣੀ ਪਹਿਚਾਣ ਖੁੱਸਦੀ ਹੋਈ ਨਜ਼ਰ ਆ ਰਹੀ ਹੈ।

ਭਾਸ਼ਾ ਵਿਭਾਗ ਨੇ ਪਿੰਡਾਂ-ਸ਼ਹਿਰਾਂ 'ਤੇ ਸਰਵੇ ਕਿਤਾਬਾਂ ਲੇਖਕਾਂ ਤੋਂ ਤਿਆਰ ਕਰਵਾ ਕੇ ਛਾਪੀਆਂ ਹਨ, ਹੁਣ ਕਈ ਲੇਖਕਾਂ ਨੇ ਆਪੋ ਆਪਣੇ ਪਿੰਡਾਂ 'ਤੇ ਵੀ ਖੋਜ ਭਰਪੂਰ ਕਿਤਾਬਾਂ ਲਿਖੀਆਂ ਹਨ, ਜਿਵੇਂ ਕਿ ਜਥੇਦਾਰ ਤੋਤਾ ਸਿੰਘ ਤੇ ਲੈਫ਼. ਕਰਨਲ ਜਗਦੀਸ਼ ਸਿੰਘ ਬਰਾੜ ਨੇ ਪਿੰਡ ਖੋਟੇ 'ਤੇ ਵਿਸਥਾਰਤ ਕਿਤਾਬ ਪੇਸ਼ ਕੀਤੀ ਹੈ।

ਸੌ ਸਾਲ ਤੋਂ ਵੱਧ ਜਿਉਣ ਵਾਲੇ ਵਿਅਕਤੀਆਂ ਦੀਆਂ ਫੋਟੋਆਂ, ਪਿੰਡ ਦੀ ਪੰਚਾਇਤ ਦੇ ਮੁਖੀ ਸਰਪੰਚਾਂ, ਪਤਵੰਤੇ ਸੱਜਣਾਂ ਸਕੂਲ ਦੇ ਅਧਿਆਪਕਾਂ ਅਤੇ ਸਕੂਲ ਦੀਆਂ ਕੁਝ ਫੋਟੋਆਂ, ਪਿੰਡ ਦੀਆਂ ਯਾਦਗਾਰਾਂ ਅਤੇ ਪਿੰਡ ਦਾ ਪੱਤੀ ਅਨੁਸਾਰ ਕੁਰਸੀਨਾਮਾ ਮਿਹਨਤ ਭਰਪੂਰ ਕਾਰਜ ਸ਼ਾਮਲ ਹੈ। ਕਿਤਾਬ ਦੇ 35 ਭਾਗ ਬਣਾਏ ਗਏ ਹਨ। ਲੇਖਕ ਨੇ ਆਪਣੇ ਪਰਿਵਾਰ ਦਾ ਕੁਰਸੀਨਾਮਾ, ਪਿੰਡ ਖੋਟੇ ਬੱਜਣ ਸਮੇਂ ਦਾ ਨਕਸ਼ਾ ਅਤੇ ਪੁਰਾਤਨ ਉਰਦੂ ਫਾਰਸੀ ਲਿਖਤ, ਪਿੰਡ ਦੀਆਂ ਉਚ ਸਿਖਿਅਤ 13 ਨੂੰਹਾਂ, 15 ਧੀਆਂ, 27 ਪੁੱਤਰਾਂ, ਦੇਸ ਦੀਆਂ ਸਰਹੱਦਾਂ ਅਤੇ ਅਮਨ ਕਾਨੂੰਨ ਦੇ ਰਾਖਿਆਂ ਦੀਆਂ ਫੋਟੋਆਂ ਤੇ ਵੇਰਵੇ, ਪਿੰਡ ਦੀਆਂ ਪੱਤੀਆਂ ਦੇ ਕੁਰਸੀਨਾਮੇ ਸ਼ਾਮਲ ਕੀਤੇ ਹਨ, ਜੋ ਵੱਖ-ਵੱਖ ਜਾਤਾਂ ਨਾਲ ਸਬੰਧਤ ਹਨ।


ਲੇਖਕ ਨੇ ਹੱਥਲੀ ਕਿਤਾਬ ਆਪਣੇ ਮਾਤਾ-ਪਿਤਾ ਅਤੇ ਉਨ੍ਹਾਂ ਮਹਾਨ ਸਮੂਹ ਸ਼ਹੀਦਾਂ, ਜਿਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਦੀ ਸਮਾਜਿਕ, ਆਰਥਿਕ ਤੇ ਧਾਰਮਿਕ ਆਜ਼ਾਦੀ ਦੀ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ ਅਤੇ ਉਨ੍ਹਾਂ ਲੋਕਾਂ ਨੂੰ ਜਿਹੜੇ ਔਰਤ ਦੇ ਹੱਕਾਂ, ਸਮਾਜਿਕ ਬਰਾਬਰਤਾ ਤੇ ਧਰਮ ਨਿਰਪੱਖਤਾ ਲਈ ਜੂਝ ਰਹੇ ਹਨ, ਨੂੰ ਸਮਰਪਿਤ ਕੀਤੀ ਹੈ। ਕਿਤਾਬ ਵਿੱਚ ਹਰੀਸ਼ ਰਾਏ, ਪ੍ਰਿੰ. ਬਹਾਦਰ ਸਿੰਘ ਅਤੇ ਸ੍ਰੀ ਜਸਵੰਤ ਸਿੰਘ ਜੀਰਖ ਦੀਆਂ ਵੀ ਵੱਖ-ਵੱਖ ਰਾਵਾਂ ਸਾਮਲ ਹਨ, ਜੋ ਕਿਤਾਬ ਨੂੰ ਹੋਰ ਵੀ ਪ੍ਰਭਾਵੀ ਦਿੱਖ ਦਿੰਦੀਆਂ ਹਨ।

ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ: ਸੁਤੰਤਰਤਾ ਸੰਗਰਾਮ ਵਿੱਚ ਗੁਰੂ ਕਾ ਬਾਗ ਦੇ ਮੋਰਚੇ ਦਾ ਵਿਲੱਖਣ ਅਤੇ ਉੱਚਾ ਸਥਾਨ ਹੈ। ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਜਦੋਂ ਅਜੇ ਅੰਗਰੇਜ਼ ਸਰਕਾਰ ਵਿਰੁੱਧ ਸ਼ਾਂਤਮਈ ਅੰਦੋਲਨ ਸ਼ੁਰੂ ਕਰਨ ਲਈ ਵਿਚਾਰ-ਵਟਾਂਦਰਾ ਹੀ ਕਰ ਰਹੀ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਗੁਰੂ ਕਾ ਬਾਗ ਦੇ ਮੋਰਚੇ ਦੌਰਾਨ ਇਸ ਨੂੰ ਅਮਲੀ ਰੂਪ ਵਿੱਚ ਅਪਨਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਮੋਰਚਾ ਤਿੰਨ ਮਹੀਨੇ ਜਾਰੀ ਰਿਹਾ। ਇਸ ਅਰਸੇ ਦੌਰਾਨ ਸਾਢੇ ਪੰਜ ਹਜ਼ਾਰ ਤੋਂ ਵੱਧ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ, ਜੋ ਆਪਣੇ ਆਪ ਵਿੱਚ ਬੇਮਿਸਾਲ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਸਤਿਆਗ੍ਰਹਿ ਲਈ ਰਵਾਨਾ ਹੋਣ ਵਾਲੇ ਜਥਿਆਂ ਨੇ ਬਿਨਾ ਸੀ ਕੀਤਿਆਂ ਪੁਲਿਸ ਦੇ ਜ਼ੁਲਮ ਨੂੰ ਸਹਿਣ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਕਾਂਗਰਸ ਅਤੇ ਖ਼ਿਲਾਫਤ ਪਾਰਟੀ ਨਾਲ ਸਬੰਧਤ ਕੌਮੀ ਆਗੂਆਂ ਦੇ ਪ੍ਰਤੀਨਿਧਾਂ ਨੇ ਅਕਾਲੀ ਲਹਿਰ ਦੇ ਪੱਖ ਵਿੱਚ ਆਵਾਜ਼ ਉਠਾਈ। ਸਮੁੱਚੀ ਅਕਾਲੀ ਲਹਿਰ ਵਿੱਚ ਇਹ ਮੋਰਚਾ ਲਹਿਰ ਦਾ ਸਿਖਰ ਹੋ ਨਿਬੜਿਆ। ਇਸ ਵਿਚਾਰ ਵਿੱਚੋਂ 'ਰੋਜ਼ਨਾਮਚਾ ਮੋਰਚਾ ਗੁਰੂ ਕਾ ਬਾਗ' ਪੁਸਤਕ ਤਿਆਰ ਹੋਈ।

ਗਿਆਨੀ ਨਿਰੰਜਨ ਸਿੰਘ 'ਸਰਲ' ਦੀ ਰਚਨਾ 'ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ' ਨੂੰ ਡਾ. ਗੁਰਦੇਵ ਸਿੰਘ ਸਿੱਧੂ ਨੇ ਸੰਪਾਦਕ ਕੀਤਾ ਹੈ। ਭਾਵੇਂ ਹੱਥਲੀ ਪੁਸਤਕ ਦਾ ਮੁੱਖ ਭਾਗ ਗਿਆਨੀ ਨਿਰੰਜਨ ਸਿੰਘ 'ਸਰਲ' ਦੀ ਰਚਨਾ 'ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ' ਹੀ ਹੈ। ਇਸ ਵਿੱਚ ਰਚਨਾਵਾਂ ਦੋ ਪ੍ਰਕਾਰ ਦੀਆਂ ਹਨ: ਪਹਿਲੀਆਂ ਪੈਂਫਲਿਟਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਈਆਂ ਰਚਨਾਵਾਂ ਅਤੇ ਦੂਜੀਆਂ ਫੁਟਕਲ ਕਵਿਤਾਵਾਂ, ਜੋ ਸਮੇਂ ਸਮੇਂ ਸਮਕਾਲੀ ਅਖ਼ਬਾਰਾਂ ਵਿੱਚ ਛਪੀਆਂ। ਇਨ੍ਹਾਂ ਨੂੰ ਵਿਭਿੰਨ ਸਰੋਤਾਂ ਤੋਂ ਇਕੱਤਰ ਕਰਕੇ ਇਸ ਸੰਗ੍ਰਹਿ ਵਿੱਚ ਸਥਾਨ ਦਿੱਤਾ ਗਿਆ ਹੈ। ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਕਾਲੀ ਲਹਿਰ ਦੌਰਾਨ ਹੋਈ ਅਤੇ 1922 ਵਿੱਚ ਲੱਗਾ ਗੁਰੂ ਕੇ ਬਾਗ ਦਾ ਮੋਰਚਾ ਇਸ ਲਹਿਰ ਦਾ ਅਹਿਮ ਪੜਾਅ ਸੀ।

ਅਕਾਲੀਆਂ ਦੇ ਸਾਮਰਾਜੀ ਅੰਗਰੇਜ਼ ਸਰਕਾਰ ਵਿਰੁੱਧ ਕੀਤੇ ਸੰਘਰਸ਼ ਬਾਰੇ ਦਸੰਬਰ 1922 ਵਿੱਚ ਪ੍ਰੋ. ਰੁਚੀ ਰਾਮ ਸਾਹਨੀ ਨੇ ਇਉਂ ਲਿਖਿਆ ਸੀ, ਸਿੱਖਾਂ ਵਿੱਚ ਆਈ ਮਾਅਰਕੇ ਦੀ ਸੱਜਰੀ ਜਾਗ੍ਰਿਤੀ, ਆਪਣੇ ਇਤਿਹਾਸਿਕ ਧਰਮ ਅਸਥਾਨਾਂ ਦੇ ਸੁਧਾਰ ਤੇ ਮੁਕਤੀ ਲਈ ਉਨ੍ਹਾਂ ਦੇ ਸੰਘਰਸ਼, ਉਨ੍ਹਾਂ ਦੀਆਂ ਜਿੱਤਾਂ ਅਤੇ ਨਿਰਾਸ਼ਤਾਵਾਂ ਦੀ ਕਹਾਣੀ ਹਰ ਥਾਂ ਬੜੇ ਧਿਆਨ ਤੇ ਦਿਲਚਸਪੀ ਨਾਲ ਪੜ੍ਹੀ ਜਾਵੇਗੀ। ਵੀਹਵੀਂ ਸਦੀ ਦੇ ਮਹਾਂ-ਕਾਵਿ ਦੇ ਨਾਇਕ ਸਾਨੂੰ ਅਕਾਲੀ ਜਥਿਆਂ ਵਿੱਚ ਸ਼ਾਮਲ ਮੁੱਖ ਤੌਰ ਉੱਤੇ ਸਧਾਰਨ ਪੇਂਡੂ ਦਿਖਾਈ ਦਿੱਤੇ ਹਨ। ਇਹ ਸਾਰੀ ਗਾਥਾ ਸਚੁੱਜਚ ਹੀ ਸਾਡੀ ਸਿਮਰਤੀ ਵਿੱਚ ਉਨੇ ਹੀ ਪਿਆਰ, ਸਤਿਕਾਰ ਅਤੇ ਸ਼ਲਾਘਾ ਨਾਲ ਸੰਭਾਲਣਯੋਗ ਹੈ, ਜਿਵੇਂ ਪੁਰਾਤਨ ਮਹਾਂ-ਕਾਵਿ ਸੰਭਾਲੇ ਗਏ ਹਨ। ਉਹ ਦਿਨ ਦੂਰ ਨਹੀਂ, ਜਦੋਂ ਸ਼ਾਨਦਾਰ ਆਦਰਸ਼ਵਾਦ ਤੋਂ ਪ੍ਰੇਰਿਤ ਨਾਇਕਤਵ ਦੀ ਵਿਥਿਆ ਨੂੰ ਕੋਈ ਉਚ ਕੋਟੀ ਦਾ ਕਵੀ ਆਪਣੀ ਰਚਨਾ ਸਦਕਾ ਅਮਰ ਬਣਾ ਦੇਵੇਗਾ।



ਸੰਪਾਦਕ ਖੋਜੀ ਬਿਰਤੀ ਦਾ ਮਾਲਕ ਹੈ, ਉਸ ਨੂੰ ਇਸ ਸਬੰਧੀ ਖੋਜ ਕਰਦਿਆਂ ਤਿੰਨ ਵੱਡੇ ਕਾਵਿ ਗ੍ਰੰਥ ਕ੍ਰਮਵਾਰ ਗਿਆਨੀ ਨਿਰੰਜਨ ਸਿੰਘ 'ਸਰਲ', ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਅਤੇ ਗਿਆਨੀ ਬਿਸ਼ਨ ਸਿੰਘ ਦੇ ਲਿਖੇ ਪ੍ਰਾਪਤ ਹੋਏ ਹਨ। ਗਿਆਨੀ ਨਿਰੰਜਨ ਸਿੰਘ 'ਸਰਲ' ਨੇ ਸਰਗਰਮੀ ਨਾਲ ਮੋਰਚੇ ਵਿੱਚ ਭਾਗ ਲਿਆ ਸੀ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਸ੍ਰੀ ਦਰਬਾਰ ਸਾਹਿਬ ਵਿਖੇ ਸਨ ਅਤੇ ਗਿਆਨੀ ਬਿਸ਼ਨ ਸਿੰਘ ਖਾਲਸਾ ਸਕੂਲ ਅਧਿਆਪਕ ਸੀ। ਇਸ ਮੋਰਚੇ ਬਾਰੇ ਬਹੁਤ ਸਾਰੀ ਫੁਟਕਲ ਕਵਿਤਾ ਵੀ ਲਿਖੀ ਗਈ, ਜੋ ਉਨ੍ਹੀਂ ਦਿਨੀਂ ਛਪਦੇ ਅਖ਼ਬਾਰਾਂ ਅਤੇ ਰਸਾਲਿਆਂ ਦਾ ਸ਼ਿੰਗਾਰ ਬਣੀ। ਉਨ੍ਹੀਂ ਦਿਨੀਂ 'ਤੇਰਾ ਬਾਗ ਹੋ ਰਿਹਾ ਵੈਰਾਨ ਬਾਬਾ' ਅਤੇ 'ਸਾਡਾ ਗੁਰੂ ਤੇ ਗੁਰੂ ਕਾ ਬਾਗ ਸਾਡਾ' ਬੜੀ ਪ੍ਰਚੱਲਤ ਹੋਈ। ਕਵੀ ਦਰਬਾਰਾਂ ਵਿੱਚ ਅਕਸਰ ਹੀ ਅਜਿਹੀਆਂ ਲਿਖੀਆਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ। ਨਿਰਸੰਦੇਹ ਇਹ ਰਚਨਾਵਾਂ ਇਤਿਹਾਸਕ ਮਹੱਤਵ ਰੱਖਦੀਆਂ ਹਨ। ਹੱਥਲੀ ਪੁਸਤਕ ਸਾਹਿਤਕ ਪੱਖੋਂ ਵੀ ਬਹੁਮੁੱਲੀ ਅਤੇ ਪਾਠਕਾਂ ਲਈ ਲਾਹੇਵੰਦੀ ਹੈ।

ਪੈੜ-ਚਾਲ

# ਧਰਤ ਸੁਹਾਵੀ: ਦੇਸ ਪੰਜਾਬ

ਹਨਦੀਪ ਸਿੰਘ ਸੰਧੂ
ਫੋਨ: +91-9501109696

ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੇ ਚੰਗੇ ਰਹਿਣ-ਸਹਿਣ ਤੇ ਸੱਭਿਅਤਾ ਦੇ ਵਿਕਾਸ ਲਈ ਪੰਜਾਬ ਦੀ ਧਰਤੀ ਲੋਕਾਂ ਦੀ ਪਹਿਲੀ ਪਸੰਦ ਰਹੀ ਹੈ। ਉਦਯੋਗਿਕ ਦੌਰ ਨੇ ਦੁਨੀਆਂ ਨੂੰ ਅਥਾਹ ਸੰਭਾਵਨਾਵਾਂ ਦਿੱਤੀਆਂ। ਇਸੇ ਦੌਰ ਨੇ ਮਨੁੱਖਤਾ ਦੇ ਰਹਿਣ-ਸਹਿਣ ਦੇ ਢੰਗ 'ਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ। ਜਿਨ੍ਹਾਂ ਥਾਂਵਾਂ 'ਤੇ ਬਿਨਾ ਕਿਸੇ ਖਾਸ ਤਿਆਰੀ ਦੇ ਕਦੇ ਪੰਜ ਮਿੰਟ ਵੀ ਰੁਕਿਆ ਨਹੀਂ ਸੀ ਜਾ ਸਕਦਾ, ਅੱਜ ਉਨ੍ਹਾਂ ਥਾਂਵਾਂ 'ਤੇ ਵੱਡੀਆਂ ਵੱਡੀਆਂ ਬਸਤੀਆਂ ਬਣੀਆਂ ਹੋਈਆਂ ਹਨ। ਵਿਗਿਆਨਕ ਖੋਜਾਂ ਦੇ ਨਾਮ 'ਤੇ ਧਰਤੀ ਦੇ ਦੁਰਲਭ ਤੱਤਾਂ ਦੀ ਖੋਜ ਲਈ ਤਕਰੀਬਨ ਹਰੇਕ ਵੱਡੇ ਤੇ ਤਾਕਤਵਰ ਮੁਲਕ ਦੇ ਅੰਟਾਰਟਿਕਾ 'ਚ ਆਧਾਰ ਬਣੇ ਹੋਏ ਹਨ। ਮਹਾਂਦੀਪ ਦੇ ਸਭ ਤੋਂ ਨੀਂਵੇਂ ਹਿੱਸੇ ਸਮੁੰਦਰੀ ਤਟ 'ਤੇ ਤਾਪਮਾਨ ਮਨਫੀ 10 ਡਿਗਰੀ ਤੋਂ ਲੈ ਕੇ ਉੱਚੀਆਂ ਪਹਾੜੀਆਂ ਦੇ ਸਿਖਰਾਂ ਤੱਕ ਮਨਫੀ 60 ਡਿਗਰੀ ਤੱਕ ਚਲਾ ਜਾਂਦਾ ਹੈ। ਇਹ ਤਾਂ ਸੀ 'ਬਹੁਤ ਠੰਡਾ' ਅਤੇ ਹੁਣ ਦੂਜੇ ਹਿੱਸੇ 'ਬਹੁਤ ਗਰਮ' ਦੀ ਗੱਲ ਕਰਦੇ ਹਾਂ।

ਅਰਬੀ ਆਗੂ ਇਹ ਗੱਲ ਜਾਣ ਚੁੱਕੇ ਹਨ ਕਿ ਹੁਣ ਤੱਕ ਉਨ੍ਹਾਂ ਦੀ ਤਰੱਕੀ ਦਾ ਵੱਡਾ ਸਾਧਨ ਰਹੇ ਕੁਦਰਤੀ ਸਰੋਤ ਬਹੁਤ ਨਹੀਂ ਹਨ। ਇਸ ਕਰਕੇ ਕੱਚੇ ਤੇਲ ਤੋਂ ਹੋਈ ਕਮਾਈ ਦਾ ਵੱਡਾ ਹਿੱਸਾ ਅਰਬ ਨੂੰ ਦੁਨੀਆਂ ਦਾ ਮੁੱਖ ਸੈਰ-ਸਪਾਟਾ ਕੇਂਦਰ ਬਣਾਉਣ ਲਈ ਖਰਚਿਆ ਜਾ ਰਿਹਾ ਹੈ। ਇਸਲਾਮ ਦੀ ਮੁਕੱਦਸ ਧਰਤੀ ਮੱਕਾ, ਸਾਊਦੀ ਅਰਬ 'ਚ ਹੋਣ ਕਾਰਨ ਉਨ੍ਹਾਂ ਲਈ ਤਾਂ ਹੱਜ ਹੀ ਆਮਦਨ ਦਾ ਵੱਡਾ ਜ਼ਰੀਆ ਹੈ, ਪਰ ਇਸ ਇਸਲਾਮਿਕ ਅਮੀਰਾਤ ਦੇ ਬਾਕੀ ਮੁਲਕ ਜੇ ਇਸ ਸਦੀ ਦਾ ਅੰਤ ਦੇਖਣਾ ਚਾਹੁੰਦੇ ਹਨ ਤਾਂ ਕੁਝ ਇਨਕਲਾਬੀ ਤਬਦੀਲੀਆਂ ਲੈ ਕੇ ਆਉਣੀਆਂ ਪੈਣਗੀਆਂ, ਜੋ ਆ ਵੀ ਰਹੀਆਂ ਹਨ। ਦਾਇਰੇ ਤੋਂ ਬਾਹਰ ਜਾ ਕੇ ਸੋਚਣਾ ਇਸੇ ਨੂੰ ਕਹਿੰਦੇ ਹਨ ਕਿ ਸੈਲਾਨੀ ਆਕਰਸ਼ਿਤ ਕਰਨ ਲਈ ਤਕਨੀਕ ਦੀ ਵਰਤੋਂ ਨਾਲ ਕਿਸੇ ਇਮਾਰਤ ਦੇ ਖਾਸ ਕਮਰੇ 'ਚ ਅੰਟਾਰਟਿਕਾ ਤੋਂ ਵੀ ਠੰਡਾ ਮਾਹੌਲ ਬਣਾਇਆ ਜਾ ਸਕਦਾ। ਨਕਲੀ ਬਰਫਬਾਰੀ ਕੀਤੀ ਜਾ ਸਕਦੀ ਹੈ।

ਆਪਣਾ ਵਿਸ਼ਾ ਭਟਕ ਕੇ ਗੱਲ ਲੰਮੇਰੀ ਤੇ ਹੋਰ ਪਾਸੇ ਚਲੀ ਗਈ ਸੀ। ਗੱਲ ਪੰਜਾਬ ਦੀ ਹੋ ਰਹੀ ਸੀ। ਉੱਪਰ ਜਿਹੜੀਆਂ ਦੋ ਮਿਸਾਲਾਂ ਦਿੱਤੀਆਂ ਹਨ, ਪਹਿਲੀ ਅੰਟਾਰਟਿਕਾ 'ਚ ਤਾਂ ਜੀਵਨ ਸੰਭਵ ਹੀ ਨਹੀਂ ਸੀ ਤੇ ਦੂਜੇ ਅਰਬ ਮਾਰੂਥਲ ਦੀ ਜ਼ਿੰਦਗੀ ਸਖਤ ਬਹੁਤ ਸੀ। ਉਦਯੋਗਿਕ ਕ੍ਰਾਂਤੀ ਨਾਲ ਹੋਈ ਤਰੱਕੀ ਕਾਰਨ ਹੀ ਇਨ੍ਹਾਂ ਥਾਂਵਾਂ 'ਤੇ ਰਹਿਣ ਲਈ ਲੋੜੀਂਦੀਆਂ ਸੁੱਖ ਸਹੂਲਤਾਂ ਵਿਕਸਤ ਹੋਈਆਂ। ਹੁਣ ਤੀਜੇ ਪਾਸੇ ਪੰਜਾਬ, ਕਿਆ ਬਾਤ!

ਨਮਕ ਤੋਂ ਬਿਨਾਂ ਹੋਰ ਕਿਹੜੀ ਚੀਜ਼ ਹੈ, ਜੋ ਪੰਜਾਬ 'ਚ ਪੈਦਾ ਨਹੀਂ ਕੀਤੀ ਜਾ ਸਕਦੀ। ਹਿਮਾਲਿਆ ਪਰਬਤ ਦੇ ਐਨ ਕਦਮਾਂ 'ਚ ਪੰਜਾਬ ਨਾ ਤਾਂ ਬਹੁਤਾ ਗਰਮ ਹੈ ਤੇ ਨਾ ਹੀ ਠੰਡਾ। ਪੰਜਾਬ ਦਾ ਤਾਪਮਾਨ ਮਨੁੱਖੀ ਜੀਵਨ ਤੇ ਖੇਤੀਬਾੜੀ- ਦੋਹਾਂ ਦੇ ਵਿਕਾਸ ਲਈ ਸਭ ਤੋਂ ਢੁਕਵਾਂ ਹੈ। ਹਿਮਾਲਿਆ ਪਰਬਤਾਂ ਨੂੰ ਪੈਰਾਂ ਕੋਲੋਂ ਕੱਟਦੀਆਂ ਤੇ ਸ਼ੂਕਦੀਆਂ ਨਦੀਆਂ ਪੰਜਾਬ ਦੇ ਮੈਦਾਨੀ ਇਲਾਕੇ 'ਚ ਦਾਖਲ ਹੁੰਦੇ ਹੀ ਵਿਸ਼ਾਲ ਸਾਗਰਾਂ ਦਾ ਰੂਪ ਧਾਰ ਲੈਂਦੀਆਂ ਸਨ (ਡੈਮ ਲੱਗਣ ਤੋਂ ਪਹਿਲਾਂ)। ਇਸ ਪਾਣੀ ਨਾਲ ਆਉਂਦੀ ਹੈ ਪਹਾੜਾਂ ਤੋਂ ਉਪਜਾਊ ਲਾਲ ਮਿੱਟੀ, ਜੋ ਕਿ ਖੇਤੀਬਾੜੀ ਲਈ ਬਹੁਤ ਜ਼ਰੂਰੀ ਤੇ ਲਾਹੇਵੰਦ ਹੈ। ਹਿਮਾਲਿਆ ਦਾ ਪੰਜਾਬ ਦੀ ਭੂਗੋਲ 'ਤੇ ਇੱਕ ਹੋਰ ਬਹੁਤ ਵੱਡਾ ਪ੍ਰਭਾਵ ਹੈ। ਉੱਤਰ ਵੱਲੋਂ ਆਉਂਦੀਆਂ ਤੇਜ਼ ਬਰਫਾਨੀ ਹਵਾਵਾਂ ਨੂੰ ਹਿਮਾਲਿਆ ਪੰਜਾਬ ਤੱਕ ਪਹੁੰਚਣ ਹੀ ਨਹੀਂ ਦਿੰਦਾ ਤੇ ਕੰਧ ਬਣ ਆਵਦੀ ਹਿੱਕ 'ਤੇ ਰੋਕ ਲੈਂਦਾ ਹੈ। ਜੇ ਹਿਮਾਲਿਆ ਨਾ ਹੁੰਦਾ ਤਾਂ ਪੰਜਾਬ ਇੱਕ ਠੰਡਾ ਰੇਗਿਸਤਾਨ ਹੋਣਾ ਸੀ, ਕੈਨੇਡਾ ਦੇ ਕੁਝ ਇਲਾਕਿਆਂ ਵਾਂਗ!

ਇਹ ਕੁਦਰਤੀ ਗੱਲ ਹੈ ਕਿ ਜਿੱਥੇ ਜ਼ਿੰਦਗੀ ਆਰਾਮਦਾਇਕ ਹੋਵੇਗੀ, ਲੋਕ ਉੱਧਰ ਵੱਲ ਨੂੰ ਹੀ ਰੁਖ ਕਰਨਗੇ। ਅਜਿਹੀਆਂ ਥਾਂਵਾਂ 'ਤੇ ਫਿਰ ਇਸ ਕਾਰਨ ਆਬਾਦੀ ਘਣਤਾ ਵੀ ਦੂਜੇ ਇਲਾਕਿਆਂ ਦੇ ਮੁਕਾਬਲੇ ਜ਼ਿਆਦਾ ਹੁੰਦੀ ਹੈ। ਜੰਗਲੀ ਜੀਵ ਚਾਹੇ ਸ਼ਿਕਾਰੀ ਹੋਣ ਜਾਂ ਸ਼ਿਕਾਰ, ਇਹ ਸਾਰੇ ਸੱਭਿਅਤਾ ਦੇ ਸ਼ੋਰ ਤੋਂ ਦੂਰ ਇਕਾਂਤ ਪਸੰਦ ਕਰਦੇ ਹਨ। ਪਹਿਲੇ ਜ਼ਮਾਨੇ 'ਚ ਹੁੰਦੇ ਹੋਣਗੇ, ਪਰ ਬਾਅਦ 'ਚ ਅੰਗਰੇਜ਼ਾਂ ਤੇ ਹਿੰਦੁਸਤਾਨੀ ਰਜਵਾੜਿਆਂ ਨੇ ਏਨਾ ਸ਼ਿਕਾਰ ਕੀਤਾ ਕਿ ਕੁਝ ਪ੍ਰਜਾਤੀਆਂ ਅਲੋਪ ਹੋ ਗਈਆਂ ਤੇ ਕੁਝ ਅਲੋਪ ਹੋਣ ਦੇ ਨੇੜੇ ਪਹੁੰਚ ਗਈਆਂ। ਵੀਹਵੀਂ ਸਦੀ ਦੌਰਾਨ ਹਿੰਦੁਸਤਾਨ 'ਚ ਕਰੀਬ 1,60,000 ਬਾਘ ਸਨ। ਇਨ੍ਹਾਂ ਦਾ ਏਨਾ ਸ਼ਿਕਾਰ ਕੀਤਾ ਗਿਆ ਕਿ 2006 'ਚ ਜੰਗਲੀ ਬਾਘਾਂ ਦੀ ਗਿਣਤੀ ਸਿਰਫ 1411 ਰਹਿ ਗਈ ਸੀ।

ਬ੍ਰਿਟਿਸ਼ ਬਾਦਸ਼ਾਹ ਜੌਰਜ ਪੰਜਵੇਂ ਦੀ ਤਾਜਪੋਸ਼ੀ ਇੰਡੀਆ 'ਚ ਹੋਈ ਸੀ ਤੇ ਉਸ ਇਕੱਲੇ ਦੇ ਸ਼ਿਕਾਰੀ ਦੌਰੇ 'ਤੇ 39 ਬਾਘ ਗੋਲੀ ਦਾ ਨਿਸ਼ਾਨਾ ਬਣੇ। ਫਿਰ ਸਰਕਾਰ ਦੀਆਂ ਅੱਖਾਂ ਖੁੱਲ੍ਹੀਆਂ ਤੇ ਬਾਘਾਂ ਦੀ ਸੰਭਾਲ ਲਈ ਚੁੱਕੇ ਗਏ ਕਦਮਾਂ ਕਾਰਨ ਅੱਜ ਇਹ ਗਿਣਤੀ ਤਿੰਨ ਹਜ਼ਾਰ ਤੋਂ ਉੱਪਰ ਹੋ ਚੁੱਕੀ ਹੈ। ਇਸੇ ਤਰ੍ਹਾਂ ਬੱਬਰ ਸ਼ੇਰਾਂ ਨਾਲ ਹੋਇਆ, ਐਨਾ ਸ਼ਿਕਾਰ ਕੀਤਾ ਗਿਆ ਕਿ ਇੱਕ ਸਮੇਂ ਸਾਰੇ ਹਿੰਦੁਸਤਾਨ 'ਚ ਸਿਰਫ ਦਸ ਬੱਬਰ ਸ਼ੇਰ ਬਚੇ ਸਨ। ਮੌਕਾ ਸਾਂਭ ਕੇ ਇਨ੍ਹਾਂ ਦੀ ਗਿਣਤੀ ਛੇ ਸੌ ਤੋਂ ਉੱਪਰ ਹੋ ਚੁੱਕੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਬਾਘ, ਤੇਂਦੂਆ, ਬੱਬਰ ਸ਼ੇਰ, ਰਿੱਛ, ਹਾਥੀ, ਹਿੱਪੋ ਵਰਗਾ ਕੋਈ ਵੀ ਸ਼ਿਕਾਰੀ ਜਾਨਵਰ ਮੌਜੂਦ ਨਹੀਂ ਹੈ। ਗੁਆਂਢੀ ਸੂਬੇ ਵਾਂਗ ਪੰਜਾਬ 'ਚ ਰਾਤ ਨੂੰ ਖੇਤ ਜਾਣਾ ਹੋਵੇ ਤਾਂ ਰਾਈਫਲ ਨਹੀਂ ਚੱਕਣੀ ਪੈਂਦੀ। ਹੋਰ ਤਾਂ ਹੋਰ ਇੱਥੇ ਤਾਂ ਜ਼ਹਿਰੀਲੇ ਸੱਪ ਵੀ ਗਿਣਤੀ ਦੇ ਹੀ ਰਹਿ ਗਏ ਹਨ।

ਪੰਜਾਬ ਨੇ ਨਾ ਤਾਂ ਕਦੇ ਵੱਡੇ ਭੂਚਾਲ ਦਾ ਸਾਹਮਣਾ ਕੀਤਾ ਹੈ ਤੇ ਨਾ ਹੀ ਕਦੇ ਚੱਕਰਵਰਤੀ ਤੂਫਾਨ ਦਾ। ਜਿਸ ਤਰ੍ਹਾਂ ਦਰਿਆਵਾਂ ਦੇ ਕੰਢੇ ਮਾਈਨਿੰਗ ਕਾਰਨ ਖੁਰ ਰਹੇ ਹਨ, ਉਹਦੇ ਨਾਲ ਹੜ੍ਹ ਦਾ ਖਤਰਾ ਤਾਂ ਬਣ ਜਾਂਦਾ ਹੈ, ਪਰ ਫਿਰ ਵੀ ਪੰਜਾਬ 'ਚ ਅੱਜ ਤੱਕ ਕਦੇ ਕੁਦਰਤੀ ਕਰੋਪੀ ਨਾਲ ਸੱਭਿਅਤਾ ਨੂੰ ਖਤਰਾ ਨਹੀਂ ਪਿਆ। ਪੰਜਾਬ ਨੂੰ ਬੱਸ ਇੱਕੋ ਗੱਲ ਤੋਂ ਖਤਰਾ ਹੁੰਦਾ ਕਾਲ ਪੈਣ ਤੋਂ, ਦਰਿਆਵਾਂ 'ਤੇ ਬੰਨ੍ਹ ਲਾ ਕੇ ਨਹਿਰਾਂ ਕੱਢ ਕੇ ਪਾਣੀ ਦੀ ਸਮੱਸਿਆ ਵੀ ਹੱਲ ਹੋ ਗਈ ਹੈ।

ਜਦੋਂ ਏਨੇ ਲਾਭ ਹਨ ਇਸ ਖਿੱਤੇ ਕੋਲ ਤਾਂ ਜਾਹਰ ਹੈ ਕਿ ਕੁਝ ਖਾਮੀਆਂ ਵੀ ਹੋਣਗੀਆਂ। ਪੰਜਾਬ ਦੀ ਭੂਗੋਲਿਕ ਸਥਿਤੀ ਦੋਸਤ ਦੇ ਨਾਲ ਨਾਲ ਦੁਸ਼ਮਣ ਵੀ ਬਣ ਬੈਠਦੀ ਹੈ, ਕਿਉਂਕਿ ਪੰਜਾਬ ਬਾਹਰੀ ਹਮਲਾਵਰਾਂ ਲਈ ਹਿੰਦੁਸਤਾਨ ਦਾ ਦਰਵਾਜ਼ਾ ਹੈ। ਹਿੰਦੁਸਤਾਨ ਨੂੰ ਅਕਸਰ ਹੀ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਤੇ ਇਸੇ ਸੋਨੇ ਦੀ ਖਿੱਚ ਈਰਾਨੀ, ਤੁਰਕ, ਮੁਗਲ, ਪਠਾਣ, ਤਾਤਾਰ ਤੇ ਅਰਬ ਵਰਗੀਆਂ ਕੌਮਾਂ ਨੂੰ ਹਿੰਦੁਸਤਾਨ ਦੇ ਰਾਹ ਤੋਰ ਲੈਂਦੀ ਸੀ। ਸੋਨੇ ਦੀ ਚਿੜੀ ਤੋਂ ਬਹੁਤ ਲੋਕਾਂ ਨੂੰ ਭੁਲੇਖਾ ਵੀ ਹੈ ਕਿ ਕਿਤੇ ਆਮ ਹਿੰਦੁਸਤਾਨੀਆਂ ਦੇ ਘਰੇ ਵੀ ਅੱਧਾ ਪੌਣਾ ਕਿੱਲੋ ਦੀ ਸੋਨੇ ਦੀ ਇੱਟ ਪਈ ਹੁੰਦੀ ਸੀ। ਆਮ ਬੰਦੇ ਦੇ ਮੋਢੇ 'ਤੇ ਤਾਂ ਸੱਜਣੋਂ ਉਹੀ ਕਹੀ ਤੇ ਉਹੀ ਕੁਹਾੜੀ ਹੁੰਦੀ ਸੀ। ਦਰਅਸਲ ਸੋਨਾ, ਚਾਂਦੀ, ਹੀਰੇ, ਜਵਾਹਰਾਤ ਤੇ ਹੋਰ ਕੀਮਤੀ ਪੱਥਰ ਤੇ ਨਗ ਵਗੈਰਾ ਹਿੰਦੂ ਮੰਦਰਾਂ 'ਚ ਹੁੰਦੇ ਸਨ, ਨੱਕੋ ਨੱਕ ਭਰੇ। ਆਵਦੀ ਨਿਯਮਤ ਫੌਜ ਦੇ ਨਾਲ ਨਾਲ ਇਹ ਧਾੜਵੀ ਜਿੱਥੋਂ ਵੀ ਲੰਘਦੇ, ਉੱਥੋਂ ਦੇ ਮਾਰਸ਼ਲ ਕਬੀਲਿਆਂ ਨੂੰ ਲੁੱਟਮਾਰ ਦੇ ਮਾਲ 'ਚੋਂ ਹਿੱਸਾ ਦੇਣ ਦੀ ਪੇਸ਼ਕਸ਼ ਕਰਕੇ ਕਿਰਾਏਦਾਰ ਦੇ ਰੂਪ 'ਚ ਭਰਤੀ ਕਰ ਲਿਆ ਜਾਂਦਾ ਸੀ। ਦਿੱਲੀ ਦਾ ਜਿੰਦਰਾ ਤੋੜ ਕੇ ਅੱਗੇ ਲੰਘਣ ਦਾ ਰਾਹ ਹੀ ਪੰਜਾਬ ਹੁੰਦਾ ਸੀ ਤੇ ਸਾਰਿਆਂ ਤੋਂ ਪਹਿਲਾਂ ਧਾੜਵੀਆਂ ਦੇ ਘੋੜਿਆਂ ਦੀ ਟਾਪ ਪੰਜਾਬੀਆਂ ਨੂੰ ਸੁਣਾਈ ਦਿੰਦੀ। ਜਿਵੇਂ ਲੋਕਾਂ ਦਾ ਸੋਚਣਾ ਕਿ ਆਮ ਹਿੰਦੁਸਤਾਨੀ ਦੀ ਦੌਲਤ ਕਰਕੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ, ਤਾਂ ਇਹ ਗਲਤ ਹੈ। ਜੇ ਕਿਤੇ ਵਾਕਈ ਲੋਕਾਂ ਕੋਲ ਕੁਝ ਸਰਮਾਇਆ ਹੁੰਦਾ ਤਾਂ ਫਿਰ ਹਿੰਦੁਸਤਾਨ ਸੋਨੇ ਦੀ ਚਿੜੀ ਨਹੀਂ, ਸਗੋਂ ਬਾਜ ਹੋਣਾ ਸੀ। ਫਿਰ ਤਾਂ ਇਹ ਲੋਕ ਉਸ ਦੌਲਤ ਨਾਲ ਖੁਦ ਲਈ ਚੰਗਾ ਘੋੜਾ, ਲੰਮੇ-ਛੋਟੇ ਤੇ ਦਰਮਿਆਨੀ ਰੇਂਜ ਦੇ ਹਥਿਆਰ ਅਤੇ ਬਸਤਰ ਵਗੈਰਾ ਖਰੀਦ ਲੈਂਦੇ। ਆਵਦੀਆਂ ਧੀਆਂ, ਭੈਣਾਂ, ਮਾਂਵਾਂ, ਬੇਟੀਆਂ ਚੁੱਕੇ ਜਾਣ ਕਰਕੇ ਸ਼ਰਮ ਨਾਲ ਮਰੇ ਬੈਠੇ ਇਹ ਲੋਕ ਦੋ ਹੱਥ ਕਰਕੇ ਪੂਰੇ ਮੁਕਾਬਲੇ ਨਾਲ ਮਰਨ ਨੂੰ ਤਰਜੀਹ ਦਿੰਦੇ।



DYNASTY HOME CARE

## ਮੁਫ਼ਤ ਦੇਖਭਾਲ ਸੇਵਾਵਾਂ

-ਪ੍ਰੋਗਰਾਮ IDoA (ਇਲੀਨਾਏ ਡਿਪਾਰਟਮੈਂਟ ਆਨ ਏਜਿੰਗ) ਦੁਆਰਾ ਫੰਡ ਕੀਤਾ ਗਿਆ, ਤੁਹਾਡੇ ਲਈ ਕੋਈ ਵੀ ਕੀਮਤ ਨਹੀਂ!

-ਸਾਡੇ ਪਰਿਵਾਰ ਤੋਂ ਤੁਹਾਡੇ ਲਈ ਵਧੀਆ ਨਿੱਜੀ ਦੇਖਭਾਲ

ਕਮਿਊਨਿਟੀ ਕੇਅਰ ਪ੍ਰੋਗਰਾਮ (ਸੀ.ਸੀ.ਪੀ.) ਬਜ਼ੁਰਗ ਬਾਲਗਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਕੇ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਉਨ੍ਹਾਂ ਨੂੰ ਨਰਸਿੰਗ ਹੋਮ ਵਿੱਚ ਜਾਣ ਤੋਂ ਰੋਕਦੀਆਂ ਹਨ।

### ਕੌਣ ਯੋਗ ਹੋ ਸਕਦਾ ਹੈ:

*60 ਸਾਲ ਜਾਂ ਇਸ ਤੋਂ ਵੱਧ ਉਮਰ ਦੇ
*ਇੱਕ ਕਾਨੂੰਨੀ ਸਥਾਈ ਨਿਵਾਸੀ ਜਾਂ ਯੂ.ਐਸ. ਨਾਗਰਿਕ
*ਇੱਕ ਨਿਰਧਾਰਤ ਰਕਮ ਤੋਂ ਘੱਟ ਮਹੀਨਾਵਾਰ ਆਮਦਨ ਅਤੇ ਸੰਪਤੀਆਂ
*ਸੀਮਤ ਸਰੀਰਕ ਗਤੀਵਿਧੀਆਂ

## ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ

ਰੋਜ਼ਾਨਾ ਦੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਹੋਮਮੇਕਰ ਤੁਹਾਡੇ ਘਰ ਆਵੇਗਾ, ਜਿਸ ਵਿੱਚ ਨਿੱਜੀ ਦੇਖਭਾਲ ਜਿਵੇਂ ਕਿ ਇਨ੍ਹਾਂ ਨਾਲ ਸਹਾਇਤਾ ਸ਼ਾਮਲ ਹੈ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ:
-ਭੋਜਨ ਤਿਆਰ ਕਰਨਾ
-ਇਸ਼ਨਾਨ
-ਘਰ ਦੇ ਛੋਟੇ-ਮੋਟੇ ਕੰਮ
-ਖਰੀਦਦਾਰੀ (ਚੱਲਦੇ ਕੰਮ)

ਦੇਖਭਾਲ ਕਰਨ ਵਾਲਿਆਂ ਨੂੰ ਕਿਵੇਂ ਭਰਤੀ ਕਰਨਾ
ਪ੍ਰਤੀਯੋਗੀ ਤਨਖਾਹ ਅਤੇ ਲਚਕਦਾਰ ਸਮਾਂ-ਸੂਚੀ

### ਅਰਜ਼ੀ ਕਿਵੇਂ ਦੇਣੀ ਹੈ?

ਸਾਨੂੰ ਹੁਣੇ ਕਾਲ ਕਰੋ 847-534-7500

Email: info@dynastyhomecareinc.com
www.dynastyhomecareinc.com

1401 E. Oakton St, Suite# 14
Des Plaines, IL 60018

## ਪੇਸ਼ ਸੇਵਾਵਾਂ

-ਮੈਡੀਕੇਡ ਤੇ ਮੈਡੀਕੇਅਰ / QMB ਬੀਮਾ
-ਲਿੰਕ ਕਾਰਡ ਅਤੇ ਸਨੈਪ
-ਬਜ਼ੁਰਗਾਂ ਲਈ ਮੁਫ਼ਤ ਫ਼ੋਨ

*CEDA/LIHEAP/ਊਰਜਾ ਸਹਾਇਤਾ ਪ੍ਰੋਗਰਾਮ
*SSA ਅਤੇ SSI
*ਹੈਲਥ ਕੇਅਰ ਮਾਰਕੀਟ ਪਲੇਸ/ਏਸੀਏ ਓਬਾਮਾ ਕੇਅਰ ਵਜੋਂ ਜਾਣਿਆ ਜਾਂਦਾ ਹੈ
*ਦੰਦ ਅਤੇ ਨਜ਼ਰ
*OCI ਕਾਰਡ
*ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਹਾਇਤਾ
*ਹੋਰ ਵੀ ਸੇਵਾਵਾਂ ਪ੍ਰਦਾਨ ਕਰਦੇ ਹਾਂ

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰਕ ਮੈਂਬਰ ਨੂੰ ਸਮਾਜਿਕ ਸੇਵਾਵਾਂ ਦੇ ਲਾਭਾਂ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲ ਕਰੋ,
ਚਿਰਾਗ ਸ਼ਾਹ
ਫੋਨ: 847-372-5423

*ਸਾਡੇ ਕੋਆਰਡੀਨੇਟਰ ਬਹੁਤ ਸਾਰੀਆਂ ਸੰਘੀ, ਰਾਜ ਅਤੇ ਸਥਾਨਕ ਸਰਕਾਰੀ ਸਹਾਇਤਾ ਏਜੰਸੀਆਂ ਅਤੇ ਲਾਭਾਂ ਲਈ ਕਮਿਊਨਿਟੀ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨਗੇ, ਜੋ ਤੁਹਾਡੇ ਬੀਮੇ ਅਤੇ ਲਾਭ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

# AVANTE'

## BANQUETS & CONFERENCE CENTER






## CATERED WEDDING PACKAGE

*INCLUDES THE FOLLOWING:*

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

**Late Night Eats Packages**

**1050 Northwest Hwy,
Fox River Grove, IL 60021**

**(847) 287-1006**

Office@AvanteBanquets.com
www.AvanteBanquets.com